ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 30 | 02 August to 08 August 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਸਿਆਸੀ ਬਾਜ਼ੀਗਰਾਂ ਦਾ ਹਾਸਾ, ਜਮਹੂਰੀਅਤ ਦਾ ਤਮਾਸ਼ਾ

- ਬਿਹਾਰ 'ਚ ਨਿਤੀਸ਼ ਕੁਮਾਰ ਨੇ ਲਾਲੂ ਪਰਿਵਾਰ ਦੇ 'ਭ੍ਰਿਸ਼ਟਾਚਾਰ' ਤੋਂ 'ਦੁਖੀ' ਹੋ ਕੇ ਭਾਜਪਾ ਨਾਲ ਹੱਥ ਮਿਲਾਏ
- ਨਿਤੀਸ਼ ਕੁਮਾਰ ਦੀ ਨਵੀਂ ਕੈਬਨਿਟ ਦੇ 29 'ਚੋਂ 22 ਮੰਤਰੀ ਭਾਵ 76% ਮੰਤਰੀਆਂ 'ਤੇ ਅਪਰਾਧਿਕ ਮਾਮਲੇ
- ਗੁਜਰਾਤ 'ਚ 'ਤਾਕਤ' ਬਚਾਈ ਰੱਖਣ ਲਈ ਕਾਂਗਰਸ ਨੇ ਆਪਣੇ 42 ਵਿਧਾਇਕਾਂ ਨੂੰ ਰਿਜ਼ਾਰਟ 'ਚ 'ਬੰਦੀ' ਬਣਾਇਆ



**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤ ਦੇ ਦੋ ਅਹਿਮ ਸੂਬੇ ਬਿਹਾਰ ਤੇ ਗੁਜਰਾਤ ਇਨ੍ਹੀਂ ਦਿਨੀਂ ਸਿਆਸੀ ਅਖਾੜਿਆਂ ਦੀ 'ਰੌਣਕ' ਬਣੇ ਹੋਏ ਹਨ। ਸਿਆਸੀ ਬਾਜ਼ੀਗਰਾਂ ਦੀਆਂ ਕਲਾਬਾਜ਼ੀਆਂ ਨੇ ਜਮਹੂਰੀਅਤ ਦਾ ਤਮਾਸ਼ਾ ਬਣਾ ਧਰਿਆ ਹੈ। ਬਿਹਾਰ ਵਿਚ ਜਿੱਥੇ ਮਹਾਂਗਠਜੋੜ ਤੋਂ ਵੱਖ ਹੋ ਕੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਭਾਜਪਾ ਨਾਲ ਜੱਫੀ ਪਾ ਲਈ ਤੇ ਮੁੜ ਸੂਬੇ ਦੇ ਮੁੱਖ ਮੰਤਰੀ ਬਣ ਗਏ ਹਨ, ਤਾਂ ਗੁਜਰਾਤ ਵਿਚ ਰਾਜ ਸਭਾ ਚੋਣਾਂ ਦੀ ਵੋਟਿੰਗ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਸਿਆਸੀ ਸਲਾਹਕਾਰ ਅਹਿਮਦ ਪਟੇਲ ਨੂੰ ਜਿੱਤ ਦਿਵਾਉਣ ਲਈ ਬੰਗਲੁਰੂ ਵਿਚ ਮੀਡੀਆ ਸਾਹਮਣੇ 42 ਵਿਧਾਇਕਾਂ ਦੀ ਪਰੇਡ ਮਗਰੋਂ ਵੀ ਕਾਂਗਰਸ ਪਾਰਟੀ ਦੀ ਸਥਿਤੀ ਡਿਕ-ਡੋਲੇ ਖਾ ਰਹੀ ਹੈ। ਇਹ ਪਹਿਲੀ ਵਾਰ ਹੈ ਜਦੋਂ ਸ਼ੰਕਰ ਸਿੰਘ ਵਘੇਲਾ ਦੇ ਪਾਰਟੀ ਤੋਂ ਵੱਖ ਹੋਣ ਮਗਰੋਂ ਭਾਜਪਾ ਦਾ ਮੁਕਾਬਲਾ ਕਰਨ ਲਈ ਕਾਂਗਰਸ ਠੋਸ ਤਾਕਤ ਨਾਲ ਸਾਹਮਣੇ ਆਈ ਹੈ। ਵਘੇਲਾ ਦੇ ਪਾਰਟੀ ਛੱਡਣ ਤੋਂ ਤੁਰੰਤ ਬਾਅਦ ਹੀ ਕਾਂਗਰਸ ਦੇ 6 ਹੋਰ ਵਿਧਾਇਕਾਂ ਨੇ ਵੀ ਅਸਤੀਫਾ ਸੌਂਪ ਦਿੱਤੇ। ਪਾਰਟੀ ਨੂੰ ਹੋਰ ਟੁੱਟ ਤੋਂ ਬਚਾਉਣ ਲਈ 40 ਵਿਧਾਇਕਾਂ ਨੂੰ ਜਹਾਜ਼ ਰਾਹੀਂ ਬੰਗਲੁਰੂ ਭੇਜ ਦਿੱਤਾ ਗਿਆ ਹੈ। ਜਿੱਥੇ ਉਨ੍ਹਾਂ ਨੂੰ ਇਕ ਰਿਜ਼ਾਰਟ ਵਿਚ ਰਾਜ ਸਭਾ ਚੋਣ ਤੋਂ ਪਹਿਲਾਂ ਤਕ ਰੱਖਿਆ ਜਾਵੇਗਾ। ਉਧਰ ਕਰਨਾਟਕ ਦੇ ਉਰਜਾ ਮੰਤਰੀ ਡੀ.ਕੇ. ਸ਼ਿਵਕੁਮਰ ਦੇ ਘਰ ਅਤੇ ਉਨ੍ਹਾਂ ਦੇ ਇਸੇ ਰਿਜ਼ਾਰਟ 'ਤੇ ਆਮਦਨ ਕਰ ਵਿਭਾਗ ਨੇ ਬੁੱਧਵਾਰ ਸਵੇਰੇ ਛਾਪੇ ਮਾਰੇ।

ਬਾਕੀ ਸਫ਼ਾ 33 'ਤੇ

## ਕੈਲੀਫੋਰਨੀਆ ਵਿਚ ਸਿੱਖ ਭਾਈਚਾਰੇ ਲਈ 2 ਮੰਦਭਾਗੀਆਂ ਘਟਨਾਵਾਂ ਵਾਪਰੀਆਂ

### *ਫਰਿਜ਼ਨੋ 'ਚ ਲਾਪਤਾ ਬਜ਼ੁਰਗ ਸੁਬੇਗ ਸਿੰਘ ਦੀ ਲਾਸ਼ ਨਹਿਰ 'ਚੋਂ ਮਿਲੀ, ਸੈਕਰਾਮੈਂਟੋ 'ਚ ਨੌਜਵਾਨ ਸਿਮਰਨਜੀਤ ਸਿੰਘ ਭੰਗੂ ਦੀ ਗੋਲੀ ਮਾਰ ਕੇ ਹੱਤਿਆ*

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਕੈਲੀਫੋਰਨੀਆ ਦੇ ਫਰਿਜ਼ਨੋ ਤੇ ਸੈਕਰਾਮੈਂਟੋ ਵਿਚ ਸਿੱਖ ਭਾਈਚਾਰੇ ਲਈ 2 ਦੁਖਦਾਈ ਘਟਨਾਵਾਂ ਵਾਪਰੀਆਂ ਹਨ।





ਫਰਿਜ਼ਨੋ ਕਾਉਂਟੀ ਵਿਚ ਬਜ਼ੁਰਗ ਸੁਬੇਗ ਸਿੰਘ ਦੀ ਨਹਿਰ ਵਿਚੋਂ ਲਾਸ਼ ਮਿਲੀ ਹੈ ਤੇ ਸੈਕਰਾਮੈਂਟੋ ਵਿਚ ਨੌਜਵਾਨ ਸਿਮਰਨਜੀਤ ਸਿੰਘ ਭੰਗੂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ 68 ਸਾਲਾ ਸੁਬੇਗ ਸਿੰਘ 23 ਜੂਨ ਦੀ ਸਵੇਰ ਨੂੰ ਲਾਪਤਾ ਹੋ ਗਏ ਸਨ, ਜਿਸ ਤੋਂ ਬਾਅਦ ਉਨ੍ਹਾਂ ਦੀ ਮ੍ਰਿਤਕ ਦੇਹ ਨਹਿਰ ਵਿਚੋਂ ਮਿਲੀ ਹੈ। ਉਨ੍ਹਾਂ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਹਨ, ਜਿਸ ਤੋਂ ਇਹ ਕਤਲ ਦਾ ਮਾਮਲਾ ਜਾਪਦਾ ਹੈ। ਸੁਬੇਗ ਫਰਿਜ਼ਨੋ ਦੇ ਰਹਿਣ ਵਾਲੇ ਸਨ ਅਤੇ ਉਹ ਕਿੰਗਜ਼ ਕੈਨੀਅਨ ਅਤੇ ਆਰਮਸਟਰੌਂਗ ਸਟਰੀਟ

ਬਾਕੀ ਸਫ਼ਾ 33 'ਤੇ

## ਜਲਵਾਯੂ ਦੀ ਤਬਦੀਲੀ ਭਾਰਤ 'ਚ ਲੈ ਰਹੀ ਹੈ ਕਿਸਾਨਾਂ ਦੀ ਜਾਨ

**ਲਾਸ ਏਂਜਲਸ/ਬਿਊਰੋ ਨਿਊਜ਼:** ਜਲਵਾਯੂ ਤਬਦੀਲੀ ਕਾਰਨ ਪਿਛਲੇ 30 ਸਾਲਾਂ ਵਿੱਚ ਭਾਰਤ 'ਚ 59 ਹਜ਼ਾਰ ਤੋਂ ਵੱਧ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਇਹ ਖ਼ੁਲਾਸਾ ਇਕ ਖੋਜ 'ਚ ਕੀਤਾ ਗਿਆ ਹੈ, ਜਿਸ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਆਲਮੀ ਤਪਸ਼ ਵਧਣ ਕਾਰਨ ਮੁਲਕ ਵਿੱਚ ਖ਼ੁਦਕੁਸ਼ੀਆਂ ਦੀ ਗਿਣਤੀ ਵੱਡੇ ਪੱਧਰ ਉਤੇ ਵਧੇਗੀ। ਅਮਰੀਕਾ ਦੀ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਦੇ ਖੋਜਕਾਰਾਂ ਨੇ ਕਿਹਾ ਕਿ ਫ਼ਸਲਾਂ ਮਾਰੇ ਜਾਣ ਕਾਰਨ ਕਿਸਾਨ ਗ਼ੁਰਬਤ ਵਿੱਚ ਘਿਰ ਗਏ ਹਨ, ਜੋ ਖ਼ੁਦਕੁਸ਼ੀਆਂ ਦੀ ਮੁੱਖ ਦੋਸ਼ੀ ਹੈ। ਖੋਜਕਾਰਾਂ ਮੁਤਾਬਕ ਫ਼ਸਲ ਦੇ ਵਧਣ-ਫੁੱਲਣ ਦੇ ਸੀਜ਼ਨ ਦੌਰਾਨ ਜੇਕਰ ਤਾਪਮਾਨ ਵਿੱਚ ਮਹਿਜ਼ ਇਕ ਡਿਗਰੀ ਦਾ ਵਾਧਾ ਵੀ ਹੁੰਦਾ ਹੈ ਤਾਂ ਇਹ ਦੇਸ਼ ਭਰ ਵਿੱਚ ਅੰਦਾਜ਼ਨ 65 ਖ਼ੁਦਕੁਸ਼ੀਆਂ ਦਾ ਕਾਰਨ ਬਣਦਾ ਹੈ। ਇਕ ਦਿਨ ਵਿੱਚ ਪੰਜ ਡਿਗਰੀ ਤਾਪਮਾਨ ਵਧਣ ਨਾਲ ਇਹ ਅਸਰ ਪੰਜ ਗੁਣਾ ਹੁੰਦਾ ਹੈ। ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਖੋਜਕਾਰ ਟੈਮਾ ਕਾਰਲਟਨ ਨੇ ਦੱਸਿਆ, ਇਸ ਤਰ੍ਹਾਂ ਦੇ ਹਾਲਾਤ ਦਾ ਸਾਹਮਣੇ ਕਰ ਰਹੇ ਹਜ਼ਾਰਾਂ ਲੋਕਾਂ ਨੂੰ

ਬਾਕੀ ਸ.ਫਾ 15 'ਤੇ

# ਕਾਂਗਰਸੀਆਂ ਤੇ ਅਕਾਲੀਆਂ ਵਿਚਾਲੇ ਰਾਜਸੀ ਦੰਗਲ ਭੱਖਣ ਲੱਗਾ

## ਅਕਾਲੀਆਂ ਵਲੋਂ ਖੁੱਸੀ ਚੌਧਰ ਦੀ ਬਹਾਲੀ ਲਈ 'ਜਬਰ ਵਿਰੋਧੀ ਲਹਿਰ' ਸ਼ੁਰੂ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੀਆਂ ਦੋ ਮੁੱਖ ਸਿਆਸੀ ਪਾਰਟੀਆਂ ਪੰਜਾਬ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚਾਲੇ ਇਸ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਹੋਏ ਸਿਰ ਧੜ ਦੀ ਬਾਜ਼ੀ ਵਾਲੇ ਰਾਜਸੀ ਯੁੱਧ ਬਾਅਦ ਦੋਵਾਂ ਸਿਆਸੀ ਸੌਂਕਣਾਂ ਵਿਚਲੇ ਲੜਾਈ ਫਿਰ ਭਖ਼ਦੀ ਨਜ਼ਰ ਆ ਰਹੀ ਹੈ। ਲਗਾਤਾਰ 10 ਸਾਲ ਪੰਜਾਬ ਉੱਤੇ ਰਾਜ ਕਰਨ ਬਾਅਦ ਚੋਣਾਂ 'ਚ ਕਾਂਗਰਸ ਹੱਥੋਂ ਭੁਰੀ ਤਰ੍ਹਾਂ ਚਿੱਣ ਹੋਣ ਵਾਲੇ ਅਕਾਲੀ ਦਲ ਦੇ ਆਗੂਆਂ ਦੇ ਬਿਆਨ ਤੇ ਸਰਗਰਮੀਆਂ ਦਾ ਨਿਸ਼ਾਨਾ ਭਾਵੇਂ ਕਹਿਣ ਨੂੰ ਤਾਂ ਪੰਜਾਬ ਦੇ ਲੋਕਾਂ ਦੀ ਚਾਰ ਮਹੀਨੇ ਪੁਰਾਣੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੀਆਂ ਲੋਕ ਵਿਰੋਧੀ ਕਾਰਵਾਈਆਂ ਨੂੰ

**ਅਧਿਕਾਰੀਆਂ ਨੂੰ ਧਮਕੀਆਂ ਦੇਣ ਵਿਰੁੱਧ ਕੈਪਟਨ ਦੀ ਸੁਖਬੀਰ ਨੂੰ ਤਾੜਨਾ**





ਵਿੱਚ ਸਖ਼ਤ ਕਾਰਵਾਈ ਕਰੇਗੀ। ਮੁੱਖ ਮੰਤਰੀ ਨੇ ਪੁਲੀਸ ਤੇ ਪ੍ਰਸ਼ਾਸਨ ਨੂੰ ਬਿਨਾਂ ਭੈਅ ਤੋਂ ਕੰਮਕਾਜ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਜਾਇਜ਼ ਕਾਰਵਾਈਆਂ ਅਤੇ ਫ਼ੈਸਲਿਆਂ ਸਬੰਧੀ ਪੂਰੀ ਹਮਾਇਤ ਦਾ ਭਰੋਸਾ ਦਿੱਤਾ।

ਬਾਕੀ ਸਫ਼ਾ 30 'ਤੇ

## ਓਬਾਮਾਕੇਅਰ : ਟਰੰਪ ਵਲੋਂ ਬੀਮਾ ਭੁਗਤਾਨ ਬੰਦ ਕਰਨ ਦੀ ਧਮਕੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਓਬਾਮਾਕੇਅਰ ਖਤਮ ਕਰਨ ਦੀ ਕੋਸ਼ਿਸ਼ ਇੱਕ ਵਾਰ ਫਿਰ ਨਾਕਾਮ ਹੋਣ ਉੱਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦਾ ਗੁੱਸਾ ਭੜਕ ਗਿਆ ਹੈ। ਉਨ੍ਹਾਂ ਨੇ ਟਵੀਟ ਕਰਕੇ ਧਮਕੀ ਦਿੱਤੀ ਹੈ ਕਿ ਜੇਕਰ ਕਾਂਗਰਸ ਨੇ ਨਵਾਂ ਹੈਲਥਕੇਅਰ ਬਿੱਲ ਪਾਸ ਨਹੀਂ ਕੀਤਾ ਤਾਂ ਸਰਕਾਰ ਵੱਲੋਂ ਕੀਤਾ ਜਾਣ ਵਾਲਾ ਬੀਮਾ ਭੁਗਤਾਨ ਬੰਦ ਕਰ ਦਿੱਤਾ ਜਾਵੇਗਾ। ਟਰੰਪ ਨੇ ਲਿਖਿਆ, 'ਜੇਕਰ ਨਵੇਂ ਹੈਲਥਕੇਅਰ ਬਿੱਲ ਨੂੰ ਤੁਰੰਤ ਮਨਜ਼ੂਰੀ ਨਹੀਂ ਦਿੱਤੀ ਗਈ ਤਾਂ ਬੀਮਾ ਕੰਪਨੀਆਂ ਅਤੇ ਕਾਂਗਰਸ ਮੈਂਬਰਾਂ ਲਈ ਬੇਲਆਉਟ ਜਲਦ ਹੀ ਖਤਮ ਹੋ ਜਾਣਗੇ। ਟਰੰਪ ਦਾ ਇਹ ਟਵੀਟ ਉਦੋਂ ਆਇਆ, ਜਦੋਂ ਸ਼ੁੱਕਰਵਾਰ ਨੂੰ ਰਿਪਬਲਿਕਨ ਸੇਨੇਟਰਸ ਓਬਾਮਾਕੇਅਰ ਖਤਮ ਕਰਨ ਦਾ ਪ੍ਰਸਤਾਵ ਪਾਸ ਨਹੀਂ ਕਰਾ ਸਕੇ। ਟਰੰਪ ਨੇ ਆਪਣੇ ਟਵੀਟ ਵਿੱਚ ਦੋ ਧਮਕੀਆਂ ਦਿੱਤੀਆਂ। ਪਹਿਲੀ ਇਸ ਵਿਚ

ਬਾਕੀ ਸਫ਼ਾ 15 'ਤੇ

For Advertisements in Quomantry Amritsar Times Please Call :
Jai Singh
510-677-2777












# USA MOVIE LISTING

## THEATERS FOR WEEK OF AUGUST 4TH

| | | |
|---|---|---|
| **Westgate 20** | **Glendale** | **AZ** |
| **Sierra Vista Cinemas** | **Clovis** | **CA** |
| **Cine Grand Fremont 7** | **Fremont** | **CA** |
| **Manchester Mall 16** | **Fresno** | **CA** |
| **Serra Theatres** | **Milpitas** | **CA** |
| **Brenden 18** | **Modesto** | **CA** |
| **Ontario Mills 30** | **Ontario** | **CA** |
| **Roxy Stadium 14** | **Santa Rosa** | **CA** |
| **Movies 14** | **Tracy** | **CA** |
| **Union City 25 + XD** | **Union City** | **CA** |
| **Greenwood 8** | **Indianapolis** | **IN** |
| **Grandview 17** | **Madison** | **MS** |
| **Burlington Stadium 20** | **Burlington** | **NJ** |
| **BIG Cinemas Movie City 8** | **Edison** | **NJ** |
| **Commerce Center Stadium 18** | **North Brunswick** | **NJ** |
| **Village Square Stadium 18** | **Las Vegas** | **NV** |
| **Funasia Richardson** | **Richardson** | **TX** |
| **Countryside Stadium 20** | **Sterling** | **VA** |




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


NOW OPEN IN MODESTO/CERES
PANNU'S
LEGAL SERVICES (Regd. & Bonded)
G.S. Pannu
Immigration Consultant-LDA
510.677.5200
IMMIGRATION
ivisapass@gmail.com
• Family Petitions (Husband, Wife, Brother, Sister, Mother, Father, Son, Daughter)
• Green Card
• Citizenship
• Affidavit of Support
• Political Asylum
• Visas From India
• Tourist • Business • H1B
• Student • Relegious
... & related matters
Family Petitions
FREE
DIVORCE
• Petitions
• Child Support
• Child Visitation
• Child Custody
• Modification
...& related matters
RADIO GAL PUNJAB DI USA
ਰੇਡੀਓ
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com
POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation
FREMONT
40757 GRIMMER BLVD, CA 94538
MODESTO/CERES
3810 EAU CLAIRE AVE, CA 95307


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

# ਖਾਲੜਾ ਮਿਸ਼ਨ ਨੇ ਵਿਦੇਸ਼ੀ ਸਿੱਖਾਂ ਵਲੋਂ ਸਿੱਖ ਨਸਲਕੁਸ਼ੀ ਦੀ ਜਾਂਚ ਵਾਸਤੇ ਵਿੱਢੀ ਮੁਹਿੰਮ ਦੀ ਕੀਤੀ ਸ਼ਲਾਘਾ



**ਤਰਨ ਤਾਰਨ/ ਸਿੱਖ ਸਿਆਸਤ ਬਿਊਰੋ:** ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦਾ ਕਹਿਣਾ ਹੈ ਕਿ ਵਿਦੇਸ਼ੀ ਸਿੱਖਾਂ ਵਲੋਂ ਸਿੱਖ ਨਸਲਕੁਸ਼ੀ ਦੀ ਜਾਂਚ ਦੀ ਅਵਾਜ਼ ਚੁੱਕਣੀ ਸ਼ਲਾਘਾਯੋਗ ਕਾਰਵਾਈ ਹੈ ਤੇ ਹਰ ਸਿੱਖ ਨੂੰ ਇਸ ਸਬੰਧ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ। ਇਹ ਗੱਲ ਜਥੇਬੰਦੀ ਦੇ ਸੀਨੀਅਰ ਆਗੂਆਂ ਨੇ ਪੰਜਾਬ 'ਚ ਪਿਛਲੇ ਵਰ੍ਹਿਆਂ ਦੌਰਾਨ ਪੁਲੀਸ ਮੁਕਾਬਲੇ 'ਚ ਮਾਰੇ ਗਏ ਨੌਜਵਾਨਾਂ ਦੀ ਯਾਦ 'ਚ ਚਮਨ ਲਾਲ ਦੇ ਪਰਿਵਾਰ ਅਤੇ ਹੋਰਨਾਂ ਪਰਿਵਾਰਾਂ ਵੱਲੋਂ ਕਰਵਾਏ ਸਮਾਗਮ ਮੌਕੇ ਕਹੇ। ਇਸ ਸਮਾਗਮ 'ਚ ਗੁਲਸ਼ਨ ਕੁਮਾਰ ਸਮੇਤ ਹਜ਼ਾਰਾਂ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਨੌਜਵਾਨਾਂ ਨੂੰ ਸ਼ਰਧਾਜਲੀ ਭੇਂਟ ਕੀਤੀ ਗਈ ਅਤੇ ਉਨ੍ਹਾਂ ਦੀ ਯਾਦ ਵਿੱਚ ਗੁਰੂ ਕਾ ਲੰਗਰ ਲਾਇਆ ਗਿਆ। ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਬੁਲਾਰੇ ਸਤਵਿੰਦਰ ਸਿੰਘ ਪਲਾਸੌਰ, ਪ੍ਰਧਾਨ ਹਰਮਨਦੀਪ ਸਿੰਘ, ਮੀਤ

ਬਾਕੀ ਸਫ਼ਾ 33 'ਤੇ

# ਭਾਈ ਦਲਜੀਤ ਸਿੰਘ ਬਿੱਟੂ ਤੇ ਜਸਵੰਤ ਸਿੰਘ ਅਜ਼ਾਦ ਜਲੰਧਰ ਦੇ ਯੂ.ਏ.ਪੀ.ਏ. ਕੇਸ ਵਿਚੋਂ ਬਰੀ

**ਜਲੰਧਰ/ ਸਿੱਖ ਸਿਆਸਤ ਬਿਊਰੋ:** ਜਲੰਧਰ ਦੀ ਇਕ ਅਦਾਲਤ ਨੇ 26 ਜੁਲਾਈ ਵੀਰਵਾਰ ਨੂੰ ਦਿੱਤੇ ਅਪਣੇ ਫੈਸਲੇ ਵਿੱਚ ਸਿੱਖ ਆਗੂ ਭਾਈ ਦਲਜੀਤ ਸਿੰਘ ਬਿੱਟੂ ਅਤੇ ਬਰਤਾਨੀਆ ਦੇ ਨਾਗਰਿਕ ਜਸਵੰਤ ਸਿੰਘ ਅਜ਼ਾਦ ਨੂੰ 2012 ਦੇ ਇਕ ਕੇਸ ਵਿਚੋਂ ਬਰੀ ਕਰ ਦਿੱਤਾ। ਪੰਜਾਬ ਪੁਲਿਸ ਨੇ ਇਹ ਕੇਸ ਭਾਈ ਬਿੱਟੂ ਅਤੇ ਜਸਵੰਤ ਸਿੰਘ ਅਜ਼ਾਦ ਦੇ ਖਿਲਾਫ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀਆਂ ਧਾਰਾਵਾਂ ਤਹਿਤ ਦਰਜ ਕੀਤਾ ਸੀ। ਭਾਈ ਦਲਜੀਤ ਸਿੰਘ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਸਿੱਖ ਸਿਆਸਤ ਨਿਊਜ਼ ਨੂੰ ਦੱਸਿਆ ਪਹਿਲਾਂ ਇਹ ਕੇਸ ਬਰਤਾਨਵੀ ਨਾਗਰਿਕ ਜਸਵੰਤ ਸਿੰਘ ਅਜ਼ਾਦ ਦੇ ਖਿਲਾਫ ਐਫ.ਆਈ.ਆਰ. 216/2012 ਤਹਿਤ ਦਰਜ ਕੀਤਾ ਸੀ। ਇਸ ਵਿਚ ਪੰਜਾਬ ਪੁਲਿਸ ਨੇ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀਆਂ ਧਾਰਾਵਾਂ 10, 13, 17, 18ਬੀ, 20, 38, 39 ਅਤੇ 40 ਲਾਈਆਂ ਸਨ। ਬਾਅਦ ਵਿਚ ਇਸ ਕੇਸ ਵਿਚ ਭਾਈ ਦਲਜੀਤ ਸਿੰਘ ਦਾ ਨਾਂ ਵੀ ਜੋੜ ਦਿੱਤਾ ਗਿਆ।

ਐਡਵੋਕੇਟ ਮੰਝਪੁਰ ਨੇ ਦੱਸਿਆ ਕਿ ਅਦਾਲਤ ਨੇ ਭਾਈ ਦਲਜੀਤ ਸਿੰਘ ਅਤੇ ਜਸਵੰਤ ਸਿੰਘ ਅਜ਼ਾਦ ਦੇ ਖਿਲਾਫ ਕੋਈ ਸਬੂਤ ਨਹੀਂ ਪਾਇਆ। ਉਨ੍ਹਾਂ ਕਿਹਾ ਕਿ ਇਹ ਮਾਮਲਾ ਰਾਜਨੀਤੀ ਤੋਂ ਪ੍ਰੇਰਿਤ ਸੀ ਅਤੇ ਇਸ ਵਿਚ ਸਚਾਈ ਨਹੀਂ ਸੀ ਨਾ ਹੀ ਇਸਦਾ ਕੋਈ ਕਾਨੂੰਨੀ ਆਧਾਰ ਸੀ। ਵਕੀਲ ਮੰਝਪੁਰ ਨੇ ਕਿਹਾ, "ਗ਼ੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ, ਜੋ ਕਿ 2008 ਅਤੇ 2012 ਦੀਆਂ ਸੋਧਾਂ ਤੋਂ ਬਾਅਦ ਬਦਨਾਮ ਟਾਡਾ ਅਤੇ ਪੋਟਾ ਦਾ ਹੀ ਦੂਜਾ ਰੂਪ ਹੈ। ਸਰਕਾਰਾਂ ਅਤੇ ਪੁਲਿਸ ਵਲੋਂ ਵੱਖਰੇ ਵਿਚਾਰ ਰੱਖਣ ਵਾਲੇ ਲੋਕਾਂ ਦੀ ਅਵਾਜ਼ ਨੂੰ ਦਬਾਉਣ ਲਈ ਇਸਦਾ ਵੱਡੇ ਪੱਧਰ 'ਤੇ



ਭਾਈ ਦਲਜੀਤ ਸਿੰਘ (ਵਿਚਕਾਰ) ਅਤੇ ਉਨ੍ਹਾਂ ਦੇ ਵਕੀਲ ਜਸਪਾਲ ਸਿੰਘ ਮੰਝਪੁਰ (ਸੱਜੇ)

ਇਸਤੇਮਾਲ ਕੀਤਾ ਜਾ ਰਿਹਾ ਹੈ।"

ਉਨ੍ਹਾਂ ਕਿਹਾ ਕਿ ਲੁਧਿਆਣਾ ਵਿਚ ਵੀ ਭਾਈ ਦਲਜੀਤ ਸਿੰਘ ਅਤੇ ਜਸਵੰਤ ਸਿੰਘ ਅਜ਼ਾਦ ਦੇ ਖਿਲਾਫ ਅਜਿਹਾ ਹੀ ਇਕ ਮੁਕੱਦਮਾ ਗ਼ੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਦਰਜ ਕੀਤਾ ਗਿਆ ਸੀ ਜੋ ਕਿ ਮਈ 2016 'ਚ ਲੁਧਿਆਣਾ ਦੀ ਅਦਾਲਤ ਵਲੋਂ ਬਰੀ ਕਰ ਦਿੱਤਾ ਗਿਆ ਸੀ।

ਵਰਨਣਯੋਗ ਹੈ ਕਿ ਭਾਈ ਦਲਜੀਤ ਸਿੰਘ ਉੱਤੇ ਚਲਦੇ ਕੇਸਾਂ ਵਿਚੋਂ ਇਹ ਆਖਰੀ ਕੇਸ ਸੀ। ਹੁਣ ਤਕ ਭਾਈ ਦਲਜੀਤ ਸਿੰਘ 'ਤੇ 33 ਮੁਕੱਦਮੇ ਦਰਜ ਹੋਏ ਸਨ।

# ਬਰਤਾਨਵੀ ਸਿੱਖ ਜਥੇਬੰਦੀਆਂ ਵਲੋਂ ਆਜ਼ਾਦੀ ਦਿਹਾੜੇ ਮੌਕੇ ਭਾਰਤੀ ਹਾਈ ਕਮਿਸ਼ਨਰ ਦੇ ਦਫ਼ਤਰ ਮੂਹਰੇ ਰੋਸ ਮੁਜ਼ਾਹਰਾ

## ਭਾਈ ਜਗਤਾਰ ਸਿੰਘ ਹਵਾਰਾ ਦੀ ਵਿਗੜ ਰਹੀ ਸਿਹਤ 'ਤੇ ਚਿੰਤਾ ਪ੍ਰਗਟਾਈ

**ਲੰਡਨ/ਬਿਊਰੋ ਨਿਊਜ਼ :**

ਯੂਨਾਈਟਿਡ ਖਾਲਸਾ ਦਲ ਯੂ. ਕੇ. ਦੇ ਪ੍ਰਧਾਨ ਸ. ਨਿਰਮਲ ਸਿੰਘ ਸੰਧੂ, ਜਨਰਲ ਸਕੱਤਰ ਸ. ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਸ. ਸੁਖਵਿੰਦਰ ਸਿੰਘ ਖਾਲਸਾ ਨੇ ਜਾਰੀ ਪ੍ਰੈੱਸ ਰਿਲੀਜ਼ ਵਿੱਚ ਦੱਸਿਆ ਕਿ 15 ਅਗਸਤ ਮੰਗਲਵਾਰ ਨੂੰ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨਰ (ਭਾਰਤੀ ਅੰਬੈਸੀ) ਦੇ ਦਫ਼ਤਰ ਮੂਹਰੇ ਕੌਂਸਲ ਆਫ ਖਾਲਿਸਤਾਨ ਸਮੇਤ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਬਰਤਾਨਵੀ ਸਿੱਖ ਜਥੇਬੰਦੀਆਂ ਵਲੋਂ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਮੁਜ਼ਾਹਰੇ ਦੌਰਾਨ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਦੀ ਆਵਾਜ਼ ਬੁਲੰਦ ਕੀਤੀ ਜਾਵੇਗੀ।

ਆਗੂਆਂ ਨੇ ਭਾਈ ਜਗਤਾਰ ਸਿੰਘ ਹਵਾਰਾ ਦੀ ਵਿਗੜ ਰਹੀ ਸਿਹਤ 'ਤੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਭਾਈ ਹਵਾਰਾ ਸਮੇਤ ਜੇਲ੍ਹਾਂ ਵਿੱਚ ਬੰਦ ਸਮੂਹ ਸਿੰਘਾਂ ਨੂੰ ਭਾਰਤ ਸਰਕਾਰ ਸਰੀਰਕ ਪੱਖੋਂ ਖਤਮ ਕਰਨ ਦੀਆਂ ਕੁਚਾਲਾਂ ਚੱਲ ਰਹੀ ਹੈ। ਇਸੇ ਕਰਕੇ ਹੀ ਉਨ੍ਹਾਂ ਦੇ ਢੁਕਵੇਂ ਇਲਾਜ ਨਹੀਂ ਕਰਵਾਏ ਜਾ ਰਹੇ। ਉਨ੍ਹਾਂ ਕਿਹਾ ਕਿ ਸਿੱਖਾਂ ਦੀਆਂ 90 ਫੀਸਦੀ ਤੋਂ ਵੱਧ ਕੁਰਬਾਨੀਆਂ ਨਾਲ ਆਜ਼ਾਦ ਹੋਏ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਨਾਲ ਧੱਕਾ ਅਤੇ ਵਿਤਕਰਾ ਲਗਾਤਾਰ ਜਾਰੀ ਹੈ। ਭਾਰਤੀ ਫੌਜ ਵਲੋਂ ਜੂਨ 1984 ਦਾ ਖੂਨੀ ਘੱਲੂਘਾਰਾ, ਨਵੰਬਰ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਅਤੇ ਸਿੱਖ ਨੌਜਵਾਨਾਂ ਦੀਆਂ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਅਣਗਿਣਤ ਸ਼ਹਾਦਤਾਂ ਇਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਸਿੱਖ ਭਾਰਤ ਵਿੱਚ ਗੁਲਾਮ ਹਨ।

ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸਿੱਖ ਕੌਮ ਨੂੰ ਸੱਦਾ ਗਿਆ ਹੈ ਕਿ ਆਪਣੀ ਜ਼ਮੀਰ ਦੀ ਆਵਾਜ਼ ਸੁਣਦੇ ਹੋਏ ਭਾਰਤ ਦੇ ਅਖੌਤੀ ਆਜ਼ਾਦੀ ਦਿਨ ਦਾ ਮੁਕੰਮਲ ਬਾਈਕਾਟ ਕਰਦਿਆਂ ਇਸ ਦਿਨ ਦੁਨੀਆ ਭਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣ। ਇਸ ਦਿਨ ਹਰ ਸਿੱਖ ਨੂੰ ਇਹ ਮਹਿਸੂਸ ਕਰਨ ਦੀ ਜ਼ਰੂਰਤ ਹੈ ਕਿ ਅਸੀਂ ਭਾਰਤ ਵਿੱਚ ਗੁਲਾਮ ਹਾਂ ਅਤੇ ਇਸ ਗੁਲਾਮੀ ਨੂੰ ਗਲੋਂ ਲਾਹੁਣਾ ਹੈ।

# ਨਿਊਯਾਰਕ 'ਚ ਚਰਨਜੀਤ ਸਿੰਘ ਬਰਾੜ, ਅਮਰੀਕ ਸਿੰਘ ਸ਼ਿਕਾਗੋ ਅਤੇ ਅਖੌਤੀ ਬਾਬੇ ਦਲਜੀਤ ਸਿੰਘ ਦਾ ਸਨਮਾਨ

**ਸ਼ਿਕਾਗੋ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਨਿਊਯਾਰਕ ਵਲੋਂ ਬੀਤੇ ਦਿਨੀਂ ਐਨ.ਆਰ.ਆਈ. ਵਿੰਗ ਦੇ ਕੋਆਰਡੀਨੇਟਰ ਸ. ਚਰਨਜੀਤ ਸਿੰਘ ਬਰਾੜ, ਚੀਫ਼ ਮੀਡੀਆ ਇੰਚਾਰਜ ਸ. ਅਮਰੀਕ ਸਿੰਘ ਸ਼ਿਕਾਗੋ ਅਤੇ ਬਦਨਾਮ ਸਾਧ ਦਲਜੀਤ ਸਿੰਘ ਸ਼ਿਕਾਗੋ ਦਾ ਨਿਊਯਾਰਕ ਪੁੱਜਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸ. ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ 10 ਸਾਲਾਂ ਦੇ ਰਾਜ ਦੌਰਾਨ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਆਂਦਾ ਸੀ ਪਰ ਦੁੱਖ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਨੇ ਸਤਾ ਵਿੱਚ ਆਉਂਦਿਆਂ ਹੀ ਪੰਜਾਬ ਵਿਚ ਮਹਿਜ਼ 3 ਮਹੀਨਿਆਂ ਅੰਦਰ ਵਿਕਾਸ ਕਾਰਜਾਂ 'ਤੇ ਬਰੇਕਾਂ ਲਗਾ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਜ ਵਿੱਚ ਗੈਂਗਸਟਾਰਾਂ ਵਲੋਂ ਨਿੱਤ ਦਿਨ ਖੂਨ ਖਰਾਬਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੀ ਅਮਨ ਸ਼ਾਂਤੀ ਪੂਰੀ ਤਰ੍ਹਾਂ ਭੰਗ ਹੋ ਰਹੀ ਹੈ ਜਿਸ ਲਈ ਸਿਰਫ਼ ਤੇ ਸਿਰਫ਼ ਕਾਂਗਰਸ ਸਰਕਾਰ ਹੀ ਜ਼ਿੰਮੇਵਾਰ ਹੈ। ਉਨ੍ਹਾਂ ਪਾਰਟੀ ਦੇ ਸਮੂਹ ਵਰਕਰਾਂ ਨੂੰ ਅਪੀਲ ਕੀਤੀ ਕਿ ਜਿਹੜੇ ਲੋਕ ਅਕਾਲੀ ਦਲ ਤੋਂ ਦੂਰ ਗਏ ਹਨ, ਉਨ੍ਹਾਂ ਨੂੰ ਪਾਰਟੀ ਦੀਆਂ ਨੀਤੀਆਂ ਨਾਲ ਦੁਬਾਰਾ ਜੋੜਿਆ ਜਾਵੇ। ਇਸ ਮੌਕੇ ਸ਼ਿਕਾਗੋ ਤੋਂ ਉਚੇਚੇ ਤੌਰ 'ਤੇ ਪੁੱਜੇ ਸ. ਅਮਰੀਕ ਸਿੰਘ ਸ਼ਿਕਾਗੋ ਨੇ ਵੀ ਸਮੂਹ ਪਾਰਟੀ ਵਰਕਰਾਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ। ਇਸ ਮੌਕੇ ਬਲਵਿੰਦਰ ਸਿੰਘ ਨਵਾਂਸ਼ਹਿਰ, ਮੋਹਣ ਸਿੰਘ ਖਟੜਾ, ਰਘਬੀਰ ਸਿੰਘ ਸੁਭਾਨਪੁਰ, ਮਾਸਟਰ ਮਹਿੰਦਰ ਸਿੰਘ, ਜਰਨੈਲ ਸਿੰਘ ਗਿਲਜੀਆਂ, ਹਰਦੀਪ ਸਿੰਘ ਗੋਲਡੀ, ਕਰਨੈਲ ਸਿੰਘ ਬਾਠ, ਪ੍ਰੀਤਮ ਸਿੰਘ ਗਿਲਜੀਆਂ, ਗੁਰਬਖ਼ਸ਼ ਸਿੰਘ ਟਾਹਲੀ, ਹਰਜੀਤ ਸਿੰਘ ਹੁੰਦਲ, ਗੁਰਪ੍ਰਤਾਪ ਸਿੰਘ ਵੱਲ੍ਹਾ, ਕਸ਼ਮੀਰ ਸਿੰਘ ਪਿਹੋਵਾ, ਮਲਕੀਤ ਸਿੰਘ, ਗੁਰਿੰਦਰ ਸਿੰਘ ਸ਼ਾਹੀ, ਤਜਿੰਦਰ ਸਿੰਘ ਨੰਗਲ ਵੀ ਹਾਜ਼ਰ ਸਨ।






# ਅੰਮ੍ਰਿਤਧਾਰੀ ਨੌਜਵਾਨ ਲੀਡਰ ਜਗਮੀਤ ਸਿੰਘ 2019 ਦੀਆਂ ਚੋਣਾਂ ਵਿਚ ਟਰੂਡੋ ਲਈ ਬਣ ਸਕਦਾ ਹੈ ਚੁਣੌਤੀ

**ਟੋਰਾਂਟੋ/ਬਿਊਰੋ ਨਿਊਜ਼ :** ਓਂਟਾਰੀਓ ਸੂਬਾਈ ਡੈਮੋਕਰੈਟਿਕ ਪਾਰਟੀ ਦੇ ਡਿਪਟੀ ਲੀਡਰ ਜਗਮੀਤ ਸਿੰਘ ਨੇ ਥਰੀ-ਪੀਸ ਸੂਟ ਅਤੇ ਗੂੜ੍ਹੇ ਰੰਗ ਦੀ ਦਸਤਾਰ ਸਜਾ ਕੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਉਹ ਚਾਹੁੰਦਾ ਹੈ ਕਿ ਲੋਕ ਉਸ ਵੱਲ ਤਵੱਜੋ ਦੇਣ। ਸਿਆਸਤ ਤੋਂ ਇਲਾਵਾ ਉਸ ਦਾ ਨਾਂ 'ਲਾਈਫ਼ ਮੈਗਜ਼ੀਨ' ਵਿਚ ਟੋਰਾਂਟੋ ਦੇ 'ਵਧੀਆ ਪਹਿਰਾਵੇ ਵਾਲੇ' ਅਤੇ 'ਚੋਟੀ ਦੇ 50 ਲੋਕਾਂ ਦੀ ਸੂਚੀ' ਵਿਚ ਆਇਆ ਹੈ। 38 ਸਾਲਾ ਅੰਮ੍ਰਿਤਧਾਰੀ ਜਗਮੀਤ ਸਿੰਘ ਦਾ ਸਿਆਸਤ ਵਿਚ ਕੱਦ ਇਸ ਕਦਰ ਤੇਜ਼ੀ ਨਾਲ ਵਧਿਆ ਹੈ ਕਿ ਉਹ ਮੁਲਕ ਦੇ ਪਾਰਟੀ ਨੇਤਾ ਬਣਨ ਦੀ ਦੌੜ ਵਿਚ ਸ਼ਾਮਲ ਹੋ ਗਿਆ ਹੈ ਤੇ ਲਿਬਰਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਟੱਕਰ ਦੇ ਸਕਦਾ ਹੈ। ਜਗਮੀਤ ਸਿੰਘ ਅੱਗੇ ਕਈ ਚੁਣੌਤੀਆਂ ਹਨ। ਉਸ ਨੂੰ ਪਹਿਲਾਂ ਅਕਤੂਬਰ ਵਿਚ ਲੀਡਰਸ਼ਿਪ ਜਿੱਤਣੀ ਪਏਗੀ, ਫੇਰ ਪਾਰਲੀਮੈਂਟ ਵਿਚ ਫੈਡਰਲ ਸੀਟ ਅਤੇ ਵੋਟਰਾਂ ਦਾ ਧਿਆਨ ਟਰੂਡੋ ਤੋਂ ਹਟਾ ਕੇ ਪਾਰਟੀ ਵੱਲ ਦਿਵਾਉਣਾ ਪਏਗਾ ਜੋ ਕਦੇ ਸੰਘੀ ਤਾਕਤ ਵਿਚ ਨਹੀਂ ਰਹੀ। ਉਹ ਧੜੱਲੇ ਨਾਲ ਫਰੈਂਚ ਬੋਲਦਾ ਹੈ, ਇਸ ਲਈ ਖ਼ਾਸ ਤੌਰ 'ਤੇ ਫਰੈਂਚ ਬੋਲੇ ਜਾਣ ਵਾਲੇ ਸੂਬਿਆਂ ਵਿਚ ਵੋਟਰਾਂ ਨੂੰ ਭਰਮਾ ਸਕਦਾ ਹੈ। ਉਸ ਨੂੰ ਪਾਰਟੀ ਦੀ



ਲੀਡਰਸ਼ਿਪ ਜਿੱਤਣ ਦੀ ਉਮੀਦ ਹੈ ਤਾਂ ਜੋ ਪਾਰਲੀਮੈਂਟ ਵਿਚ ਟਰੂਡੋ ਦੇ ਬਹੁਮਤ ਨੂੰ ਤੋੜਨ ਲਈ 2019 ਵਿਚ ਜ਼ਿਆਦਾ ਸੀਟਾਂ ਜਿੱਤੀਆਂ ਜਾ ਸਕਣ।

ਸ. ਜਗਮੀਤ ਸਿੰਘ ਦਾ ਮਕਸਦ ਘੱਟ-ਗਿਣਤੀ ਭਾਈਚਾਰੇ ਦਾ ਅਜਿਹਾ ਪਹਿਲਾ ਵਿਅਕਤੀ ਬਣਨਾ ਹੈ ਜੋ ਕੈਨੇਡਾ ਵਿਚ ਵੱਡੀ ਸਿਆਸੀ ਪਾਰਟੀ ਦੀ ਅਗਵਾਈ ਕਰੇ। ਜੇਕਰ ਉਹ ਖੱਬੇ ਰੁਝਾਨਾਂ ਵਾਲੀ ਨਿਊ ਡੈਮੋਕਰੈਟਿਕ ਪਾਰਟੀ (ਐਨ. ਡੀ.ਪੀ.) ਦਾ ਆਗੂ ਬਣ ਜਾਂਦਾ ਹੈ ਤਾਂ 2019 ਦੀਆਂ ਚੋਣਾਂ ਵਿਚ ਟਰੂਡੋ ਲਈ ਵੱਡੀ ਚੁਣੌਤੀ ਬਣ ਸਕਦੇ ਹਨ।

ਜ਼ਿਕਰਯੋਗ ਹੈ ਕਿ ਜਗਮੀਤ ਸਿੰਘ ਨੇ ਸੂਬਾਈ ਚੋਣ ਮੁਹਿੰਮ ਦੌਰਾਨ ਜਾਤ-ਪਾਤ ਦੀ ਬਰਾਬਰਤਾ ਪ੍ਰਗਟਾਉਣ ਲਈ ਆਪਣਾ ਗੋਤ 'ਧਾਲੀਵਾਲ' ਆਪਣੇ ਨਾਂ ਨਾਲੋਂ ਹਟਾ ਲਿਆ ਸੀ। ਜਗਮੀਤ ਸਿੰਘ 2011 ਵਿਚ ਸੂਬਾਈ ਸਿਆਸਤ ਵਿਚ ਆਏ ਅਤੇ ਪਹਿਲੀ ਵਾਰ 2015 ਵਿਚ ਸੂਬਾਈ ਐਨ. ਡੀ.ਪੀ. ਦੇ ਡਿਪਟੀ ਲੀਡਰ ਬਣ ਗਏ। ਜਗਮੀਤ ਸਿੰਘ ਇਸ ਸਮੇਂ ਫੰਡਰੇਜ਼ਿੰਗ ਮਾਮਲੇ ਵਿਚ ਪਹਿਲੇ ਸਥਾਨ 'ਤੇ ਆਏ ਹਨ। ਇਲੈਕਸ਼ਨ ਕੈਨੇਡਾ ਕੋਲ 2017 ਦੀ ਤਿਮਾਹੀ ਲਈ ਦਰਜ ਕਰਵਾਈਆਂ ਫਾਇਨਾਂਸ਼ੀਅਲ ਰਿਪੋਰਟਾਂ ਮੁਤਾਬਕ ਮਈ ਮਹੀਨੇ ਵਿਚ ਟੌਮ ਮਲਕੇਅਰ ਦੀ ਜਗ੍ਹਾ 'ਤੇ ਮੈਦਾਨ ਵਿਚ ਆਏ ਓਨਟਾਰੀਓ ਦੇ ਐੱਮ.ਪੀ. ਪੀ. ਨੇ ਹੁਣ ਤੱਕ 3,53,944 ਡਾਲਰ ਇੱਕਠੇ ਕਰ ਲਏ ਹਨ ਅਤੇ 1 ਅਪ੍ਰੈਲ ਤੋਂ 30 ਜੂਨ ਦਰਮਿਆਨ ਉੱਤਰੀ ਓਨਟਾਰੀਓ ਦਾ ਐੱਮ.ਪੀ. ਚਾਰਲੀ ਐਂਗਸ 1,23,574 ਡਾਲਰ ਹੀ ਜੁਟਾ ਸਕਿਆ ਹੈ।

ਟਰੂਡੋ ਵਾਂਗ ਜਗਮੀਤ ਸਿੰਘ ਵਿਚ ਭੀੜ ਜਟਾਉਣ ਦੀ ਸਮਰੱਥਾ ਹੈ। ਉਹ ਜਿੱਧਰ ਜਾਂਦੇ ਹਨ, ਲੋਕ ਉਨ੍ਹਾਂ ਦੇ ਪਿਛੇ ਹੋ ਲੈਂਦੇ ਹਨ। ਟੋਰਾਂਟੋ ਦੇ ਹਾਲ ਹੀ ਦੇ ਦੌਰੇ ਦੌਰਾਨ ਉਹ ਮਸਾਂ 5 ਕਦਮ ਤੁਰਦੇ ਸਨ ਕਿ ਲੋਕ ਉਨ੍ਹਾਂ ਨੂੰ ਘੇਰ ਲੈਂਦੇ ਸਨ ਤੇ ਸੈਲਫ਼ੀਆਂ ਲਈ ਕਹਿੰਦੇ ਸਨ। ਉਹ ਸਿਆਸੀ ਐਲਾਨਾਂ ਅਤੇ ਬਿਆਨਾਂ ਲਈ ਟਵਿੱਟਰ ਦੀ ਵਰਤੋਂ ਕਰਦੇ ਹਨ। ਇਨ੍ਹਾਂ ਟਵੀਟਾਂ ਰਾਹੀਂ ਹੀ ਉਨ੍ਹਾਂ ਆਪਣੇ ਵਿਚਾਰ ਰੱਖੇ ਹਨ ਕਿ ਉਹ ਪਾਰਟੀ ਲੀਡਰ ਕਿਉਂ ਬਣਨਾ ਚਾਹੁੰਦੇ ਹਨ। ਜਨਤਕ ਮਾਮਲਿਆਂ ਦੇ ਮਾਹਰ ਡੈਰੇਲ ਬਰਿਕਰ ਨੇ ਜਗਮੀਤ ਸਿੰਘ ਨੂੰ ਟਰੂਡੋ ਲਈ, ਖ਼ਾਸ ਤੌਰ 'ਤੇ ਟੋਰਾਂਟੋ ਵਿਚ 'ਖ਼ਤਰਨਾਕ' ਉਮੀਦਵਾਰ ਦੱਸਿਆ ਹੈ, ਜੋ ਸੰਸਦ ਦੀਆਂ 20% ਫੀਸਦੀ ਪਾਰਲੀਮਾਨੀ ਸੀਟਾਂ ਦਾ ਕੇਂਦਰ ਹੈ। ਪਾਰਟੀ ਦੇ ਇਕ ਸੀਨੀਅਰ ਮੈਂਬਰ ਅਨੁਸਾਰ ਲਿਬਰਲ ਮੰਨਦੇ ਹਨ ਕਿ ਜਗਮੀਤ ਸਿੰਘ ਨੂੰ ਦੇਖਿਆਂ ਅਜਿਹਾ ਨਹੀਂ ਲਗਦਾ ਕਿ ਉਹ ਆਪਣੇ ਵੋਟਰਾਂ ਦਾ ਧਿਆਨ ਖਿੱਚ ਰਿਹਾ ਹੈ ਤੇ ਹਮਾਇਤ ਮੰਗ ਰਿਹਾ ਹੈ।

ਜਗਮੀਤ ਸਿੰਘ ਦਸਦਾ ਹੈ ਕਿ ਜਵਾਨੀ ਵੇਲੇ ਉਸ ਨੇ ਨਸਲੀ ਵਿਤਕਰਾ ਸਹਿਣ ਕੀਤਾ ਹੈ ਤੇ ਇਸ ਨੇ ਉਸ ਆਪਣੇ ਵਿਰੋਧੀਆਂ ਵਿਚ ਵੱਖਰੀ ਪਛਾਣ ਦਿੱਤੀ ਹੈ। ਉਹ ਕਹਿੰਦਾ ਹੈ-'ਬਹੁਤ ਸਾਰੇ ਕੈਨੇਡੀਅਨ ਅਜਿਹੇ ਹਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਸੰਘਰਸ਼ ਕੀਤਾ ਹੈ ਤੇ ਉਹ ਮੇਰੇ ਵਿਚ ਅਜਿਹਾ ਵਿਅਕਤੀ ਦੇਖਦੇ ਹਨ ਜੋ ਉਨ੍ਹਾਂ ਨੂੰ ਸਮਝ ਸਕਦਾ ਹੈ।'

# ਬਰਤਾਨੀਆ ਦੇ ਨਵ-ਵਿਆਹੇ ਮੁਸਲਮਾਨ ਜੋੜੇ ਨੂੰ 26 ਘੰਟੇ ਰੋਕਣ ਮਗਰੋਂ ਲਾਸ ਏਂਜਲਸ ਹਵਾਈ ਅੱਡੇ ਤੋਂ ਮੋੜਿਆ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਦੇ ਨਵ-ਵਿਆਹੇ ਜੋੜੇ ਨੂੰ ਅਮਰੀਕਾ ਵਿਚ ਹਵਾਈ ਅੱਡੇ 'ਤੇ ਰੋਕ ਲਿਆ ਗਿਆ ਕਿਉਂਕਿ ਉਹ ਮੁਸਲਮਾਨ ਸਨ। 26 ਘੰਟੇ ਤੋਂ ਬਾਅਦ ਉਨ੍ਹਾਂ ਨੂੰ ਕੱਢ ਦਿੱਤਾ ਗਿਆ ਹੈ। ਬ੍ਰਿਟਿਸ਼ ਮੀਡੀਆ ਰਿਪੋਰਟ ਅਨੁਸਾਰ 29 ਸਾਲ ਦੀ ਨਤਾਸ਼ਾ ਪੋਲਿਤਾਕਿਸ ਅਤੇ ਉਨ੍ਹਾਂ ਦੇ ਪਤੀ 32 ਸਾਲ ਅਲੀ ਗੁੱਲ ਨੇ ਲਾਸ ਏਂਜਲਸ, ਹਵਾਈ ਅਤੇ ਲਾਸ ਵੇਗਾਸ ਦੀ ਦੋ ਹਫਤਿਆ ਦੀ ਯਾਤਰਾ ਲਈ 7000 ਪਾਉਂਡ ਭੁਗਤਾਨ ਕੀਤੇ ਸਨ। ਲਾਸ ਏਂਜਲਸ ਹਵਾਈ ਅੱਡੇ 'ਤੇ ਇਕ ਦਿਨ ਤੋਂ ਜ਼ਿਆਦਾ ਬਿਤਾਉਣ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਬਰਤਾਨੀਆ ਜਾਣਾ ਪਿਆ। ਪਤੀ-ਪਤਨੀ ਨੂੰ ਮੁਸਲਮਾਨ ਹੋਣ ਦੀ ਵਜ੍ਹਾ ਨਾਲ ਅਮਰੀਕਾ ਵਿਚ ਜਾਣ ਤੋਂ ਰੋਕ ਦਿੱਤਾ ਗਿਆ। ਨਾਲ ਹੀ ਉਨ੍ਹਾਂ ਦੇ ਸਾਰੇ ਸਾਮਾਨ ਨੂੰ ਵੀ ਜਬਤ ਕਰ ਲਿਆ ਗਿਆ। ਸਿਰਫ ਉਨ੍ਹਾਂ ਨੂੰ ਮੋਬਾਇਲ ਫੋਨ ਵਾਪਸ ਕਰ ਦਿੱਤਾ ਗਿਆ। ਪਤੀ-ਪਤਨੀ ਵਿਆਹ ਤੋਂ ਬਾਅਦ ਘੁੰਮਣ ਲਈ ਅਮਰੀਕਾ ਗਏ ਸਨ। ਰਿਪੋਰਟ ਅਨੁਸਾਰ ਦੋਨਾਂ ਨੂੰ ਸ਼ੱਕ ਦੇ ਆਧਾਰ 'ਤੇ ਹਵਾਈ ਅੱਡੇ 'ਤੇ ਰੋਕਿਆ ਗਿਆ ਕਿਉਂਕਿ ਨਤਾਸ਼ਾ ਦੇ ਪਤੀ ਨਾਮ ਤੁਰਕਿਸ਼ ਮੂਲ ਦਾ ਸੀ ਪਰ, ਅਲੀ ਬ੍ਰਿਟਿਸ਼ ਨਾਗਰਿਕ ਹੈ ਅਤੇ ਉਨ੍ਹਾਂ ਕੋਲ ਬ੍ਰਿਟਿਸ਼ ਪਾਸਪੋਰਟ ਸੀ। ਨਤਾਸ਼ਾ ਨੇ ਕਿਹਾ 'ਜਦੋਂ ਸਾਨੂੰ ਹਵਾਈ ਅੱਡੇ 'ਤੇ ਰੋਕ ਲਿਆ ਗਿਆ ਅਤੇ ਅਮਰੀਕਾ ਵਿਚ ਨਹੀਂ ਪਰਵੇਸ਼ ਦਿੱਤਾ ਗਿਆ। ਇਸ ਤੋਂ ਅਸੀਂ ਹੈਰਾਨ ਰਹੇ ਗਏ। ਅਸੀਂ ਇਕ ਨਵ-ਵਿਆਹੁਤਾ ਪਤੀ-ਪਤਨੀ ਹਾਂ ਅਤੇ ਵਿਆਹ ਤੋਂ ਬਾਅਦ ਘੁੰਮਣ ਲਈ ਅਮਰੀਕਾ ਗਏ ਸੀ। ਸਾਨੂੰ ਉਮੀਦ ਨਹੀਂ ਸੀ ਕਿ ਸਾਨੂੰ ਵਾਪਸ ਭੇਜ ਦਿੱਤਾ ਗਿਆ। ਸਾਡੇ ਨਾਲ ਮੁਲਜ਼ਮਾਂ ਦੀ ਤਰ੍ਹਾਂ ਵਿਹਾਰ ਹੋਇਆ ਜਦੋਂ ਕਿ ਸਾਡੇ ਕੋਲ ਸਾਰੇ ਨਿਯਮਕ ਦਸਤਾਵੇਜ਼ ਸਨ ਅਤੇ ਅਸੀਂ ਉਨ੍ਹਾਂ ਦੇ ਸਾਰੇ ਸਵਾਲਾਂ ਦਾ ਜਵਾਬ ਦਿੱਤੇ।'

# ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਦਾ ਸਨਮਾਨ



**ਸ਼ਿਕਾਗੋ/ਬਿਊਰੋ ਨਿਊਜ਼ :** ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਹਲਕਾ ਗੜ੍ਹਸ਼ੰਕਰ ਤੋਂ ਸਾਬਕਾ ਵਿਧਾਇਕ ਸ. ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ। ਇਸ ਦੌਰਾਨ ਸ਼ਿਕਾਗੋ ਪੁੱਜਣ 'ਤੇ ਸ਼੍ਰੋਮਣੀ ਅਕਾਲੀ ਦਲ ਮਿਡਵੈਸਟ ਨੇ ਸ. ਅਮਰੀਕ ਸਿੰਘ ਸ਼ਿਕਾਗੋ ਦੀ ਅਗਵਾਈ ਵਿਚ ਉਨ੍ਹਾਂ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਉਨ੍ਹਾਂ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਵਿਚਾਰਾਂ ਵੀ ਕੀਤੀਆਂ। ਇਸ ਮੌਕੇ ਹੈਪੀ ਸਿੰਘ ਹੀਰ, ਜਸਕਰਨ ਸਿੰਘ ਧਾਲੀਵਾਲ, ਹਰਵਿੰਦਰ ਸਿੰਘ ਬਿੱਲਾ, ਨਰਿੰਦਰ ਸਿੰਘ ਸਰਾਂ, ਲਵਦੀਪ ਸਿੰਘ ਦੁੱਲਤ, ਗੁਰਮੀਤ ਸਿੰਘ ਭੋਲਾ, ਅੰਮ੍ਰਿਤਪਾਲ ਸਿੰਘ ਸੰਘਾ, ਯਾਦਵਿੰਦਰ ਸਿੰਘ ਗਰੇਵਾਲ, ਮਨਮਿੰਦਰ ਸਿੰਘ ਹੀਰ, ਸ. ਲਖਵੀਰ ਸਿੰਘ ਸਹੋਤਾ, ਮਿੰਡਾ ਮਾਹਿਲਪੁਰੀਆ, ਸਾਬੀ ਭੋਲਾ ਵੀ ਹਾਜ਼ਰ ਸਨ।


CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

## ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਅਤੇ ਉਨ੍ਹਾਂ ਦੇ ਹੱਲ 'ਤੇ ਵਿਚਾਰ ਚਰਚਾ ਲਈ ਜਰਮਨ 'ਚ ਸੈਮੀਨਾਰ 5 ਤੇ 6 ਅਗਸਤ ਨੂੰ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਜਰਮਨੀ ਦੇ ਸਿੱਖਾਂ ਵਲੋਂ 'ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਅਤੇ ਉਨ੍ਹਾਂ ਦੇ ਹੱਲ 'ਤੇ ਵਿਚਾਰ ਚਰਚਾ ਲਈ ਇਕ ਸੈਮੀਨਾਰ 5 ਅਤੇ 6 ਅਗਸਤ ਨੂੰ Konferenz zentrum Offendach Ferdinand-Porsche Str. 2, 63073 Offenbach ਵਿਖੇ ਕਰਵਾਇਆ ਜਾ ਰਿਹਾ ਹੈ। ਸ. ਗੁਰਚਰਨ ਸਿੰਘ ਨੇ ਸਿੱਖ ਸਿਆਸਤ ਨਿਊਜ਼ (SSN) ਨੂੰ ਦੱਸਿਆ ਕਿ ਇਸ ਸੈਮੀਨਾਰ 'ਚ ਸਿੱਖ ਇਤਿਹਾਸਕਾਰ ਅਤੇ ਰਾਜਨੀਤਕ ਵਿਸ਼ਲੇਸ਼ਕ ਸ. ਅਜਮੇਰ ਸਿੰਘ, ਸ. ਹਰਬੰਸ ਲਾਲ ਵਿਰਦੀ (ਬੁੱਧਿਸਟ ਅੰਬੇਦਕਰ ਆਰਗੇਨਾਈਜ਼ੇਸ਼ਨ, ਇੰਗਲੈਂਡ), ਸ. ਬਲਜਿੰਦਰ ਸਿੰਘ ਸੰਧੂ (ਇੰਗਲੈਂਡ) ਅਤੇ ਡਾ. ਜਸਬੀਰ ਸਿੰਘ (ਡੈਨਮਾਰਕ) ਬੁਲਾਰੇ ਹੋਣਗੇ। ਉਨ੍ਹਾਂ ਦੱਸਿਆ ਕਿ ਦੋ ਦਿਨਾਂ ਸੈਮੀਨਾਰ ਕਾਨਫਰੰਸ ਸੈਂਟਰ ਔਫੈਨਬੈਕ 'ਚ ਹੋਵੇਗਾ। ਡਾ. ਪਰਗਟ ਸਿੰਘ ਯੂਕੇ ਸੈਮੀਨਾਰ ਦੇ ਸੰਚਾਲਕ ਵਜੋਂ ਸੇਵਾ ਨਿਭਾਉਣਗੇ।

## ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ 20 ਅਗਸਤ ਨੂੰ

**ਸਟਾਕਟਨ/ਬਿਊਰੋ ਨਿਊਜ਼,** ਕੈਲੀਫੋਰਨੀਆ ਦੀਆਂ ਤਿੰਨ ਸਾਹਿਤਕ ਸੰਸਥਾਵਾਂ ਵਲੋਂ 20 ਅਗਸਤ ਨੂੰ ਸਟਾਕਟਨ ਵਿੱਚ ਸਾਂਝੇ ਤੌਰ 'ਤੇ ਕਰਵਾਏ ਜਾ ਰਹੇ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਸਬੰਧੀ ਅਹਿਮ ਮਸਲੇ ਵਿਚਾਰੇ ਜਾਣਗੇ। ਕਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਅਤੇ ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਇਹ ਸੰਮੇਲਨ ਸੰਮੇਲਨ ਰਾਇਲ ਇੰਡੀਅਨ ਕੁਜ਼ੀਨ, 7610 ਪੈਸੇਫਿਕ ਐਵੇਨਿਊ, ਸਟਾਕਟਨ ਵਿੱਚ ਸਵੇਰੇ 10:00 ਵਜੇ ਆਰੰਭ ਹੋ ਕੇ ਦੇਰ ਰਾਤ ਤੱਕ ਚੱਲਦਾ ਰਹੇਗਾ। ਇਸ ਮੌਕੇ ਕਹਾਣੀ ਦਰਬਾਰ ਅਤੇ ਕਵੀ ਦਰਬਾਰ ਹੋਵੇਗਾ। ਇਸ ਸਾਹਿਤਕ ਸੰਮੇਲਨ 'ਚ ਦੋ ਪੁਸਤਕਾਂ ਵਰਤਮਾਨ ਦੇ ਆਰ-ਪਾਰ' ਅਤੇ ਰੂਹ 'ਤੇ ਉਕਰੇ ਚਿੱਤਰ' ਵੀ ਰਿਲੀਜ਼ ਕੀਤੀਆਂ ਜਾਣਗੀਆਂ। ਪੁਸਤਕ ਵਰਤਮਾਨ ਦੇ ਆਰ-ਪਾਰ' ਕਾਵਿ-ਸੰਗ੍ਰਹਿ ਵਿਚ ਅਮਰੀਕਾ, ਇੰਗਲੈਂਡ, ਕੈਨੇਡਾ ਅਤੇ ਜਾਪਾਨ ਦੇ 79 ਸ਼ਾਇਰਾਂ ਦੀ ਰਚਨਾਵਾਂ ਸ਼ਾਮਿਲ ਹਨ। ਇਹ ਸੰਗ੍ਰਹਿ ਇੰਗਲੈਂਡ ਵਸਦੇ ਪੰਜਾਬੀ ਲੇਖਕਾਂ ਦਰਸ਼ਨ ਬੁਲੰਦਵੀ, ਅਜ਼ੀਮ ਸ਼ੇਖ਼ਰ ਅਤੇ ਕੁਲਵੰਤ ਕੌਰ ਢਿੱਲੋਂ ਵਲੋਂ ਸੰਪਾਦਿਤ ਕੀਤਾ ਗਿਆ ਹੈ ਜਿਸਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਣ ਵਿੱਚ ਸੰਪਾਦਕਾਂ ਤੋਂ ਇਲਾਵਾ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ, ਮਹਿੰਦਰਪਾਲ ਧਾਲੀਵਾਲ, ਦਲਜੀਤ ਮੋਖਾ (ਮਰਹੂਮ), ਤਾਰਾ ਸਾਗਰ, ਸੁਰਜੀਤ ਕੌਰ, ਅਮਰਜੀਤ ਚਾਹਲ ਅਤੇ ਉਂਕਾਰਪ੍ਰੀਤ ਸਿੰਘ ਦਾ ਵੀ ਵਿਸ਼ੇਸ਼ ਯੋਗਦਾਨ ਹੈ। ਦੂਜੀ ਪੁਸਤਕ ਰੂਹ 'ਤੇ ਉਕਰੇ ਚਿੱਤਰ' ਪ੍ਰੋ. ਹਰਭਜਨ ਸਿੰਘ ਦਾ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਹੈ। ਵਧੇਰੇ ਜਾਣਕਾਰੀ ਲਈ ਪ੍ਰੋ. ਹਰਭਜਨ ਸਿੰਘ (ਫੋਨ: 209-222-3866) ਅਤੇ ਹਰਜਿੰਦਰ ਪੰਧੇਰ (ਫੋਨ: 209-610-5055) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਗੁਰਪੁਰਬ ਮਨਾਇਆ





**ਪੈਕੇਈਮਾ/ਬਿਊਰੋ ਨਿਊਜ਼ :**
ਖ਼ਾਲਸਾ ਕੇਅਰ ਫਾਊਂਡੇਸ਼ਨ (ਕੇਸੀਐਫ) ਵਲੋਂ ਐਤਵਾਰ ਨੂੰ ਗੁਰੂ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਗੁਰਪੁਰਬ ਮਨਾਇਆ ਗਿਆ। ਕੇਸੀਐਫ ਵਲੋਂ ਨੌਜਵਾਨ ਸਿੱਖ ਬੱਚਿਆਂ ਲਈ ਗਿਆਨ ਗੁਰਮਤਿ ਕੈਂਪ ਵੀ ਲਾਇਆ ਗਿਆ ਸੀ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਸੁਨੇਹੇ ਅਤੇ ਅਸਲੀ ਰਾਗਾਂ ਵਿਚ ਕੀਰਤਨ ਬਾਰੇ ਬੱਚਿਆਂ ਨੂੰ ਸਿਖਾਇਆ ਗਿਆ। ਇਸ ਤੋਂ ਇਲਾਵਾ ਭਾਈ ਪਿੰਦਰਪਾਲ ਸਿੰਘ ਅਤੇ ਭਾਈ ਹਰਜਿੰਦਰ ਸਿੰਘ ਵਲੋਂ ਪ੍ਰਕਾਸ਼ ਉਤਸਵ ਦੀਆਂ ਖ਼ੁਸ਼ੀਆਂ ਮੌਕੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਰੋਜ਼ਾਨਾ ਸ਼ਾਮ ਨੂੰ ਕੀਰਤਨ ਦੀਵਾਨ ਸਜਾਏ ਗਏ। ਗੁਰਦੁਆਰਾ ਸਾਹਿਬ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਸਜਾਇਆ ਗਿਆ, ਜਿੱਥੇ ਸੰਗਤਾਂ ਨੇ ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਹਿੱਸਾ ਲਿਆ। ਇਸ ਮੌਕੇ ਵੱਖ ਵੱਖ ਪਕਵਾਨਾਂ ਦੇ ਲੰਗਰ ਵੀ ਲਾਏ ਗਏ।




## ਪਿਆਰੇ ਦੋਸਤੋ

ਸੰਯੁਕਤ ਰਾਸ਼ਟਰ ਦੀ ਸਲਾਹਕਾਰ ਕਮੇਟੀ ਦਾ ਮੈਂਬਰ ਡਾ. ਇਕਤਿਦਾਰ ਚੀਮਾ ਨੂੰ ਪਿਛਲੇ ਦਿਨੀਂ ਸੰਯੁਕਤ ਰਾਸ਼ਟਰ ਦੇ ਨਵੇਂ ਸਕੱਤਰ ਜਨਰਲ ਐਂਟੋਨੀਓ ਗੁੱਟਰਸ ਨਾਲ ਮੁਲਾਕਾਤ ਕਰਨ ਦਾ ਸੁਭਾਗ ਹਾਸਲ ਹੋਇਆ। ਇਹ ਮੌਕਾ ਸੰਯੁਕਤ ਰਾਸ਼ਟਰ ਦੀ 'ਵੱਧ ਰਹੀ ਹਿੰਸਾ ਨੂੰ ਠੱਲ੍ਹ ਪਾਉਣ ਵਿਚ ਭਰੋਸੇਯੋਗ ਲੀਡਰਾਂ/ਕਲਾਕਾਰਾਂ ਦੀ ਭੂਮਿਕਾ' ਸਬੰਧੀ ਯੋਜਨਾ ਜਾਰੀ ਕਰਨ ਦਾ ਸੀ। ਸੰਯੁਕਤ ਰਾਸ਼ਟਰ ਦੇ ਹੈੱਡਕੁਆਰਟਰ 'ਤੇ ਇਸ ਵੱਕਾਰੀ ਯੋਜਨਾ ਜਾਰੀ ਕਰਨ ਮੌਕੇ ਸਮਾਰੋਹ ਕੀਤਾ ਗਿਆ, ਜਿਸ ਵਿਚ ਸਟੇਟ ਮੈਂਬਰਾਂ, ਅਹੁਦੇਦਾਰਾਂ, ਕੌਮਾਂਤਰੀ ਤੇ ਗੈਰ ਸਰਕਾਰੀ ਸੰਗਠਨਾਂ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਇਨ੍ਹਾਂ ਸ਼ਖ਼ਸੀਅਤਾਂ ਨੇ ਯੋਜਨਾ ਲਾਗੂ ਕਰਨ ਸਬੰਧੀ ਰਣਨੀਤੀ 'ਤੇ ਵਿਚਾਰਾਂ ਕੀਤੀਆਂ। ਉਪਰੋਕਤ ਤਸਵੀਰ ਵਿਚ ਡਾ. ਇਕਤਿਦਾਰ ਚੀਮਾ ਸੰਯੁਕਤ ਰਾਸ਼ਟਰ ਦੇ ਅਹੁਦੇਦਾਰਾਂ ਨਾਲ ਨਜ਼ਰ ਆ ਰਹੇ ਹਨ।

# ਸਾਬਕਾ ਆਈ.ਏ.ਐਸ ਅਧਿਕਾਰੀ ਡਾ. ਹਰਕੇਸ਼ ਸਿੰਘ ਸਿੱਧੂ ਅਮਰੀਕਾ ਦੌਰੇ 'ਤੇ

**ਫਰਿਜ਼ਨੋਂ/ਬਿਊਰੋ ਨਿਊਜ਼:**
ਪੰਜਾਬ ਦੇ ਸਾਬਕਾ ਆਈ.ਏ.ਐਸ ਅਧਿਕਾਰੀ ਡਾ. ਹਰਕੇਸ਼ ਸਿੰਘ ਸਿੱਧੂ ਆਪਣੇ ਅਮਰੀਕਾ ਦੌਰੇ ਦੌਰਾਨ ਸਰਦੂਲ ਸਿੰਘ ਬਾਜਵਾ ਦੇ ਘਰ ਪੁੱਜੇ ਜਿਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਪੰਜਾਬ ਨਾਲ ਜੁੜੇ ਬਹੁਤ ਸਾਰੇ ਮਸਲਿਆਂ ਉਪਰ ਗੱਲਬਾਤ ਕੀਤੀ। ਪੰਜਾਬ ਦੇ ਹਾਲਾਤ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਗਟ ਸਿੰਘ, ਦਰਸ਼ਨ ਸਿੰਘ ਬੱਲ, ਰਣਜੀਤ ਸਿੰਘ ਬਰਿਆੜ ਤੇ ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ ਵੀ ਹਾਜਰ ਸਨ। ਸ.ਸਰਦੂਲ ਸਿੰਘ ਨੇ ਸਮਾਗਮ ਵਿਚ ਪੁੱਜਣ ਲਈ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।




ACURA
AutoNation Acura
Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀਂ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।
Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com





Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ।
ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।





2161 SQ Feet home Natomas Sacramento
3 BR 2.5 bath with loft available for $389,000





Kulwinder Kaur K.D.
Cell 916-212-0123
e-mail kdkaur9@yahoo.com




Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh


ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਸਿੱਖਜ਼ ਫਾਰ ਜਸਟਿਸ ਵਲੋਂ 'ਸਿੱਖ ਰਿਫਰੈਂਡਮ 2020' ਦੇ ਸਬੰਧ ਵਿਚ ਡੈਲਸ 'ਚ ਕਾਨਫਰੰਸ









**ਡੈਲਸ/ਹਰਜੀਤ ਸਿੰਘ ਢੇਸੀ:**
ਸਿੱਖਜ਼ ਫਾਰ ਜਸਟਿਸ ਵਲੋਂ ਡੈਲਸ ਵਿਖੇ ਸਿੱਖ ਰਿਫਰੈਂਡਮ 2020 ਦੇ ਸਬੰਧ ਵਿਚ ਇਕ ਰੋਜ਼ਾ ਕਾਨਫਰੰਸ ਬੀਤੇ ਸ਼ਨਿੱਚਰਵਾਰ ਇੱਥੇ ਕੀਤੀ ਗਈ, ਜਿਸ ਵਿਚ ਸਥਾਨਕ ਸਿੱਖ ਭਾਈਚਾਰੇ ਤੋਂ ਇਲਾਵਾ ਦੂਸਰੇ ਸ਼ਹਿਰਾਂ ਤੋਂ ਵੀ ਸੰਗਤਾਂ ਨੇ ਪਹੁੰਚ ਕੇ ਆਏ ਹੋਏ ਆਗੂਆਂ ਦੇ ਵਿਚਾਰ ਸੰਜੀਦਗੀ ਨਾਲ ਸੁਣੇ ਅਤੇ ਸਵਾਲਾਂ ਦੇ ਅਦਾਨ ਪ੍ਰਦਾਨ ਕੀਤਾ। ਅਟਾਰਨੀ ਗੁਰਪੰਤਵੰਤ ਸਿੰਘ ਪੰਨੂੰ ਅਤੇ ਜਤਿੰਦਰ ਸਿੰਘ ਗਰੇਵਾਲ ਨੇ ਸੰਗਤਾਂ ਵਲੋਂ ਕੀਤੇ ਸਵਾਲਾਂ ਦੇ ਜਵਾਬ ਬੜੀ ਸਹਿਜ ਅਤੇ ਠਰੰਮ੍ਹੇ ਨਾਲ ਦਿੱਤੇ।

ਮੰਚ ਸੰਚਾਲਨ ਦੀ ਸੇਵਾ ਨਿਭਾਅ ਰਹੇ ਸੁਰਿੰਦਰ ਸਿੰਘ ਗਿੱਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਤਿਹਾਸ ਦੇ ਪੰਨੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ ਸਭ ਤੋਂ ਵੱਧ ਕੁਰਬਾਨੀਆਂ ਸਿੱਖ ਕੌਮ ਨੇ ਦਿੱਤੀਆਂ ਹਨ ਪਰ ਸੱਚਾਈ ਇਹ ਹੈ ਕਿ ਆਜ਼ਾਦੀ ਮਿਲਣ ਉਪਰੰਤ ਸਭ ਤੋਂ ਵਧੇਰੇ ਸੰਤਾਪ ਵੀ ਸਿੱਖ ਕੌਮ ਨੇ ਹੰਢਾਇਆ। ਉਨ੍ਹਾਂ ਕਿਹਾ ਕਿ ਦਿੱਲੀ ਦੇ ਤਾਜਦਾਰਾਂ ਵਲੋਂ ਕਦੇ ਪੂਰੀ ਸਿੱਖ ਕੌਮ ਨੂੰ ਜਰਾਇਮ ਪੇਸ਼ਾ ਕਰਾਰ ਦੇਣਾ ਅਤੇ ਕਦੀ ਅੱਤਵਾਦੀ-ਵੱਖਵਾਦੀ ਆਖ ਕੇ ਦੁਨੀਆਂ ਭਰ ਦੇ ਮੀਡੀਏ ਵਿਚ ਬਦਨਾਮ ਕੀਤਾ ਜਾ ਰਿਹਾ ਹੈ।

ਭਾਈ ਅਵਤਾਰ ਸਿੰਘ ਪੰਨੂੰ ਨੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ '84 ਦੇ ਦੁਖਾਂਤ ਨੂੰ ਵਾਪਰਿਆਂ ਵਰ੍ਹੇ ਬੀਤ ਗਏ ਹਨ, ਪਰ ਸਿੱਖ ਕੌਮ ਨੂੰ ਇਨਸਾਫ਼ ਨਹੀਂ ਮਿਲਿਆ। ਇਹ ਗੁਲਾਮੀ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ। ਇਸ ਦਾ ਇਕੋ ਇਕ ਹੱਲ ਆਜ਼ਾਦੀ ਹੈ, ਜਿਸ ਲਈ ਸਿੱਖ ਕੌਮ ਨੂੰ ਸੰਘਰਸ਼ਸ਼ੀਲ ਰਹਿਣ ਦੀ ਜ਼ਰੂਰਤ ਹੈ।

ਅਟਾਰਨੀ ਗੁਰਪੰਤਵੰਤ ਸਿੰਘ ਪੰਨੂੰ ਨੇ ਸਿੱਖ ਰਿਫਰੈਂਡਮ 2020 ਬਾਰੇ ਬੋਲਦਿਆਂ ਕਿਹਾ ਕਿ ਇਸਹ ਰਿਫਰੈਂਡਮ ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਇਕ ਲਹਿਰ ਹੈ, ਜਿਸ 'ਤੇ ਭਾਰਤ ਨੇ ਕਬਜ਼ਾ ਕੀਤਾ ਹੋਇਆ ਹੈ। ਇਸ ਲਹਿਰ ਦਾ ਮੁੱਖ ਮੰਤਵ ਹੈ ਕਿ ਸਿੱਖ ਕੌਮ ਨੂੰ ਇਕ ਸਾਂਝੇ ਪਲੇਟ ਫਾਰਮ 'ਤੇ ਲਿਆਂਦਾ ਜਾਵੇ ਤਾਂ ਜੋ ਇਸ ਸਬੰਧੀ ਕੇਸ ਨੂੰ ਪੰਜਾਬ ਦੀ ਆਜ਼ਾਦੀ ਲਏਂ ਸੰਯੁਕਤ ਰਾਸ਼ਟਰ ਅੱਗੇ ਪੇਸ਼ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਹਾਲ ਵਿਚ ਹੀ ਇਸ ਤਰ੍ਹਾਂ ਦੱਖਣੀ ਸੁਡਾਨ ਰਿਫਰੈਂਡਮ ਰਾਹੀਂ ਇਕ ਆਜ਼ਾਦ ਦੇਸ਼ ਵਲੋਂ ਹੋਂਦ ਵਿਚ ਆਇਆ ਹੈ।

## '84 ਕਤਲੇਆਮ : ਲਾਈ ਡਿਟੈਕਟਰ ਦੀ ਹਾਮੀ ਭਰਨ ਵਾਲੇ ਅਭਿਸ਼ੇਕ ਨੂੰ ਸੁਰੱਖਿਆ ਦੇਣ ਦੀ ਹਦਾਇਤ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਇਥੋਂ ਦੀ ਇਕ ਅਦਾਲਤ ਨੇ ਦਿੱਲੀ ਪੁਲੀਸ ਨੂੰ ਹਥਿਆਰ ਡੀਲਰ ਅਭਿਸ਼ੇਕ ਵਰਮਾ ਨੂੰ 24 ਘੰਟੇ ਸੁਰੱਖਿਆ ਦੇਣ ਦੀ ਹਦਾਇਤ ਕੀਤੀ ਹੈ। ਵਰਮਾ 1984 ਦੰਗਿਆਂ ਦਾ ਗਵਾਹ ਹੈ ਅਤੇ ਉਸ ਦਾ ਪ੍ਰੋਲੀਗ੍ਰਾਫ਼ ਟੈਸਟ ਹੋਣਾ ਹੈ। ਵਧੀਕ ਚੀਫ਼ ਮੈਟਰੋਪਾਲੀਟਨ ਮੈਜਿਸਟਰੇਟ ਸ਼ਿਵਾਲੀ ਸ਼ਰਮਾ ਦੇ ਇਹ ਹੁਕਮ ਵਰਮਾ ਨੂੰ ਉਨ੍ਹਾਂ ਨੂੰ ਇਹ ਦੱਸੇ ਜਾਣ ਕਿ ਉਹ



ਲੋੜੀਂਦੀ ਸੁਰੱਖਿਆ ਮਿਲਣ 'ਤੇ ਪੋਲੀਗ੍ਰਾਫ਼ ਟੈਸਟ ਕਰਾਉਣ ਲਈ ਤਿਆਰ ਹੈ, ਤੋਂ ਬਾਅਦ ਆਏ ਹਨ। ਅਦਾਲਤ ਨੇ ਪੁਲੀਸ ਨੂੰ ਹਦਾਇਤ ਕੀਤੀ ਹੈ ਕਿ ਉਹ ਵਰਮਾ ਦਾ ਪੋਲੀਗ੍ਰਾਫ਼ ਟੈਸਟ ਹੋਣ ਤਕ ਉਸ ਨੂੰ 24 ਘੰਟੇ ਸੁਰੱਖਿਆ ਮੁਹੱਈਆ ਕਰਵਾਏ। ਅਦਾਲਤ ਨੇ ਪੋਲੀਗ੍ਰਾਫ਼ ਟੈਸਟ ਸਬੰਧੀ ਵਰਮਾ ਵੱਲੋਂ ਹਾਮੀ ਭਰਨ ਦੇ ਵੱਖਰੇ ਤੌਰ 'ਤੇ ਬਿਆਨ ਦਰਜ ਕੀਤੇ ਹਨ। ਅਦਾਲਤ ਨੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਤੋਂ ਰਾਜਧਾਨੀ ਵਿਚਲੇ ਪੋਲੀਗ੍ਰਾਫ਼ ਟੈਸਟ ਲਈ ਮਾਕੂਲ ਹਸਪਤਾਲਾਂ ਦੀ ਸੂਚੀ ਮੰਗੀ ਹੈ। ਮਾਮਲੇ ਦੀ ਅਗਲੀ ਸੁਣਵਾਈ 1 ਅਗਸਤ ਨੂੰ ਹੋਵੇਗੀ। ਵਰਮਾ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਸ ਦੀ ਜਾਨ ਦਾ ਖ਼ਤਰਾ ਹੈ। ਉਸ ਨੇ ਆਪਣੀ ਪਤਨੀ ਅਤੇ ਮਾਂ ਨੂੰ ਵੀ ਅਜਿਹਾ ਖਤਰਾ ਦੱਸਿਆ ਸੀ। ਐਡਵੋਕੇਟ ਕਾਮਨਾ ਵੋਹਰਾ ਜੋ ਦੰਗਾ ਪੀੜਤਾਂ ਦੀ ਪ੍ਰਤੀਨਿਧਤਾ ਕਰ ਰਹੇ ਹਨ, ਨੇ ਅਦਾਲਤ ਨੂੰ ਦੱਸਿਆ ਕਿ ਪ੍ਰੋਲੀਗ੍ਰਾਫ਼ ਟੈਸਟ ਹੋਣ ਤਕ ਵਰਮਾ ਨੂੰ 24 ਘੰਟੇ ਸੁਰੱਖਿਆ ਦਿੱਤੀ ਜਾਣੀ ਚਾਹੀਦੀ ਹੈ। ਟਾਈਟਲਰ ਨੇ ਪ੍ਰੋਲੀਗ੍ਰਾਫ਼ ਟੈਸਟ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੈ।

## ਅਕਾਲੀ ਪ੍ਰਤਿਕਾ ਦੇ ਬਾਨੀ ਸ. ਅਮਰ ਸਿੰਘ ਦੁਸਾਂਝ ਦੀ ਪਤਨੀ ਸਰਦਾਰਨੀ ਗੁਰਚਰਨ ਕੌਰ ਦੁਸਾਂਝ ਨਹੀਂ ਰਹੇ

### ਅੰਤਿਮ ਸਸਕਾਰ 3 ਅਗਸਤ, ਵੀਰਵਾਰ ਨੂੰ ਦੁਪਹਿਰ 1.00 ਤੋਂ 3.00 ਵਜੇ ਤੱਕ

**ਹੇਵਰਡ/ਬਿਊਰੋ ਨਿਊਜ਼ :** ਅਕਾਲੀ ਪ੍ਰਤਿਕਾ ਦੇ ਬਾਨੀ ਸ. ਅਮਰ ਸਿੰਘ ਦੁਸਾਂਝ ਦੀ ਪਤਨੀ ਸਰਦਾਰਨੀ ਗੁਰਚਰਨ ਕੌਰ ਦੁਸਾਂਝ 26 ਜੁਲਾਈ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਅੰਤਿਮ ਸਸਕਾਰ 3 ਅਗਸਤ, ਵੀਰਵਾਰ ਨੂੰ ਦੁਪਹਿਰ 1.00 ਤੋਂ 3.00 ਵਜੇ ਤੱਕ ਚੈਪਲ ਆਫ਼ ਚਾਈਮਜ਼ ਹੇਵਰਡ, ਕੈਲੀਫੋਰਨੀਆ ਵਿਖੇ ਕੀਤਾ ਜਾਵੇਗਾ।



ਜ਼ਿਕਰਯੋਗ ਹੈ ਕਿ ਸਰਦਾਰਨੀ ਗੁਰਚਰਨ ਕੌਰ ਦਾ ਜਨਮ ਨਰੰਗਵਾਲ (ਲੁਧਿਆਣਾ ਜ਼ਿਲ੍ਹਾ) ਵਿਚ 1917 ਵਿਚ ਹੋਇਆ ਸੀ। ਉਹ 3 ਭੈਣ-ਭਰਾ ਸਨ। ਛੋਟੀ ਉਮਰੇ ਹੀ ਉਨ੍ਹਾਂ ਦੀ ਮਾਤਾ ਦਾ ਦੇਹਾਂਤ ਹੋ ਗਿਆ, ਜਿਸ ਕਰਕੇ ਉਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਚਾਚਾ-ਚਾਚੀ ਨੇ ਹੀ ਕੀਤਾ। ਉਨ੍ਹਾਂ ਦਾ ਵੱਡਾ ਭਰਾ ਤੇ ਪਿਤਾ ਜੀ ਕੀਨੀਆ ਚਲੇ ਗਏ ਤੇ ਉਥੇ ਜਾ ਕੇ ਸਫਲ ਕਿਸਾਨ ਬਣੇ। 20 ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਦਾ ਵਿਆਹ ਸਰਦਾਰ ਅਮਰ ਸਿੰਘ ਦੁਸਾਂਝ ਨਾਲ ਹੋਇਆ। ਸਰਦਾਰਨੀ ਗੁਰਚਰਨ ਕੌਰ ਨੇ ਮਜ਼ਬੂਤ ਇਰਾਦੇ ਨਾਲ ਘਰ ਸੰਭਾਲਿਆ ਅਤੇ ਆਪਣੇ ਪਤੀ ਨੂੰ ਸਫਲ ਸਿਆਸੀ ਸਫ਼ਰ 'ਤੇ ਤੋਰਿਆ। ਉਨ੍ਹਾਂ ਨੇ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਕੀਤਾ ਅਤੇ ਸਮਾਜ ਸੇਵਾ ਦੇ ਕੰਮਾਂ ਵਿਚ ਹਿੱਸਾ ਲਿਆ। ਉਨ੍ਹਾਂ ਦੇ 7 ਬੱਚੇ ਹੋਏ ਜੋ ਦੁਸਾਂਝ ਕਲਾਂ ਅਤੇ ਜਲੰਧਰ ਵਿਚ ਪਲੇ, ਵੱਡੇ ਹੋਏ। ਸਿਆਸਤਦਾਨ ਦੀ ਪਤਨੀ ਹੋਣ ਦੇ ਨਾਤੇ ਉਨ੍ਹਾਂ ਨੇ ਘਰ ਵਿਚ ਆਉਂਦੇ ਹਰ ਵਿਅਕਤੀ ਦਾ ਸਵਾਗਤ ਖਿੜੇ ਮੱਥੇ ਕੀਤਾ। ਉਨ੍ਹਾਂ ਦੀ ਦਿਆਨਤਦਾਰੀ ਤੇ ਮਹਿਮਾਨਨਵਾਜ਼ੀ ਕਾਰਨ ਜ਼ਿੰਦਗੀ ਵਧੀਆ ਗੁਜ਼ਰਦੀ ਰਹੀ। ਸਰਦਾਰ ਅਮਰ ਸਿੰਘ ਦੁਸਾਂਝ ਦੀ 1980 ਵਿਚ ਮੌਤ ਤੋਂ ਬਾਅਦ ਵੀ ਉਹ ਦ੍ਰਿੜ ਇਰਾਦੇ ਨਾਲ ਚੱਲਦੇ ਰਹੇ। ਉਨ੍ਹਾਂ ਨੇ ਆਪਣੇ-ਆਪ ਨੂੰ ਕਦੇ ਡੋਲਣ ਨਹੀਂ ਦਿੱਤਾ। ਉਹ ਆਪਣੇ ਬੱਚਿਆਂ, ਪੋਤੇ-ਪੋਤੀਆਂ ਕੋਲ ਇੰਗਲੈਂਡ ਤੇ ਅਮਰੀਕਾ ਰਹਿੰਦੇ ਰਹੇ। ਅਕਾਲ ਪੁਰਖ਼ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖ਼ਸ਼ੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 510-209-9614 'ਤੇ ਕਾਲ ਕਰ ਸਕਦੇ ਹੋ।


LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear
Family Law • Divorce

Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਅਮਰੀਕੀ ਮੁਸਲਮਾਨਾਂ ਨੂੰ ਟਰੰਪ ਦੀ ਬੇਰੁਖੀ ਦੇ ਬਾਵਜੂਦ ਸਮਾਜ ਵਿਚ ਸਵੀਕਾਰੇ ਜਾਣ ਦਾ ਪੂਰਾ ਭਰੋਸਾ

**ਨਿਊ ਯਾਰਕ/ਬਿਊਰੋ ਨਿਊਜ਼ :** ਅਮਰੀਕੀ ਮੁਸਲਮਾਨਾਂ ਦਾ ਕਹਿਣਾ ਹੈ ਕਿ ਡੋਨਲਡ ਟਰੰਪ ਦੇ ਰਾਸ਼ਟਰਪਤੀ ਬਣਨ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਉਨ੍ਹਾਂ ਨੂੰ ਆਪਣੇ ਅਕੀਦੇ ਬਾਰੇ ਵੱਡੇ ਪੱਧਰ 'ਤੇ ਸ਼ੱਕ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਨੂੰ ਅਮਰੀਕੀਆਂ ਤੋਂ ਵਿਅਕਤੀਗਤ ਤੌਰ 'ਤੇ ਹੋਰ ਸਮਰਥਨ ਮਿਲਿਆ ਅਤੇ ਉਨ੍ਹਾਂ ਨੂੰ ਆਸ ਹੈ ਕਿ ਉਨ੍ਹਾਂ ਨੂੰ ਹੌਲੀ ਹੌਲੀ ਅਮਰੀਕੀ ਸਮਾਜ ਵਿੱਚ ਸਵੀਕਾਰ ਕਰ ਲਿਆ ਜਾਵੇਗਾ। ਇਹ ਖ਼ੁਲਾਸਾ ਇਕ ਨਵੇਂ ਸਰਵੇਖਣ ਵਿੱਚ ਹੋਇਆ ਹੈ।

ਪੀਊ ਰੀਸਰਚ ਸੈਂਟਰ ਦੀ ਜਾਰੀ ਹੋਈ ਰਿਪੋਰਟ ਮੁਤਾਬਕ ਤਕਰੀਬਨ 75 ਫ਼ੀਸਦ ਅਮਰੀਕੀ ਮੁਸਲਮਾਨਾਂ ਦਾ ਮੰਨਣਾ ਹੈ ਕਿ ਟਰੰਪ ਦਾ ਉਨ੍ਹਾਂ ਪ੍ਰਤੀ ਵਿਹਾਰ ਗ਼ੈਰਦੋਸਤਾਨਾ ਹੈ। 62 ਫ਼ੀਸਦ ਨੇ ਕਿਹਾ ਕਿ ਰਾਸ਼ਟਰਪਤੀ ਦੀ ਚੋਣ ਬਾਅਦ ਅਮੈਰਿਕਨਾਂ ਵੱਲੋਂ ਇਸਲਾਮ ਨੂੰ ਮੁੱਖ ਧਾਰਾ ਦਾ ਹਿੱਸਾ ਨਹੀਂ ਮੰਨਿਆ ਜਾਂਦਾ। ਤਕਰੀਬਨ ਅੱਧੇ ਮੁਸਲਮਾਨਾਂ ਨੇ ਕਿਹਾ ਕਿ ਪਿਛਲੇ ਸਾਲ ਉਨ੍ਹਾਂ ਨੂੰ ਗ਼ੈਰ-ਮੁਸਲਿਮ ਤੋਂ ਉਤਸ਼ਾਹੀ ਵਾਲਾ ਹੁੰਗਾਰਾ ਮਿਲਿਆ ਅਤੇ ਪਿਛਲੀਆਂ ਚੋਣਾਂ ਬਾਅਦ ਇਸ ਵਿੱਚ ਵਾਧਾ ਹੋਇਆ ਹੈ। ਇਸ ਕਾਰਨ ਮੁਸਲਿਮ ਆਪਣੇ ਭਵਿੱਖ ਬਾਰੇ ਆਸਵੰਦ ਹਨ। 72 ਫ਼ੀਸਦ ਦਾ ਮੰਨਣਾ ਹੈ ਕਿ ਅਮਰੀਕਾ ਵਿੱਚ ਸਖ਼ਤ ਮਿਹਨਤ ਨਾਲ ਸਫ਼ਲਤਾ ਮਿਲ ਸਕਦੀ ਹੈ।

ਪ੍ਰਿੰਸਟਨ ਯੂਨੀਵਰਸਿਟੀ ਵਿੱਚ ਪੋਲਿਟੀਕਲ ਵਿਸ਼ੇ ਦੇ ਮਾਹਿਰ ਤੇ ਪੀਊ ਰੀਸਰਚਰਜ਼ ਦੇ ਸਲਾਹਕਾਰ ਅਮਾਨੇ ਜਮਾਲ ਨੇ ਕਿਹਾ, 'ਅਮਰੀਕਾ ਦੀ ਮੁਸਲਿਮ ਵਸੋਂ ਵਿਚ ਇਹ ਅਹਿਸਾਸ ਆਇਆ ਹੈ ਕਿ ਹੋਰ ਲੋਕ ਉਨ੍ਹਾਂ ਨੂੰ ਸਮਝਣ ਲੱਗੇ ਹਨ ਅਤੇ ਉਨ੍ਹਾਂ ਨਾਲ ਹਮਦਰਦੀ ਕਰਨ ਲੱਗੇ ਹਨ।' ਪੀਊ ਸੈਂਟਰ ਵੱਲੋਂ ਇਸ ਸਰਵੇਖਣ ਤਹਿਤ 23 ਜਨਵਰੀ ਤੋਂ 2 ਮਈ ਦਰਮਿਆਨ 1001 ਬਾਲਗਾਂ ਤੋਂ ਫੋਨ (ਲੈਂਡਲਾਈਨ ਤੇ ਮੋਬਾਈਲ) ਰਾਹੀਂ ਅੰਗਰੇਜ਼ੀ, ਅਰਬੀ, ਫਾਰਸੀ ਤੇ ਉਰਦੂ ਵਿੱਚ ਵਿਚਾਰ ਲਏ ਹਨ। ਇਸ ਸਰਵੇਖਣ ਮੁਤਾਬਕ ਤਕਰੀਬਨ ਅੱਧੇ ਅਮਰੀਕੀ ਮੁਸਲਮਾਨਾਂ ਨੇ ਕਿਹਾ ਕਿ ਪਿਛਲੇ ਸਾਲ ਵਿੱਚ ਉਨ੍ਹਾਂ ਨੂੰ ਪੱਖਪਾਤ ਦਾ ਸਾਹਮਣਾ ਕਰਨਾ ਪਿਆ, ਜਿਵੇਂ ਉਨ੍ਹਾਂ ਨੂੰ ਬੇਵਿਸਾਹੀ ਤੇ ਡਰ ਵਾਲਾ ਵਿਹਾਰ ਦੇ ਸਾਹਮਣੇ ਤੋਂ ਇਲਾਵਾ ਭੱਦੇ ਨਾਵਾਂ ਨਾਲ ਬੁਲਾਇਆ ਗਿਆ। ਇਸ ਸਰਵੇਖਣ ਵਿੱਚ ਕੁਝ ਸਬੂਤ ਮਿਲੇ ਹਨ ਕਿ ਮੁਸਲਿਮ ਵਿੱਚ ਅਮਰੀਕਾ ਨਾਲ ਸਬੰਧਤ ਹੋਣ ਦਾ ਅਹਿਸਾਸ ਵਧ ਰਹਿ ਹੈ। 89 ਫ਼ੀਸਦ ਨੇ ਕਿਹਾ ਕਿ ਉਨ੍ਹਾਂ ਨੂੰ ਮੁਸਲਿਮ ਤੇ ਅਮੈਰਿਕਨ ਹੋਣ 'ਤੇ ਮਾਣ ਹੈ। ਤਕਰੀਬਨ ਦੋ ਤਿਹਾਈ ਨੇ ਕਿਹਾ ਕਿ ਇਸਲਾਮ ਤੇ ਜਮਹੂਰੀਅਤ ਵਿਚਕਾਰ ਕੋਈ ਟਕਰਾਅ ਨਹੀਂ ਹੈ।

# ਟਰੰਪ ਹਾਮੀ ਭਰਨ, ਚੀਨ ਖ਼ਿਲਾਫ਼ ਪ੍ਰਮਾਣੂ ਹਮਲਾ ਕਰ ਦਿਆਂਗੇ : ਅਮਰੀਕੀ ਐਡਮਿਰਲ

**ਮੈਲਬੌਰਨ/ਬਿਊਰੋ ਨਿਊਜ਼ਡ :** ਅਮਰੀਕੀ ਜਲ ਸੈਨਾ ਦੇ ਕਮਾਂਡਰ ਐਡਮਿਰਲ ਸਕੋਟ ਸਵਿਫਟ ਨੇ ਕਿਹਾ ਹੈ ਕਿ ਜੇਕਰ ਰਾਸ਼ਟਰਪਤੀ ਡੋਨਲਡ ਟਰੰਪ ਹੁਕਮ ਦੇਣ ਤਾਂ ਉਹ ਅਗਲੇ ਹਫਤੇ ਚੀਨ ਖ਼ਿਲਾਫ਼ ਪ੍ਰਮਾਣੂ ਹਮਲਾ ਛੇੜਣਗੇ। ਅਮਰੀਕੀ ਜਲ ਸੈਨਾ ਦੇ ਐਡਮਿਰਲ ਨੇ ਇਹ ਭੜਕਾਊ ਬਿਆਨ ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ ਵਿਚ ਇਕ ਸੁਰੱਖਿਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਤਾ। ਰਾਸ਼ਟਰਪਤੀ ਡੋਨਲਡ ਟਰੰਪ ਦੇ ਹੁਕਮ 'ਤੇ ਅਗਲੇ ਹਫਤੇ ਚੀਨ 'ਤੇ ਪ੍ਰਮਾਣੂ ਹਮਲਾ ਕਰਨ ਜਾਂ ਨਾ ਕਰਨ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਹਾਂ ਵਿਚ ਦਿੰਦਿਆਂ ਉਨ੍ਹਾਂ ਕਿਹਾ ਕਿ ਉਹ ਹਮਲਾ ਕਰ ਸਕਦੇ ਹਨ।

# ਉਤਰੀ ਕੋਰੀਆ ਦੀ ਧਮਕੀ-ਸਾਰਾ ਅਮਰੀਕਾ ਸਾਡੀ ਮਿਜ਼ਾਈਲ ਦੀ ਮਾਰ ਹੇਠ

**ਸਿਓਲ/ਬਿਊਰੋ ਨਿਊਜ਼ :** ਉੱਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਨੇ ਦੂਸਰੀ ਵਾਰ 'ਅੰਤਰ-ਮਹਾਂਦੀਪੀ ਬਲੈਸਟਿਕ ਮਿਜ਼ਾਈਲ' (ਆਈ.ਸੀ.ਬੀ.ਐਮ.) ਦਾ ਪ੍ਰੀਖਣ ਕਰਕੇ ਡੋਨਲਡ ਟਰੰਪ ਨੂੰ ਚੁਣੌਤੀ ਦੇ ਦਿੱਤੀ ਹੈ ਕਿ ਹੁਣ ਸਾਰਾ ਅਮਰੀਕਾ ਸਾਡੀ ਮਿਜ਼ਾਈਲ ਦੇ ਦਾਇਰੇ ਵਿਚ ਹੈ। ਉੱਤਰੀ ਕੋਰੀਆ ਨੇ ਅੰਤਰਰਾਸ਼ਟਰੀ ਦਬਾਅ ਦੇ ਬਾਵਜੂਦ ਬੀਤੇ ਦਿਨ ਸ਼ੁੱਕਰਵਾਰ ਇਹ ਪ੍ਰੀਖਣ ਕੀਤਾ। ਹਥਿਆਰ ਮਾਹਰਾਂ ਦਾ ਕਹਿਣਾ ਹੈ ਕਿ ਇਸ ਮਿਜ਼ਾਈਲ ਦੀ ਨਿਊਯਾਰਕ ਤੱਕ ਮਾਰ ਕਰਨ ਦੀ ਸਮਰੱਥਾ ਹੈ। ਕਿਮ ਦੀ ਅਗਵਾਈ ਵਾਲੀ ਉੱਤਰੀ ਕੋਰੀਆਈ ਲੀਡਰਸ਼ਿਪ ਇਸ ਨੂੰ ਲੈ ਕੇ ਉਤਸ਼ਾਹਤ ਹੈ ਕਿ ਉਨ੍ਹਾਂ ਦਾ ਇਹ ਪ੍ਰੀਖਣ ਬੇਮਿਸਾਲ ਪ੍ਰਮਾਣੂ ਹਮਲੇ ਦੀ ਸਮਰੱਥਾ ਵਾਲਾ ਹੈ। ਕਿਮ ਦੇ ਹਵਾਲੇ ਨਾਲ ਸਰਕਾਰੀ ਏਜੰਸੀ ਨੇ ਦੱਸਿਆ ਕਿ ਪ੍ਰੀਖਣ ਦਾ ਮਕਸਦ ਅਮਰੀਕਾ ਜੋ ਉਨ੍ਹਾਂ ਦੇ ਪ੍ਰਮਾਣੂ ਪ੍ਰੀਖਣਾਂ ਵਿਚ ਅੜਿੱਕਾ ਬਣ ਰਿਹਾ ਹੈ, ਨੂੰ ਵੱਡੀ ਚੁਣੌਤੀ ਦੇਣਾ ਹੈ ਅਤੇ ਉੱਤਰੀ ਕੋਰੀਆ ਆਪਣੀ ਸਮਰੱਥਾ ਦਾ ਕਿਸੇ ਵੀ ਥਾਂ ਤੇ ਕਿਸੇ ਵੀ ਸਮੇਂ ਪ੍ਰਦਰਸ਼ਨ ਕਰ ਸਕਦਾ ਹੈ। ਉਨ੍ਹਾਂ ਮਾਣ ਜਿਤਾਉਂਦਿਆਂ ਕਿਹਾ ਕਿ ਬਲੈਸਟਿਕ ਮਿਜ਼ਾਈਲ ਦੇ ਇਸ ਪ੍ਰੀਖਣ ਨਾਲ ਅਮਰੀਕਾ ਉਨ੍ਹਾਂ ਦੇ ਦਾਇਰੇ ਵਿਚ ਆ ਗਿਆ ਹੈ।

# ਪੁਤਿਨ ਵਲੋਂ 755 ਅਮਰੀਕੀ ਰਾਜਦੂਤਾਂ ਨੂੰ ਰੂਸ 'ਚੋਂ ਵਾਪਸ ਜਾਣ ਦੇ ਹੁਕਮ

**ਮਾਸਕੋ/ਬਿਊਰੋ ਨਿਊਜ਼ :** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਅਮਰੀਕਾ ਦੇ 755 ਰਾਜਦੂਤਾਂ ਨੂੰ ਰੂਸ ਤੋਂ ਜਾਣ ਲਈ ਕਹਿ ਦਿੱਤਾ ਹੈ। ਪੁਤਿਨ ਦਾ ਇਹ ਵੱਡਾ ਬਿਆਨ ਉਸ ਐਲਾਨ ਤੋਂ ਬਾਅਦ ਆਇਆ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਵਾਸ਼ਿੰਗਟਨ ਦੀਆਂ ਨਵੀਆਂ ਸਖ਼ਤ ਪਾਬੰਦੀਆਂ ਦੇ ਜਵਾਬ ਵਿਚ ਰੂਸ ਅਮਰੀਕੀ ਰਾਜਦੂਤਾਂ ਨੂੰ ਬਰਖ਼ਾਸਤ ਕਰੇਗਾ। ਰੂਸ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕਾ ਨੂੰ ਕਿਹਾ ਹੈ ਕਿ ਉਹ ਆਪਣੇ ਰਾਜਦੂਤਾਂ ਦੀ ਮੌਜੂਦਗੀ ਸਤੰਬਰ ਤੱਕ ਘਟਾ ਕੇ 455 ਕਰੇ ਕਿਉਂਕਿ ਵਾਸ਼ਿੰਗਟਨ ਵਿਚ ਰੂਸ ਦੇ ਰਾਜਦੂਤਾਂ ਦੀ ਗਿਣਤੀ ਵੀ ਏਨੀ ਹੀ ਹੈ। ਪੁਤਿਨ ਨੇ ਰੂਸ 24 ਟੈਲੀਵਿਜ਼ਨ ਨੂੰ ਇੰਟਰਵਿਊ ਦਿੰਦਿਆਂ ਕਿਹਾ ਕਿ ਰੂਸ ਵਿਚ ਅਮਰੀਕਾ ਦੇ ਇਕ ਹਜ਼ਾਰ ਤੋਂ ਵੱਧ ਰਾਜਦੂਤ ਕੰਮ ਕਰ ਰਹੇ ਸਨ ਤੇ ਹੁਣ ਵੀ ਕਰ ਰਹੇ ਹਨ। ਇਸ ਲਈ 755 ਅਮਰੀਕੀ ਰਾਜਦੂਤਾਂ ਨੂੰ ਆਪਣੀਆਂ ਗਤੀਵਿਧੀਆਂ 'ਤੇ ਰੋਕ ਲਗਾ ਦੇਣੀ ਚਾਹੀਦੀ ਹੈ। ਮੀਡੀਆ ਰਿਪੋਰਟ ਅਨੁਸਾਰ ਪੁਤਿਨ ਨੇ ਕਿਹਾ ਕਿ ਅਮਰੀਕਾ ਅਤੇ ਰੂਸ ਦੇ ਸਬੰਧਾਂ ਵਿਚ ਹਾਲ ਦੀ ਘੜੀ ਸੁਧਾਰ ਹੋਣ ਦੀ ਕੋਈ ਉਮੀਦ ਨਹੀਂ ਹੈ।

# ਗੁਰਦੁਆਰਾ ਸੱਚ ਖੰਡ ਈਸ਼ਰ ਦਰਬਾਰ ਸੈਕਰਾਮੈਂਟੋ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਸੈਕਰਾਮੈਂਟੋ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵਲੋਂ ਗੁਰਦੁਆਰਾ ਸੱਚ ਖੰਡ ਈਸ਼ਰ ਦਰਬਾਰ (GFAF Range View Road, Sacramento) ਸੈਕਰਾਮੈਂਟੋ ਵਿਖੇ ਵਿਸ਼ੇਸ਼ ਦਿਵਾਨਾਂ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਮੌਕੇ ਸ਼ਰਧਾ ਭਾਵਨਾ ਨਾਲ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਸ਼ਾਇਰ ਪ੍ਰਵਾਨਾ ਨੇ ਮੰਚ ਸੰਭਾਲਦਿਆਂ ਗੁਰੂ ਸਾਹਿਬ ਦੇ ਜੀਵਨ ਇਤਿਹਾਸ 'ਤੇ ਰੌਸ਼ਨੀ ਪਾਈ। ਉਨ੍ਹਾਂ ਦਸਿਆ ਕਿ ਗੁਰੂ ਸਾਹਿਬ ਨੇ ਢਾਈ ਸਾਲ ਦੀ ਗੁਰਤਾ ਵਿਚ ਬੜੀ ਸਿਆਣਪ, ਦ੍ਰਿੜਤਾ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ। ਉਨ੍ਹਾਂ ਨੇ ਧਰਮ ਪ੍ਰਚਾਰ ਵੀ ਉਸੇ ਤਰ੍ਹਾਂ ਜਾਰੀ ਰੱਖਿਆ ਜਿਵੇਂ ਪਹਿਲਾਂ ਤੋਂ ਚਲਿਆ ਆ ਰਿਹਾ ਸੀ। ਲੋੜ ਪੈਣ 'ਤੇ ਉਨ੍ਹਾਂ ਨੇ ਥਾਂ ਥਾਂ ਲੰਗਰ ਵਰਤਾਏ ਅਤੇ ਸਾਫ਼ ਪਾਣੀ ਦੇ ਪ੍ਰਬੰਧ ਕੀਤੇ। ਉਨ੍ਹਾਂ ਨੇ ਸੱਚੀ ਸੁੱਚੀ ਕਿਰਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਧਾਰਮਿਕ ਕਵੀ ਦਰਬਾਰ ਵਿੱਚ ਪ੍ਰਮਿੰਦਰ ਸਿੰਘ ਰਾਏ ਖਾਨ ਖਾਨਾ, ਤਰਸੇਮ ਸਿੰਘ, ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੌਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪਰਵਾਨਾ, ਗੁਰਮੇਲ ਕੌਰ, ਪਰਮਜੀਤ ਕੌਰ ਅਤੇ ਬਲਵਿੰਦਰ ਸਿੰਘ ਨੇ ਭਾਗ ਲਿਆ। ਸੰਗਤਾਂ ਵਲੋਂ ਸਾਰਾ ਪ੍ਰੋਗਰਾਮ ਬੜੀ ਇਕਾਗਰਤਾ ਨਾਲ ਸਰਵਣ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਬਾਨੀ ਬਾਬਾ ਕਸ਼ਮੀਰ ਸਿੰਘ ਨੇ ਕਿਹਾ ਕਿ ਜਿਥੇ ਅਸੀਂ ਕਵੀਆਂ ਦੇ ਧੰਨਵਾਦੀ ਹਾਂ, ਉਥੇ ਉਨ੍ਹਾਂ ਨੂੰ ਹਮੇਸ਼ਾ ਲਈ ਸੱਦਾ ਹੈ ਜਦੋਂ ਚਾਹੁਣ ਧਾਰਮਿਕ ਕਵੀ ਦਰਬਾਰ ਸਜਾ ਸਕਦੇ ਹਨ। ਨੇੜਲੇ ਭਵਿੱਖ ਵਿਚ ਵੱਡੇ ਪੱਧਰ 'ਤੇ ਧਾਰਮਿਕ ਕਵੀ ਦਰਬਾਰ ਸਜਾਉਣ ਦਾ ਉਪਰਾਲਾ ਕੀਤਾ ਜਾਵੇਗਾ। ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਕਵੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।

# ਅਮਰੀਕੀ ਸਦਨ ਵਿਚ ਮੈਕਸੀਕੋ ਸਰਹੱਦ 'ਤੇ ਕੰਧ ਬਣਾਉਣ ਲਈ ਧਨ ਮੁਹੱਈਆ ਕਰਵਾਉਣ ਸੰਬੰਧੀ ਬਿੱਲ ਕੀਤਾ ਪਾਸ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕੀ ਪ੍ਰਤੀਨਿਧੀ ਸਭਾ ਨੇ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਵਿਚ ਖਰਚ ਕਰਨ ਸੰਬੰਧਤ ਇਕ ਸੰਘੀ ਖਰਚ ਬਿੱਲ ਨੂੰ ਪਾਸ ਕਰ ਦਿੱਤਾ ਹੈ, ਜਿਸ ਵਿਚ ਅਮਰੀਕਾ-ਮੈਕਸੀਕੋ ਸੀਮਾ 'ਤੇ ਬਣਨ ਵਾਲੀ ਕੰਧ ਸਮੇਤ ਹੋਰ ਕਈ ਚੀਜ਼ਾਂ ਲਈ ਧਨ ਮੁਹੱਈਆ ਕਰਾਉਣਾ ਸ਼ਾਮਲ ਹੈ। ਅਮਰੀਕਾ-ਮੈਕਸੀਕੋ ਸੀਮਾ 'ਤੇ ਕੰਧ ਬਣਾਉਣ ਦੀ ਯੋਜਨਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਿਖਰ ਤਰਜੀਹ ਰਹੀ ਹੈ। ਸਦਨ ਨੇ 192 ਦੇ ਮੁਕਾਬਲੇ 235 ਵੋਟਾਂ ਨਾਲ ਇਸ 827 ਬਿਲੀਅਨ ਅਮਰੀਕੀ ਡਾਲਰ (ਲਗਭਗ 531 ਖਰਬ ਰੁਪਏ) ਦੇ ਪੈਕੇਜ ਨੂੰ ਪਾਸ ਕੀਤਾ। ਇਸ ਵਿਚ ਸੀਮਾ 'ਤੇ ਕੰਧ ਬਣਾਉਣ ਲਈ 1.6 ਅਰਬ ਅਮਰੀਕੀ ਡਾਲਰ ਦਾ ਪ੍ਰਬੰਧ ਕੀਤਾ ਗਿਆ ਹੈ।



ਟਰੰਪ ਦਾ ਮੰਨਣਾ ਹੈ ਕਿ ਅਮਰੀਕਾ ਵਿਚ ਗੈਰ ਕਾਨੂੰਨੀ ਇਮੀਗਰੇਸ਼ਨ ਅਤੇ ਡਰੱਗ ਤਸਕਰੀ ਨੂੰ ਰੋਕਣ ਲਈ ਇਹ ਬਹੁਤ ਹੀ ਮਹੱਤਵਪੂਰਣ ਹੈ। ਹਾਲਾਂਕਿ ਇਸ ਬਿੱਲ 'ਤੇ ਅਮਰੀਕੀ ਰਾਸ਼ਟਰਪਤੀ ਦੁਆਰਾ ਦਸਤਖਤ ਕੀਤੇ ਜਾਣ ਤੋਂ ਪਹਿਲਾਂ ਹਾਲੇ ਇਸ ਬਿੱਲ ਨੂੰ ਸੈਨੇਟ ਤੋਂ ਪਾਸ ਕਰਾਉਣਾ ਹੋਵੇਗਾ, ਜਿੱਥੇ ਵਿਰੋਧੀ ਧਿਰ ਡੈਮੋਕ੍ਰੇਟਸ ਦੀ ਸੰਖਿਆ ਜ਼ਿਆਦਾ ਹੈ। ਡੈਮੋਕ੍ਰੇਟਿਕਸ ਅਗਵਾਈ ਟਰੰਪ ਪ੍ਰਸ਼ਾਸਨ ਦੇ ਅਜਿਹੇ ਕਦਮਾਂ ਦਾ ਜ਼ੋਰਦਾਰ ਵਿਰੋਧ ਕਰਦਾ ਰਿਹਾ ਹੈ। ਸਦਨ ਵਿਚ ਡੈਮੋਕ੍ਰੇਟਿਕ ਨੇਤਾ ਨੈਂਸੀ ਪੇਲੋਸੀ ਨੇ ਕਿਹਾ, "ਸੀਮਾ 'ਤੇ ਕੰਧ ਬਣਾਉਣ ਦੀ ਰਾਸ਼ਟਰਪਤੀ ਟਰੰਪ ਦੀ ਇਹ ਯੋਜਨਾ ਅਨੈਤਿਕ, ਬੇਅਸਰ ਅਤੇ ਕਾਫੀ ਖਰਚੀਲੀ ਹੈ। ਜਿਸ 'ਤੇ ਹੋਣ ਵਾਲੀ ਫਿਜੂਲ ਖਰਚੀ ਕਰ ਦੇਣ ਵਾਲਿਆਂ ਦੇ ਅਰਬਾਂ ਡਾਲਰ ਬਰਬਾਦ ਕਰ ਦੇਵੇਗੀ।"

ਉਨ੍ਹਾਂ ਨੇ ਕਿਹਾ, "ਤੁਸੀਂ (ਟਰੰਪ) ਕਿਹਾ ਸੀ ਕਿ ਇਸ ਦੀ ਲਾਗਤ 4 ਅਰਬ ਤੋਂ 6 ਅਰਬ ਡਾਲਰ ਤੱਕ ਆਵੇਗੀ। ਪਰ ਸੱਚ ਇਹ ਹੈ ਕਿ ਇਸ ਦੀ ਲਾਗਤ 30 ਜਾਂ 40 ਅਰਬ ਡਾਲਰ ਤੱਕ ਆਉਣ ਵਾਲੀ ਹੈ ਅਤੇ ਉਹ ਚਾਹੁੰਦੇ ਹਨ ਕਿ ਇਸ ਬਿੱਲ ਵਿਚ ਕੰਧ ਨਿਰਮਾਣ ਲਈ ਪੂਰਾ ਭੁਗਤਾਨ ਪਹਿਲਾਂ ਹੀ ਜੋ ਜਾਵੇ। ਇਹ ਜ਼ਹਿਰੀਲਾ ਬਿੱਲ ਹੈ।" ਹਾਊਸ ਡੈਮੋਕ੍ਰੇਟਿਕ ਕਾਕਸ ਦੇ ਪ੍ਰਧਾਨ ਜੋ ਕ੍ਰਾਊਲੇ ਨੇ ਸੀਮਾ 'ਤੇ ਕੰਧ ਬਣਾਉਣ ਦੇ ਕਦਮ ਨੂੰ ਅਨੈਤਿਕ ਅਤੇ ਬੇਅਸਰ ਦੱਸਿਆ ਹੈ। ਉਨ੍ਹਾਂ ਨੇ ਕਿਹਾ, "ਅਮਰੀਕਾ-ਮੈਕਸੀਕੋ ਸੀਮਾ 'ਤੇ ਕੰਧ ਖੜ੍ਹੀ ਕਰ ਦੇਣ ਨਾਲ ਅਮਰੀਕਾ ਹੋਰ ਜ਼ਿਆਦਾ ਸੁਰੱਖਿਅਤ ਨਹੀਂ ਬਣੇਗਾ। ਇਹ ਕਰ ਦੇਣ ਵਾਲਿਆਂ ਦੇ ਪੈਸਿਆਂ ਦੀ ਬਹੁਤ ਵੱਡੀ ਬਰਬਾਦੀ ਹੈ ਅਤੇ ਪਹਿਲਾਂ ਤੋਂ ਹੀ ਪਟੜੀ ਤੋਂ ਉੱਤਰੀ ਹੋਈ ਇਮੀਗਰੇਸ਼ਨ ਪ੍ਰਣਾਲੀ ਦੀਆਂ ਸਮੱਸਿਆਵਾਂ ਨੂੰ ਹੋਰ ਜ਼ਿਆਦਾ ਵਧਾ ਦੇਵੇਗੀ।" ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਦੇ ਪ੍ਰਧਾਨ ਟਾਮ ਨੇ ਵੀ ਆਪਣੇ ਬਿਆਨ ਵਿਚ ਦੋਸ਼ ਲਗਾਇਆ ਹੈ ਕਿ ਸੀਮਾ 'ਤੇ ਕੰਧ ਬਣਾਉਣ ਦੀ ਟਰੰਪ ਦੀ ਇਹ ਯੋਜਨਾ ਕਰ ਦੇਣ ਵਾਲਿਆਂ ਦੇ ਪੈਸਿਆਂ ਦੀ ਬਰਬਾਦੀ ਹੈ ਜੋ ਅਮਰੀਕਾ ਨੂੰ ਜ਼ਿਆਦਾ ਸੁਰੱਖਿਅਤ ਨਹੀਂ ਬਣਾ ਪਾਵੇਗਾ। ਫਿਲਹਾਲ, ਟਰੰਪ ਪ੍ਰਸ਼ਾਸਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਦੇਸ਼ ਦੀ ਸੀਮਾ 'ਤੇ ਕੰਧ ਬਣਾਉਣ ਦੀ ਲੋੜ ਹੈ।

# ਬਰਤਾਨੀਆ ਸਰਕਾਰ ਨੇ ਸ਼ਹੀਦ ਊਧਮ ਸਿੰਘ ਦਾ ਸਾਮਾਨ ਦੇਣ ਤੋਂ ਕੀਤਾ ਇਨਕਾਰ

## *ਇੰਗਲੈਂਡ ਦੀ ਮੈਟਰੋਪਾਲਿਟਨ ਪੁਲੀਸ ਕੋਲ ਹੈ ਸ਼ਹੀਦ ਦਾ ਰਿਵਾਲਵਰ, ਚਾਕੂ ਤੇ ਡਾਇਰੀ*

**ਸੁਨਾਮ/ਬਿਊਰੋ ਨਿਊਜ਼ :**

ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਲੈਣ ਵਾਲੇ ਸੁਨਾਮ ਦੇ ਸ਼ਹੀਦ ਊਧਮ ਸਿੰਘ ਨੂੰ 77 ਸਾਲ ਪਹਿਲਾਂ ਫ਼ਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ। ਉਸ ਦੀ ਗ੍ਰਿਫ਼ਤਾਰੀ ਮੌਕੇ ਅਤੇ ਪੁਲੀਸ ਵੱਲੋਂ ਬਾਅਦ ਵਿਚ ਉਸ ਦੀ ਰਿਹਾਇਸ਼ ਤੋਂ ਜੋ ਸਾਮਾਨ ਬਰਾਮਦ ਕੀਤਾ ਗਿਆ ਸੀ, ਉਹ ਸਾਰਾ ਸਾਮਾਨ ਬਰਤਾਨਵੀ ਸਰਕਾਰ ਨੇ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਹੈ।



ਸੁਨਾਮ ਦੇ ਆਰਟੀਆਈ ਕਾਰਕੁਨ ਅਤੇ ਸਮਾਜ ਸੇਵੀ ਜਤਿੰਦਰ ਜੈਨ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਪੁੱਛਿਆ ਗਿਆ ਸੀ ਕਿ ਲੰਡਨ ਵਿੱਚ ਸ਼ਹੀਦ ਊਧਮ ਸਿੰਘ ਦੇ ਸਾਮਾਨ ਵਿੱਚ ਕੀ ਕੁਝ ਪਿਆ ਹੈ ਅਤੇ ਇਸ ਨੂੰ ਵਾਪਸ ਲਿਆਉਣ ਲਈ ਸਰਕਾਰ ਨੇ ਕੀ ਯਤਨ ਕੀਤੇ ਹਨ। ਆਰਟੀਆਈ ਕਾਰਕੁਨ ਨੇ ਦੱਸਿਆ ਕਿ ਉਸ ਨੇ ਉਨ੍ਹਾਂ ਪੱਤਰਾਂ ਦੀਆਂ ਨਕਲਾਂ ਦੀ ਵੀ ਮੰਗ ਕੀਤੀ ਸੀ ਜੋ ਵਿਦੇਸ਼ ਮੰਤਰਾਲੇ ਵੱਲੋਂ ਸ਼ਹੀਦ ਊਧਮ ਸਿੰਘ ਦਾ ਸਾਮਾਨ ਮੰਗਵਾਉਣ ਲਈ ਬਰਤਾਨੀਆ ਸਰਕਾਰ ਨੂੰ ਲਿਖੇ ਗਏ ਸਨ। ਸ੍ਰੀ ਜੈਨ ਨੇ ਦੱਸਿਆ ਕਿ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਇਹ ਮਿਲਿਆ ਹੈ ਕਿ, 'ਯੂਕੇ ਦੀ ਸਰਕਾਰ ਨੇ ਮੰਨਿਆ ਹੈ ਕਿ ਊਧਮ ਸਿੰਘ ਦੀ ਰਿਵਾਲਵਰ, ਕੋਬਲਰ ਚਾਕੂ, ਡਾਇਰੀ ਤੇ ਹੋਰ ਸਾਮਾਨ ਜਿਸ ਵਿੱਚ ਗੋਲਾ ਬਾਰੂਦ ਸ਼ਾਮਲ ਹੈ, ਇੰਗਲੈਂਡ ਦੀ ਮੈਟਰੋਪੋਲਿਟਨ ਪੁਲੀਸ ਕੋਲ ਹਨ। ਊਧਮ ਸਿੰਘ ਖ਼ਿਲਾਫ਼ ਚਲਾਏ ਕੇਸ ਦੀ ਪ੍ਰਾਪਰਟੀ ਦੇ ਰੂਪ ਵਿੱਚ ਇਹ ਸਾਰਾ ਸਾਮਾਨ ਸਾਂਭ ਕੇ ਰੱਖਿਆ ਹੋਇਆ ਹੈ। ਇਸ ਲਈ ਇਸ ਨੂੰ ਵਾਪਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਯੂਕੇ ਸਰਕਾਰ ਦੀਆਂ ਨੀਤੀਆਂ ਅਨੁਸਾਰ ਅਜਿਹੇ ਮਾਮਲੇ ਵਿੱਚ ਵਰਤੇ ਸਾਮਾਨ ਨੂੰ ਸਾਂਭ ਕੇ ਰੱਖਣਾ ਜ਼ਰੂਰੀ ਹੁੰਦਾ ਹੈ।' ਜਦਕਿ ਸ਼ਹੀਦ ਦੇ ਸਾਮਾਨ ਨੂੰ ਵਾਪਸ ਲਿਆਉਣ ਲਈ ਭਾਰਤ ਸਰਕਾਰ ਵੱਲੋਂ ਲਿਖੇ ਪੱਤਰਾਂ ਦੀਆਂ ਕਾਪੀਆਂ ਦੇਣ ਤੋਂ ਵਿਦੇਸ਼ ਮੰਤਰਾਲੇ ਨੇ ਜਵਾਬ ਦੇ ਦਿੱਤਾ ਹੈ। ਆਰਟੀਆਈ ਕਾਰਕੁਨ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਪ੍ਰਤੀ ਰਾਜ ਸਰਕਾਰ ਦੀ ਪੋਲ ਉਦੋਂ ਖੁੱਲ੍ਹੀ ਜਦੋਂ ਉਨ੍ਹਾਂ ਵੱਲੋਂ ਵਿਦੇਸ਼ ਮੰਤਰਾਲੇ ਤੋਂ ਇਹ ਸੂਚਨਾ ਮੰਗੀ ਗਈ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦ ਊਧਮ ਸਿੰਘ ਦਾ ਸਾਮਾਨ ਵਾਪਸ ਮੰਗਵਾਉਣ ਲਈ ਕਿੰਨੇ ਕੁ ਪੱਤਰ ਲਿਖੇ ਹਨ। ਇਸ ਦਾ ਜਵਾਬ ਦਿੰਦਿਆਂ ਵਿਦੇਸ਼ ਮੰਤਰਾਲੇ ਨੇ ਖੁਲਾਸਾ ਕੀਤਾ ਕਿ ਸਾਲ 2004 ਵਿੱਚ ਪੰਜਾਬ ਸਰਕਾਰ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਸ਼ਹੀਦ ਦੇ ਸਾਮਾਨ ਨੂੰ ਯੂਕੇ ਸਰਕਾਰ ਤੋਂ ਵਾਪਿਸ ਮੰਗਵਾਉਣ ਲਈ ਬੇਨਤੀ ਕੀਤੀ ਸੀ। ਆਰਟੀਆਈ ਕਾਰਕੁਨ ਅਤੇ ਸਮਾਜ ਸੇਵੀ ਜੈਨ ਨੇ ਕਿਹਾ ਕਿ ਇਸ ਤੋਂ ਸਾਫ਼ ਹੋ ਗਿਆ ਹੈ ਕਿ ਆਏ ਸਾਲ 31 ਜੁਲਾਈ ਨੂੰ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਰਾਜ ਪੱਧਰੀ ਸਮਾਗਮ ਦੌਰਾਨ ਸਰਕਾਰਾਂ ਵੱਲੋਂ ਸ਼ਹੀਦ ਊਧਮ ਸਿੰਘ ਦੀਆਂ ਵਸਤਾਂ ਨੂੰ ਵਾਪਸ ਲਿਆਉਣ ਦੇ ਸਿਰਫ਼ ਦਮਗਜ਼ੇ ਮਾਰੇ ਜਾਂਦੇ ਹਨ ਅਸਲ ਵਿੱਚ ਹਕੀਕਤ ਕੁਝ ਹੋਰ ਹੀ ਹੈ।

ਜ਼ਿਕਰਯੋਗ ਹੈ ਕਿ ਊਧਮ ਸਿੰਘ ਨੇ ਕੈਕੰਸਟਨ ਹਾਲ ਵਿੱਚ ਮਾਈਕਲ ਓਡਵਾਈਰ ਨੂੰ ਗੋਲੀ ਮਾਰਨ ਮਗਰੋਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦਿਆਂ ਗ੍ਰਿਫ਼ਤਾਰੀ ਦੇ ਦਿੱਤੀ ਸੀ।

# ਸਨਅਤਕਾਰ ਰਵਿੰਦਰ ਕੋਛੜ ਦੀ ਗੋਲੀਆਂ ਮਾਰ ਕੇ ਹੱਤਿਆ

## *ਪੁਲੀਸ ਨੇ ਗੈਂਗਸਟਰ ਸਿੰਮਾ ਬਹਿਬਲ ਨੂੰ ਕੀਤਾ ਨਾਮਜ਼ਦ*

**ਜੈਤੋ/ਬਿਊਰੋ ਨਿਊਜ਼ :** ਇੱਥੋਂ ਦੇ ਉਦਯੋਗਪਤੀ ਰਵਿੰਦਰ ਕੋਛੜ (ਪੱਪੂ) ਨੂੰ ਗੈਂਗਸਟਰਾਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਸੂਤਰਾਂ ਅਨੁਸਾਰ ਮਹੀਨਾ ਦੇਣ ਤੋਂ ਇਨਕਾਰੀ ਸਨਅਤਕਾਰ ਤੇ ਗੈਂਗਸਟਰਾਂ ਵਿਚਾਲੇ ਲੰਮੇ ਸਮੇਂ ਤੋਂ ਤਣਾਅ ਚੱਲ ਰਿਹਾ ਸੀ। ਸੀਸੀਟੀਵੀ ਦੇ ਫੁਟੇਜ ਮੁਤਾਬਕ ਵਾਰਦਾਤ ਦੁਪਹਿਰ ਕਰੀਬ ਸਵਾ ਕੁ ਤਿੰਨ ਵਜੇ ਬਾਜਾਖਾਨਾ ਰੋਡ 'ਤੇ ਸਥਿਤ ਰਵਿੰਦਰ



ਕੋਛੜ ਦੀ ਪੱਪੂ ਰਾਈਸ ਮਿੱਲ ਦੇ ਗੇਟ ਅੱਗੇ ਵਾਪਰੀ। 57 ਸਾਲਾ ਰਵਿੰਦਰ ਕੋਛੜ ਆਪਣੀ ਕਰੂਜ਼ਰ ਕਾਰ ਵਿਚ ਆਪਣੇ ਘਰੋਂ ਸ਼ੈੱਲਰ ਵੱਲ ਜਾ ਰਿਹਾ ਸੀ। ਉਸ ਦੀ ਕਾਰ ਸ਼ੈੱਲਰ ਨੇੜੇ ਪਹੁੰਚੀ ਤਾਂ ਸਾਹਮਣਿਓਂ ਬਾਜਾਖਾਨਾ ਵੱਲੋਂ ਆ ਕੇ ਸ਼ਹਿਰ ਵੱਲ ਜਾ ਰਹੀ ਸਵਿਫ਼ਟ ਡਿਜ਼ਾਇਰ ਕਾਰ ਉਸ ਦੀ ਕਾਰ ਕੋਲੋਂ ਲੰਘੀ। ਸ਼ੈੱਲਰ ਮਾਲਕ ਨੇ ਗੇਟ ਅੱਗੇ ਗੱਡੀ ਰੋਕ ਕੇ ਗੇਟਮੈਨ ਨੂੰ ਦਰਵਾਜ਼ਾ ਖੋਲ੍ਹਣ ਲਈ ਇਸ਼ਾਰਾ ਕੀਤਾ ਹੀ ਸੀ ਕਿ ਪਿੱਛਿਓਂ ਉਹੀ ਡਿਜ਼ਾਇਰ ਗੱਡੀ ਵੀ ਉਥੇ ਆ ਕੇ ਰੁਕ ਗਈ ਤੇ ਕਾਰ ਸਵਾਰ ਹਥਿਆਰਬੰਦ ਵਿਅਕਤੀ ਕੋਛੜ ਨੂੰ ਤਿੰਨ ਗੋਲੀਆਂ ਮਾਰ ਦਿੱਤੀਆਂ।

ਪੁਲੀਸ ਨੇ ਸਨਅਤਕਾਰ ਰਵਿੰਦਰ ਕੋਛੜ ਉਰਫ਼ ਪੱਪੂ ਦੇ ਹੋਏ ਕਤਲ ਕੇਸ ਵਿੱਚ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਗੈਂਗਸਟਰ ਹਰਸਿਮਰਨਦੀਪ ਸਿੰਘ ਉਰਫ਼ ਸਿੰਮਾ ਬਹਿਬਲ ਕਲਾਂ ਨੂੰ ਨਾਮਜ਼ਦ ਕੀਤਾ ਹੈ। ਪੁਲੀਸ ਨੇ ਉਸ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਐਫਆਈਆਰ ਵਿੱਚ ਦਰਜ ਹੈ ਕਿ ਇਹ ਵਾਰਦਾਤ ਗੁਰਬਖ਼ਸ਼ ਸਿੰਘ ਸੇਵੇਵਾਲਾ ਗਰੋਹ ਦੇ ਮੈਂਬਰਾਂ ਦੀ ਮਦਦ ਨਾਲ ਅੰਜਾਮ ਦਿੱਤੀ ਗਈ ਹੈ।

ਸੂਤਰਾਂ ਮੁਤਾਬਕ ਇਨ੍ਹਾਂ ਦੋਵਾਂ ਦੇ ਕਰੀਬ ਇਕ ਦਰਜਨ ਰਿਸ਼ਤੇਦਾਰਾਂ ਨੂੰ ਪੁਲੀਸ ਨੇ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਹੈ। ਪੁਲੀਸ ਅਧਿਕਾਰੀ ਭਾਵੇਂ ਮਾਮਲੇ ਬਾਰੇ ਕੁਝ ਵੀ ਕਹਿਣ ਤੋਂ ਸੰਕੋਚ ਕਰ ਰਹੇ ਹਨ ਪਰ ਸਾਈਬਰ ਕਰਾਈਮ ਵਿੰਗ ਵੱਲੋਂ ਸੀਸੀਟੀਵੀ ਰਿਕਾਰਡਿੰਗ ਅਤੇ ਵਾਰਦਾਤ ਵਾਲੇ ਖੇਤਰ ਨੇੜਲੇ ਫ਼ੋਨ ਟਾਵਰਾਂ ਤੋਂ ਹੋਈਆਂ ਕਾਲਾਂ ਬਾਰੇ ਕੀਤੀ ਜਾ ਰਹੀ ਪੜਤਾਲ ਬਾਰੇ ਵੀ ਪਤਾ ਲੱਗਾ ਹੈ। ਮ੍ਰਿਤਕ ਰਵਿੰਦਰ ਕੋਛੜ ਦੇ ਭਤੀਜੇ ਵਿਸ਼ਾਲ ਕੋਛੜ ਦੇ ਬਿਆਨਾਂ 'ਤੇ ਦਰਜ ਹੋਏ ਕੇਸ ਅਨੁਸਾਰ ਘਟਨਾ ਸਮੇਂ ਵਿਸ਼ਾਲ ਕਿਸੇ ਕੰਮ ਸ਼ੈੱਲਰ ਆਇਆ ਸੀ ਅਤੇ ਉਥੇ ਬੈਠ ਕੇ ਆਪਣੇ ਚਾਚੇ ਦੀ ਉਡੀਕ ਕਰ ਰਿਹਾ ਸੀ। ਉਸ ਨੇ ਦੇਖਿਆ ਕਿ ਅਣਪਛਾਤਾ ਨੌਜਵਾਨ ਉਸ ਦੇ ਚਾਚੇ 'ਤੇ ਗੋਲੀਆਂ ਚਲਾ ਰਿਹਾ ਸੀ ਅਤੇ ਨੇੜੇ ਹੀ ਸੜਕ 'ਤੇ ਚਿੱਟੇ ਰੰਗ ਦੀ ਇਕ ਡਿਜ਼ਾਇਰ ਕਾਰ ਖੜ੍ਹੀ ਸੀ ਜਿਸ ਵਿੱਚ ਇਕ ਹੋਰ ਅਣਪਛਾਤਾ ਨੌਜਵਾਨ ਬੈਠਾ ਸੀ। ਹਮਲੇ ਮਗਰੋਂ ਨੌਜਵਾਨ ਬਾਜਾਖਾਨਾ ਵੱਲ ਚਲੇ ਗਏ। ਵਿਸ਼ਾਲ ਮੁਤਾਬਕ ਅਣਪਛਾਤੇ ਵਿਅਕਤੀਆਂ ਨੇ ਪਹਿਲਾਂ ਵੀ ਉਸ ਦੇ ਚਾਚੇ ਦੀ ਕਾਰ ਖੋਹੀ ਸੀ ਅਤੇ ਫਿਰੌਤੀ ਦੀ ਮੰਗ ਕੀਤੀ ਸੀ। ਫਿਰੌਤੀ ਨਾ ਦੇਣ ਦੀ ਸੂਰਤ ਵਿਚ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ।

ਦੂਜੇ ਪਾਸੇ ਪੋਸਟਮਾਰਟਮ ਮਗਰੋਂ ਰਵਿੰਦਰ ਕੋਛੜ ਦਾ ਇੱਥੇ ਸਸਕਾਰ ਕਰ ਦਿੱਤਾ ਗਿਆ। ਪੋਸਟ ਮਾਰਟਮ ਰਿਪੋਰਟ ਅਨੁਸਾਰ ਕੋਛੜ ਦੇ ਕੁੱਲ 6 ਗੋਲੀਆਂ ਲੱਗੀਆਂ ਹਨ। ਜੈਤੋ ਹਲਕੇ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਨੇ ਮ੍ਰਿਤਕ ਦੇ ਘਰ ਪਹੁੰਚ ਕੇ ਪਰਿਵਾਰ ਨਾਲ ਦੁੱਖ ਪ੍ਰਗਟਾਇਆ।

# ਪੰਜਾਬ ਯੂਨੀਵਰਸਿਟੀ ਨੇ ਸਤਿੰਦਰ ਸਰਤਾਜ ਨੂੰ ਆਪਣਾ ਬਰਾਂਡ ਅੰਬੈਸਡਰ ਬਣਾਇਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਇਥੇ ਭਰਵੇਂ ਸਮਾਗਮ ਦੌਰਾਨ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਰੁਣ ਗਰੋਵਰ ਵੱਲੋਂ ਪ੍ਰਸਿੱਧ ਗਾਇਕ ਤੇ ਅਦਾਕਾਰ ਸਤਿੰਦਰ ਸਰਤਾਜ ਨੂੰ ਪੰਜਾਬ ਯੂਨੀਵਰਸਿਟੀ ਦਾ ਬਰਾਂਡ ਅੰਬੈਸਡਰ ਐਲਾਨਿਆ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਉਪ ਕੁਲਪਤੀ ਅਰੁਣ ਗਰੋਵਰ ਨੇ ਸਤਿੰਦਰ ਸਰਤਾਜ ਨੂੰ ਯੂਨੀਵਰਸਿਟੀ ਦੀ ਆਨਰੇਰੀ ਮੈਂਬਰਸ਼ਿਪ ਵੀ ਪ੍ਰਦਾਨ ਕੀਤੀ। ਸਤਿੰਦਰ ਸਰਤਾਜ ਇਥੇ ਪੰਜਾਬ ਯੂਨੀਵਰਸਿਟੀ ਅਲੂਮਨੀ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਪੁੱਜੇ ਸਨ। ਇਸ ਮੌਕੇ ਡੀਨ ਐਲੂਮਨੀ ਡਾ. ਅਨਿਲ ਮਾਗਾ, ਡਾ. ਮਹਿੰਦਰ ਪ੍ਰਸ਼ਾਦ, ਪ੍ਰੋ. ਪੰਕਜ, ਮੀਨਾਕਸ਼ੀ ਮਲਹੋਤਰਾ, ਪ੍ਰੋ. ਪਰਮਿੰਦਰ, ਪ੍ਰੋ. ਅਰਵਿੰਦ ਸ਼ਰਮਾ, ਨਵਦੀਪ ਕੌਰ, ਰਾਣੀ ਬਲਬੀਰ ਕੌਰ ਨੇ ਵੀ ਸ਼ਮੂਲੀਅਤ ਕੀਤੀ। ਉਪ ਕੁਲਪਤੀ ਨੇ ਇਸ ਮੌਕੇ ਕਿਹਾ ਕਿ ਫ਼ਿਲਮ 'ਦਾ ਬਲੈਕ ਪ੍ਰਿੰਸ' ਦੇ ਜ਼ਰੀਏ ਸਤਿੰਦਰ ਸਰਤਾਜ ਦੀ ਕਲਾ ਦਾ ਚੌਗਿਰਦਾ ਹੋਰ ਵੀ ਵਧਿਆ ਹੈ। ਉਨ੍ਹਾਂ ਕਿਹਾ ਕਿ ਸਤਿੰਦਰ ਸਰਤਾਜ ਦੀ ਇਸ ਫ਼ਿਲਮ ਨਾਲ ਪੰਜਾਬ ਯੂਨੀਵਰਸਿਟੀ ਦਾ ਵੀ ਮਾਣ ਵਧਿਆ। ਇਸ ਮੌਕੇ ਸਤਿੰਦਰ ਸਰਤਾਜ ਨੂੰ ਤਾਲੀਮ ਦੇਣ ਵਾਲੇ



ਪ੍ਰੋਫ਼ੈਸਰਾਂ ਤੇ ਇੰਚਾਰਜਾਂ ਨੇ ਵੀ ਸਤਿੰਦਰ ਸਰਤਾਜ ਦੀਆਂ ਯੂਨੀਵਰਸਿਟੀ ਦੀ ਪੜ੍ਹਾਈ ਤੇ ਉਨ੍ਹਾਂ ਨਾਲ ਬਿਤਾਏ ਗਏ ਪਲਾਂ ਦੀਆਂ ਸਾਂਝਾ ਨੂੰ ਤਾਜ਼ਾ ਕੀਤਾ। ਸਤਿੰਦਰ ਸਰਤਾਜ ਨੇ ਪੰਜਾਬ ਯੂਨੀਵਰਸਿਟੀ ਵੱਲੋਂ ਆਨਰੇਰੀ ਮੈਂਬਰ ਤੇ ਬਰਾਂਡ ਅੰਬੈਸਡਰ ਦਾ ਮਾਣ ਦਿੱਤੇ ਜਾਣ 'ਤੇ ਕਿਹਾ ਕਿ ਇਨ੍ਹਾਂ ਮਾਣ ਸਨਮਾਨਾਂ ਨਾਲ ਸਮਾਜ ਪ੍ਰਤੀ ਜ਼ਿੰਮੇਵਾਰੀ ਹੋਰ ਵੱਧ ਜਾਂਦੀ ਹੈ। ਸਤਿੰਦਰ ਸਰਤਾਜ ਨੇ ਆਪਣੇ ਪ੍ਰੋਗਰਾਮ ਦੀ ਸ਼ੁਰੂਆਤ ਆਪਣੇ ਮਕਬੂਲ ਗੀਤ 'ਏਨੀ ਖ਼ੁਸ਼ਬੂਦਾਰ ਹੈ ਪੀ. ਯੂ. ਦੀ ਮਿੱਟੀ' ਨਾਲ ਬਾਖ਼ੂਬੀ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਇਸ ਮੌਕੇ ਗੀਤ 'ਫ਼ਿਲਹਾਲ ਹਵਾਵਾਂ ਰੁਮਕ ਦੀਆਂ ਜਦ ਝੱਖੜ ਝੁੱਲੂ ਵੇਖਾਂਗੇ, ਅਜੇ ਘੜਾ ਅਕਲ ਦਾ ਊਣਾ ਹੈ ਜਦ ਭਰ ਕੇ ਡੁੱਲ੍ਹੂ ਵੇਖਾਂਗੇ' ਵੀ ਸਾਂਝੇ ਕੀਤੇ।

# 441 ਸਾਲਾਂ ਬਾਅਦ ਮਹਾਰਾਣਾ ਪ੍ਰਤਾਪ ਤੋਂ ਹਾਰਿਆ ਮੁ.ਗਲ ਬਾਦਸ਼ਾਹ ਅਕਬਰ !

**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:** ਹੁਣ ਤੱਕ ਪ੍ਰਾਪਤ ਲਿਖਤ ਇਤਿਹਾਸ ਅਤੇ ਦਸਤਾਵੇਜ਼ਾਂ ਅਨੁਸਾਰ ਅੱਜ ਤੋਂ 441 ਸਾਲ ਪਹਿਲਾਂ ਹਲਦੀਘਾਟੀ ਦੇ ਸਥਾਨ ਉੱਤੇ ਮੁਗ਼ਲ ਬਾਦਸ਼ਾਹ ਅਕਬਰ ਨੇ ਮਹਾਰਣਾ ਪ੍ਰਤਾਪ ਨੂੰ ਹਰਾਇਆ ਸੀ। ਪਰ ਰਾਜਸਥਾਨ 'ਚ ਇਤਿਹਾਸ 360 ਡਿਗਰੀ ਘੁੰਮਦਾ ਨਜ਼ਰੀਂ ਪੈ ਰਿਹਾ ਹੈ। ਹਲਦੀਘਾਟੀ ਦੀ ਲੜਾਈ ਨੂੰ ਲੈ ਕੇ ਰਾਜਸਥਾਨ ਬੋਰਡ ਦੇ ਸਕੂਲਾਂ ਦੀਆਂ ਕਿਤਾਬਾਂ 'ਚ ਨਵਾਂ ਦਾਅਵਾ ਕੀਤੇ ਜਾਣ ਨਾਲ ਇਹ ਗੱਲ ਸਾਹਮਣੇ ਆਈ ਹੈ ਕਿ ਅਸਲ ਵਿੱਚ ਮੁਗ਼ਲ ਬਾਦਸ਼ਾਹ ਅਕਬਰ ਨੇ ਮਹਾਰਣਾ ਪ੍ਰਤਾਪ ਨੂੰ ਨਹੀਂ ਸਗੋਂ ਮਹਾਰਣਾ ਪ੍ਰਤਾਪ ਨੇ ਮੁਗ਼ਲ ਬਾਦਸ਼ਾਹ ਅਕਬਰ ਨੂੰ ਹਰਾਇਆ ਸੀ। ਪ੍ਰਾਪਤ ਖ਼ਬਰਾਂ ਅਨੁਸਾਰ ਕਿਤਾਬ 'ਚ ਹਲਦੀਘਾਟੀ ਦੀ ਲੜਾਈ 'ਚ ਮਹਾਰਾਣਾ ਪ੍ਰਤਾਪ ਨੂੰ ਜਿੱਤਿਆ ਦਿਖਾਇਆ ਗਿਆ ਹੈ। ਭਾਰਤੀ ਖ਼ਬਰ ਏਜੰਸੀ ਪੀ.ਟੀ.ਆਈ. ਮੁਤਾਬਕ ਇਨ੍ਹਾਂ ਕਿਤਾਬਾਂ ਦਾ ਸਿਲੇਬਸ ਇਸੇ ਸਾਲ ਬਦਲਿਆ ਗਿਆ ਹੈ।

ਹਾਲਾਂਕਿ ਰਾਜਸਥਾਨ ਸਿੱਖਿਆ ਬੋਰਡ ਦੇ ਚੇਅਰਮੈਨ ਬੀ.ਐਲ. ਚੌਧਰੀ ਨੇ ਦੱਸਿਆ ਕਿ ਕਿਤਾਬ 'ਚ ਕਿਤੇ ਵੀ ਇਹ ਸਪੱਸ਼ਟ ਨਹੀਂ ਲਿਖਿਆ ਕਿ ਜੰਗ 'ਚ ਮਹਾਰਾਣਾ




**ਰਾਜਸਥਾਨ ਸਰਕਾਰ ਵਲੋਂ ਪ੍ਰਕਾਸ਼ਤ ਸਕੂਲੀ ਕਿਤਾਬ**

ਪ੍ਰਤਾਪ ਨੇ ਅਕਬਰ ਨੂੰ ਹਰਾਇਆ। ਹੁਣ ਤਕ ਇਤਿਹਾਸ 'ਚ ਇਹ ਪੜ੍ਹਾਇਆ ਜਾਂਦਾ ਰਿਹਾ ਹੈ ਕਿ ਉਦੈਪੁਰ ਕੋਲ ਹਲਦੀਘਾਟੀ 'ਚ ਮਹਾਰਾਣਾ ਪ੍ਰਤਾਪ ਅਤੇ ਅਕਬਰ 'ਚ ਹੋਈ ਜੰਗ 'ਚ ਅਕਬਰ ਦੀ ਜਿੱਤ ਹੋਈ ਸੀ।

ਪੀਟੀਆਈ ਦੀ ਰਿਪੋਰਟ ਮੁਤਾਬਕ ਸਮਾਜ ਸ਼ਾਸਤਰ ਦੀ ਇਸ ਨਵੀਂ ਕਿਤਾਬ ਨੂੰ 2017-18 'ਚ ਵਿਦਿਆਰਥੀਆਂ ਦੇ ਪਾਠਕ੍ਰਮ 'ਚ ਸ਼ਾਮਲ ਕੀਤਾ ਗਿਆ ਹੈ। ਕਿਤਾਬ ਦੇ ਇਸ ਅਧਿਆਏ ਨੂੰ ਲਿਖਣ ਵਾਲੇ ਚੰਦਰਸ਼ੇਖਰ ਸ਼ਰਮਾ ਦਾ ਦਾਅਵਾ ਹੈ ਕਿ ਲੜਾਈ ਦੇ ਨਤੀਜੇ ਮਹਾਰਾਣਾ ਪ੍ਰਤਾਪ, ਮੇਵਾੜ ਦੇ ਰਾਜਪੂਤ ਰਾਜਾ ਦੇ ਹੱਕ 'ਚ ਰਹੇ। ਰਿਸ਼ਭ ਸ੍ਰੀਵਾਸਤਵ ਇਸ ਦਾ ਮੌਜੂ ਬਣਾਉਣੇ ਹੋਏ ਫੇਸਬੁੱਕ 'ਤੇ ਲਿਖਦੇ ਹਨ, "ਰਾਜਸਥਾਨ ਦੀ ਭਾਜਪਾ ਸਰਕਾਰ (ਆਰ.ਐਸ.ਐਸ.) ਮੁਤਾਬਕ ਮਹਾਰਾਣਾ ਪ੍ਰਤਾਪ ਨੇ ਅਕਬਰ ਨੂੰ ਹਰਾਇਆ ਸੀ। ਤਾਂ ਇਹ ਕਿਉਂ ਨਹੀਂ ਲਿਖਿਆ ਜਾ ਸਕਦਾ ਕਿ 1962 ਦੀ ਚੀਨ ਜੰਗ ਭਾਰਤ ਨੇ ਜਿੱਤੀ ਸੀ ? ਦੇਖਿਆ ਤਾਂ ਕਿਸੇ ਨੇ ਨਹੀਂ ਸੀ। ਇਕ ਹੋਰ ਲਿਖਾਰੀ ਨੇ ਤੰਜ 'ਚ ਲਿਖਿਆ, "ਮਹਾਰਾਣਾ ਪ੍ਰਤਾਪ ਦੀ ਫੌਜ 'ਚ ਆਰ.ਐਸ.ਐਸ. ਅਤੇ ਭਾਜਪਾ ਵੀ ਸੀ। ਇਸ ਲਈ ਅਕਬਰ ਦੀ ਹਾਰ ਹੋਈ ਸੀ। ਸਈਦ ਸਲਮਾਨ ਨੇ ਲਿਖਿਆ, "ਹਲਦੀਘਾਟੀ ਦੀ ਲੜਾਈ ਬਾਰੇ ਹੁਣ ਬੱਚੇ ਇੰਝ ਜਵਾਬ ਦਿਆ ਕਰਨਗੇ, "1576 ਤੋਂ 2017 ਤਕ ਅਕਬਰ ਜਿੱਤਿਆ ਸੀ ਪਰ 2017 ਦੇ ਅੱਧ ਤਕ ਅਕਬਰ ਨੂੰ ਧੂੜ ਛਕਾਉਂਦੇ ਹੋਏ ਮਹਾਰਾਣਾ ਪ੍ਰਤਾਪ ਨੇ ਆਪਣੀ ਹਾਰ ਦਾ ਬਦਲਾ ਲੈ ਲਿਆ ਅਤੇ ਸ਼ਾਨਦਾਰ ਜਿੱਤ ਹਾਸਲ ਕੀਤੀ।"

ਇਤਿਹਾਸ ਬਦਲਣ ਦਾ ਵਿਰੋਧ ਕਰ ਰਹੇ ਇਕ ਹੋਰ ਲੇਖਕ ਆਲੋਕ ਮੋਹਨ ਨੇ ਤੰਜ ਕੀਤਾ, "ਮਹਾਰਾਣਾ ਵਲੋਂ ਅਕਬਰ ਨੂੰ ਹਰਾਉਣ 'ਚ ਲਗਭਗ 450 ਸਾਲ ਲੱਗ ਗਏ, ਇਸਤੋਂ ਪਤਾ ਚੱਲਦਾ ਹੈ ਕਿ ਕੋਸ਼ਿਸ਼ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ।"

# ਸਿੱਖ ਨੌਜਵਾਨਾਂ ਵੱਲੋਂ ਹਰਿਮੰਦਰ ਸਾਹਿਬ 'ਚ ਔਰਤਾਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਦੇਣ ਦੀ ਮੰਗ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਤੇ ਕੈਨੇਡਾ ਦੇ ਸਿੱਖਾਂ ਵੱਲੋਂ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਵਿਚ ਔਰਤਾਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਹੈ ਤਾਂ ਜੋ ਸਿੱਖ ਧਰਮ ਨੂੰ ਮਜ਼ਬੂਤ ਕਰਨ ਵਿਚ ਸਿੱਖ ਬੀਬੀਆਂ ਵੱਲੋਂ ਨਿਭਾਈ ਗਈ ਅਹਿਮ ਭੂਮਿਕਾ ਨੂੰ ਪਛਾਣਿਆ ਜਾ ਸਕੇ। ਅਮਰੀਕਾ ਅਤੇ ਕੈਨੇਡਾ ਦੇ ਵੱਖ-ਵੱਖ ਇਲਾਕਿਆਂ ਵਿਚੋਂ 7 ਤੋਂ 17 ਸਾਲ ਦੀ ਉਮਰ ਦੇ ਲਗਪਗ 120 ਸਿੱਖ ਨੌਜਵਾਨ ਇਥੇ ਵਾਸ਼ਿੰਗਟਨ ਦੇ ਮੈਰੀਲੈਂਡ ਵਿਚ ਲਗਾਏ ਗਏ ਇਕ ਗੁਰਮਿਤ ਕੈਂਪ ਵਿਚ ਇਕੱਠੇ ਹੋਏ ਅਤੇ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਸਿੱਖ ਔਰਤਾਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਨਾ ਦੇਣ ਸਬੰਧੀ ਸਵਾਲ ਉਠਾਏ। ਕੈਂਪ ਵਿਚ ਨੌਜਵਾਨਾਂ ਨੂੰ ਸਿੱਖਿਆ ਦੇਣ ਵਾਲੇ ਇਕ ਸਿੱਖ ਰਜਵੰਤ ਸਿੰਘ ਨੇ ਕਿਹਾ ਕਿ, 'ਕਈ ਇਤਿਹਾਸਕ ਹਵਾਲਿਆਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਦੁਨੀਆ ਦੇ ਪੰਜਵੇਂ ਸਭ ਤੋਂ ਵੱਡੇ ਧਰਮ ਦੀ ਸਫ਼ਲਤਾ ਵਿਚ ਸਿੱਖ ਬੀਬੀਆਂ ਦੀ ਅਹਿਮ ਭੂਮਿਕਾ ਹੈ ਅਤੇ ਇਹ ਬਹੁਤ ਮਹੱਤਵਪੂਰਨ ਹੈ ਕਿ ਅਸੀਂ ਉਨ੍ਹਾਂ ਨੂੰ ਸਿੱਖ ਮਾਮਲਿਆਂ ਵਿਚ ਯੋਗ ਭੂਮਿਕਾ ਦੇਈਏ, ਖ਼ਾਸ ਕਰ ਕੇ ਸਿੱਖਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਚ ਉਨ੍ਹਾਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ। ਵਾਸ਼ਿੰਗਟਨ ਆਧਾਰਿਤ ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ ਵੱਲੋਂ ਇਥੇ ਇਕ ਗੁਰਮਿਤ ਕੈਂਪ ਲਗਾਇਆ ਗਿਆ ਸੀ। ਇਕ ਸਿੱਖ ਬੀਬੀ ਸਹਿਜਨੀਤ ਕੌਰ ਨੇ ਕਿਹਾ ਕਿ, 'ਸਿੱਖ ਪੰਥ ਵਿਚ ਬੀਬੀਆਂ ਵੱਲੋਂ ਕੀਤੇ ਗਏ ਕੰਮਾਂ ਨੂੰ ਅਸੀਂ ਕਦੇ ਵੀ ਭੁਲਾ ਨਹੀਂ ਸਕਦੇ'। ਇਸ ਲਈ ਸਾਨੂੰ ਉਨ੍ਹਾਂ ਵੱਲੋਂ ਦਿੱਤੇ ਗਏ ਯੋਗਦਾਨ ਨੂੰ ਪਛਾਣਨਾ ਚਾਹੀਦਾ ਹੈ।

## ਬੀਬੀਆਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਦੇਣ ਬਾਰੇ ਹਾਲੇ ਤਕ ਸ਼੍ਰੋਮਣੀ ਕਮੇਟੀ ਨੇ ਫੈਸਲਾ ਨਹੀਂ ਲਿਆ

**ਜਲੰਧਰ/ਮੇਜਰ ਸਿੰਘ :**

ਸਿੱਖ ਧਰਮ ਵਿਚ ਔਰਤਾਂ ਨੂੰ ਬਰਾਬਰਤਾ ਅਤੇ ਹਰ ਤਰ੍ਹਾਂ ਦਾ ਸਨਮਾਨ ਦਿੱਤੇ ਜਾਣ ਦੇ ਬਾਵਜੂਦ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਬੀਬੀਆਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਨਾ ਹੋਣ ਦੀ ਚਲੀ ਆ ਰਹੀ ਰਵਾਇਤ ਖਿਲਾਫ ਪਿਛਲੇ ਕਰੀਬ ਦੋ ਦਹਾਕੇ ਤੋਂ ਅਵਾਜ਼ ਉਠਦੀ ਆ ਰਹੀ ਹੈ, ਪਰ ਸਿੱਖਾਂ ਦੀ ਚੁਣੀ ਹੋਈ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਬਉੱਚ ਧਾਰਮਿਕ ਸ਼ਖਸੀਅਤ ਸਿੱਖ ਤਖ਼ਤਾਂ ਦੇ ਪੰਜ ਸਿੰਘ ਸਾਹਿਬਾਨ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ। ਸੰਨ 2000 ਵਿਚ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਸਮੇਂ ਇਹ ਮਾਮਲਾ ਉੱਠਿਆ ਸੀ ਕਿ ਜੇਕਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਇਕ ਬੀਬੀ ਬਣ ਸਕਦੀ ਹੈ ਤਾਂ ਫਿਰ ਸ੍ਰੀ ਹਰਿਮੰਦਰ ਸਾਹਿਬ ਵਿਚ ਬੀਬੀਆਂ ਦੇ ਕੀਰਤਨ ਕਰਨ ਦੀ ਮਨਾਹੀ ਕਿਉਂ ਹੈ ? ਉਸ ਸਮੇਂ ਇਸ ਰਵਾਇਤ ਨੂੰ ਖਤਮ ਕਰਨ ਦੇ ਯਤਨ ਵੀ ਸ਼ੁਰੂ ਹੋਏ, ਪਰ ਬੀਬੀ ਨੂੰ ਪ੍ਰਧਾਨਗੀ ਤੋਂ ਫਾਰਗ ਹੋਣ ਨਾਲ ਗੱਲ ਉਥੇ ਹੀ ਰੁਕ ਗਈ। ਵਰਨਣਯੋਗ ਹੈ ਕਿ ਸਿੱਖ ਧਰਮ ਵਿਚ ਬੀਬੀਆਂ ਨੂੰ ਗੁਰਦੁਆਰਿਆਂ ਵਿਚ ਜਾਣ, ਸਰੋਵਰਾਂ ਵਿਚ ਇਸ਼ਨਾਨ ਕਰਨ, ਲੰਗਰ ਵਿਚ ਜਾਣ ਤੇ ਸੇਵਾ ਕਰਨ ਅਤੇ ਇਥੋਂ ਤੱਕ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਛੱਡ ਕੇ ਬਾਕੀ ਸਭ ਥਾਵਾਂ ਉੱਪਰ ਬੀਬੀਆਂ ਨੂੰ ਕੀਰਤਨ ਕਰਨ ਦੀ ਵੀ



ਖੁੱਲ੍ਹ ਹੈ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਬੀਬੀਆਂ ਨੂੰ ਕੀਰਤਨ ਕਰਨ ਬਾਰੇ ਮਨਾਹੀ ਦਾ ਕਦੇ ਕੋਈ ਫੈਸਲਾ ਨਹੀਂ ਹੋਇਆ। ਲੰਬੇ ਸਮੇਂ ਤੋਂ ਇਹ ਰਵਾਇਤ ਚਲੀ ਆ ਰਹੀ ਹੈ। ਰਵਾਇਤ ਬਦਲਣ ਲਈ ਸਮਾਂ ਵੀ ਚਾਹੀਦਾ ਹੈ ਤੇ ਉਥੇ ਹਜ਼ੂਰੀ ਰਾਗੀ ਵਜੋਂ ਕੀਰਤਨ ਵਿਚ ਮਾਹਰ ਤੇ ਸਮਰੱਥ ਬੀਬੀਆਂ ਵੀ ਚਾਹੀਦੀਆਂ ਹਨ। ਉਂਝ ਬੀਬੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਧਾਰਮਿਕ ਸਰਗਰਮੀ ਵਿਚ ਸ਼ਾਮਲ ਹੋਣ ਤੇ ਅਗਵਾਈ ਕਰਨ ਦੀ ਕੋਈ ਮਨਾਹੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਦੱਸਿਆ ਕਿ ਅਸੀਂ ਆਪਣੇ ਕਾਰਜਕਾਲ ਵਿਚ ਕੀਰਤਨ ਕਰਨ ਵਾਲੀਆਂ ਬੀਬੀਆਂ ਦੇ ਨਾਂਅ ਮੰਗੇ ਸਨ ਪਰ ਕਿਸੇ ਨੇ ਵੀ ਦਰਖਾਸਤ ਨਹੀਂ ਸੀ ਦਿੱਤੀ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਕਹਿਣਾ ਹੈ ਕਿ ਇਸ ਮਾਮਲੇ ਬਾਰੇ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਧਿਕਾਰ ਹੇਠ ਹੈ। ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਵਿਸਥਾਰ ਵਿਚ ਗੱਲ ਕਰਨ ਦੀ ਬਜਾਏ ਏਨਾ ਹੀ ਆਖਿਆ ਕਿ ਕਿਸੇ ਨੇ ਅਜਿਹਾ ਮਾਮਲਾ ਅਜੇ ਤੱਕ ਸ੍ਰੀ ਅਕਾਲ ਤਖ਼ਤ ਅੱਗੇ ਪੇਸ਼ ਨਹੀਂ ਕੀਤਾ। ਸ਼੍ਰੋਮਣੀ ਕਮੇਟੀ ਵਿਚ ਅਹਿਮ ਅਹੁਦਿਆਂ ਉੱਪਰ ਰਹਿ ਚੁੱਕੇ ਬੀਬੀ ਕਿਰਨਜੋਤ ਕੌਰ ਦਾ ਕਹਿਣਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਬਾਰੇ ਰਵਾਇਤ ਕੋਈ ਸਿਧਾਂਤਕ ਮਸਲਾ ਨਹੀਂ। ਸਮਾਜਿਕ ਤਬਦੀਲੀਆਂ ਦੇ ਨਾਲ-ਨਾਲ ਸਾਨੂੰ ਅਜਿਹੀਆਂ ਰਵਾਇਤਾਂ ਨੂੰ ਵੀ ਬਦਲਣਾ ਪਵੇਗਾ। ਉਨ੍ਹਾਂ ਕਿਹਾ ਕਿ ਮਹੰਤਾਂ ਦੇ ਕਬਜ਼ੇ ਸਮੇਂ ਔਰਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਹੇਠਲੀ ਮੰਜ਼ਿਲ 'ਤੇ ਬੈਠਣ ਦੀ ਮਨਾਹੀ ਸੀ ਤੇ ਉਹ ਪਹਿਲੀ ਮੰਜ਼ਿਲ ਉੱਪਰ ਹੀ ਬੈਠ ਸਕਦੀਆਂ ਸਨ। ਸਮੇਂ ਦੇ ਨਾਲ ਇਹ ਰਵਾਇਤ ਬਦਲ ਗਈ। ਉੱਚ ਧਾਰਮਿਕ ਹਲਕਿਆਂ ਵਿਚ ਇਹ ਗੱਲ ਵੀ ਚਰਚਾ ਦਾ ਵਿਸ਼ਾ ਹੈ ਕਿ ਸਿਆਸੀ ਦਬਾਅ ਹੇਠ ਅਨੇਕਾਂ ਧਾਰਮਿਕ ਮਸਲਿਆਂ ਬਾਰੇ ਫੈਸਲੇ ਝੱਟ ਲਏ ਜਾਂਦੇ ਹਨ, ਪਰ ਇਸ ਮਾਮਲੇ ਬਾਰੇ ਕਿਸੇ ਉੱਚ ਸਿਆਸੀ ਸ਼ਕਤੀ ਜਾਂ ਉਸ ਦੇ ਚਹੇਤੇ ਦੀ ਕੋਈ ਮਜਬੂਰੀ ਨਹੀਂ। ਇਸ ਕਰਕੇ ਕੋਈ ਵੀ ਇਹ ਫੈਸਲਾ ਲੈਣ ਨੂੰ ਤਿਆਰ ਨਹੀਂ। ਪਿਛਲੇ ਸਾਲਾਂ ਵਿਚ ਬਹੁਤ ਸਾਰੀਆਂ ਪ੍ਰਵਾਸੀ ਸਿੱਖ ਬੀਬੀਆਂ ਵੱਲੋਂ ਵੀ ਇਹ ਮੁੱਦਾ ਉਠਾਇਆ ਜਾਂਦਾ ਰਿਹਾ ਹੈ।

# ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਵਲੋਂ ਸਵੈ-ਇੱਛਤ ਸੇਵਾ ਤਿਆਗਣ ਦੀ ਬੇਨਤੀ ਪ੍ਰਵਾਨ

## *ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸਰਾਂ ਵਿੱਚ ਅਨੈਤਿਕ ਹਰਕਤ ਕਰਨ ਵਾਲੇ ਮੁਲਾਜ਼ਮਾਂ ਦੀਆਂ ਸੇਵਾਵਾਂ ਖ਼ਤਮ*

### ਬਲਦੇਵ ਸੜਕਨਾਮਾ ਦੀ ਕਿਤਾਬ ਸਬੰਧੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਈ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਮੁੱਖ ਸਕੱਤਰ ਹਰਚਰਨ ਸਿੰਘ ਵੱਲੋਂ ਸਵੈ-ਇੱਛਤ ਤੌਰ 'ਤੇ ਸੇਵਾ ਤਿਆਗਣ ਦੀ ਕੀਤੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਦੀਆਂ ਸੇਵਾਵਾਂ 31 ਜੁਲਾਈ ਨੂੰ ਖ਼ਤਮ ਹੋ ਜਾਣਗੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਮੁੱਖ ਸਕੱਤਰ ਵੱਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ।
ਸ੍ਰੀ ਫਤਹਿਗੜ੍ਹ ਸਾਹਿਬ ਗੁਰਦੁਆਰੇ ਵਿਚ ਮੀਟਿੰਗ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸਰਾਂ ਵਿੱਚ ਅਨੈਤਿਕ ਹਰਕਤ ਕਰਨ ਵਾਲੇ ਮੁਲਾਜ਼ਮਾਂ ਨੂੰ ਸੇਵਾਵਾਂ ਤੋਂ ਬਰਖ਼ਾਸਤ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਥਾਣੇ ਵਿੱਚ ਜਾ ਕੇ ਮਦਦ ਕਰਨ ਵਾਲਿਆਂ ਨੂੰ ਮੁਅੱਤਲ ਕਰ ਦਿੱਤਾ ਗਿਆ। ਵਾਇਰਲ ਹੋਈ ਵੀਡੀਓ ਵਿੱਚ ਸ਼ਰਾਬ ਪੀਂਦੇ ਸ਼੍ਰੋਮਣੀ ਕਮੇਟੀ ਦੇ ਦੋ ਮੁਲਾਜ਼ਮਾਂ ਨੂੰ ਵੀ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਇਕੱਤਰਤਾ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰੋ. ਬਡੂੰਗਰ ਨੇ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਵਿਵਾਦਤ ਹੱਥ ਲਿਖਤ ਸਰੂਪ ਦੇ ਮਾਮਲੇ ਵਿੱਚ ਦੋਸ਼ੀ ਮੁਲਾਜ਼ਮਾਂ ਵਿਰੁੱਧ ਪੰਜ ਸਿੰਘ ਸਾਹਿਬਾਨ ਵੱਲੋਂ ਦਿੱਤੇ ਕਾਰਵਾਈ ਕਰਨ ਦੇ ਆਦੇਸ਼ ਨੂੰ ਅਮਲ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬਲਦੇਵ ਸਿੰਘ ਸੜਕਨਾਮਾ ਦੀ ਪੁਸਤਕ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਇਤਿਹਾਸ ਬਾਰੇ ਗਲਤ ਟਿੱਪਣੀਆਂ ਨੂੰ ਵਾਚਣ ਲਈ 3 ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ। ਇਸੇ ਤਰ੍ਹਾਂ ਧਰਮੀ ਫ਼ੌਜੀਆਂ ਦੀਆਂ ਮੰਗਾਂ ਨੂੰ ਵਿਚਾਰਨ ਲਈ ਬਣਾਈ ਗਈ ਸਬ ਕਮੇਟੀ ਦੀ ਰਿਪੋਰਟ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਧਰਮੀ ਫ਼ੌਜੀਆਂ ਦੀ ਇੱਕ ਯਾਦਗਾਰ ਸਥਾਪਤ ਕਰਨ ਦੇ ਐਲਾਨ ਨਾਲ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਅਸਥਾਨ ਸ੍ਰੀ ਅੰਮ੍ਰਿਤਸਰ ਵਿਖੇ ਵਿਸ਼ੇਸ਼ ਸਮਾਗਮ ਦੌਰਾਨ ਉਨ੍ਹਾਂ ਨੂੰ ਅਤੇ ਪਰਿਵਾਰਾਂ ਨੂੰ ਸਨਮਾਨਤ ਕਰਨ ਦਾ ਵੀ ਫ਼ੈਸਲਾ ਲਿਆ ਗਿਆ। ਸ਼੍ਰੋਮਣੀ ਕਮੇਟੀ ਦੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਢਾਂਚੇ ਨੂੰ ਭੰਗ ਕਰਨ ਦਾ ਐਲਾਨ ਕਰਦਿਆਂ ਪ੍ਰਧਾਨ ਨੇ



ਕਿਹਾ ਕਿ ਅੰਤ੍ਰਿੰਗ ਕਮੇਟੀ ਵੱਲੋਂ ਡਾਇਰੈਕਟੋਰੇਟ ਦੀ ਪੁਨਰ ਸਥਾਪਨਾ ਲਈ ਸਬ ਕਮੇਟੀ ਦੀ ਰਿਪੋਰਟ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਨਵੇਂ ਨਿਯਮਾਂ ਤੇ ਸ਼ਰਤਾਂ ਅਨੁਸਾਰ ਪ੍ਰਿੰਸੀਪਲਾਂ ਤੋਂ ਵੱਖਰੇ ਡਾਇਰੈਕਟਰ ਨਿਯੁਕਤ ਕੀਤੇ ਜਾਣਗੇ। ਪ੍ਰੋ. ਬਡੂੰਗਰ ਨੇ ਕਿਹਾ ਕਿ 1965 ਦੀ ਜੰਗ ਦੌਰਾਨ ਪੰਜਾਬ ਦੀ ਰਖਵਾਲੀ ਲਈ ਡਟਣ ਵਾਲੇ ਸਿੱਖ ਜਨਰਲ ਹਰਬਖ਼ਸ਼ ਸਿੰਘ ਦੇ ਸਤਿਕਾਰ ਵਜੋਂ 9 ਸਤੰਬਰ ਨੂੰ ਪਿੰਡ ਆਸਲ ਉਤਾੜ (ਖੇਮਕਰਨ) ਵਿਖੇ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ ਅਤੇ ਦੇਸ਼ ਤੇ ਕੌਮ ਲਈ ਯੋਗਦਾਨ ਪਾਉਣ ਵਾਲੇ ਸਿੱਖ ਯੋਧਿਆਂ ਦੀਆਂ ਤਸਵੀਰਾਂ ਵੀ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਰਾਇ ਬੁਲਾਰ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਸੁਲਤਾਨਪੁਰ ਲੋਧੀ ਵਿਖੇ 2 ਏਕੜ ਰਕਬੇ ਵਿੱਚ ਨਰਸਰੀ ਤਿਆਰ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਾਤਾਵਰਨ ਸੰਭਾਲ ਲਹਿਰ ਚਲਾਈ ਜਾਵੇਗੀ। ਉਨ੍ਹਾਂ ਜੂਨ 1984 ਵਿੱਚ ਹਰਿਮੰਦਰ ਸਾਹਿਬ ਉਪਰ ਕੀਤੇ ਗਏ ਫ਼ੌਜੀ ਹਮਲੇ ਸਬੰਧੀ ਬਰਤਾਨੀਆ ਸਰਕਾਰ ਦੀ ਭੂਮਿਕਾ ਦੇ ਸੱਚ ਨੂੰ ਉਜਾਗਰ ਕਰਨ ਦੀ ਮੰਗ ਕੀਤੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅੰਬਾਲਾ ਵਿੱਚ ਹਰਜੀਤ ਸਿੰਘ ਨੂੰ ਬੱਸ ਵਿੱਚੋਂ ਉਤਾਰ ਕੇ ਕੁੱਟਮਾਰ ਕਰਨ, ਪਾਤੜਾਂ ਦੀ ਅੰਮ੍ਰਿਤਧਾਰੀ ਲੜਕੀ ਸੰਦੀਪ ਕੌਰ ਨੂੰ ਥਾਣੇਦਾਰ ਵੱਲੋਂ ਗਾਲੀ ਗਲੋਚ ਕਰਨ ਅਤੇ ਜ਼ੀਰਕਪੁਰ ਵਿੱਚ ਸਿੱਖ ਡਰਾਈਵਰ ਨੂੰ ਬੱਸ ਵਿੱਚੋਂ ਉਤਾਰ ਕੇ ਕੁੱਟਣ ਦੀਆਂ ਘਟਨਾਵਾਂ ਦੀ ਸਖ਼ਤ ਨਿੰਦਾ ਕੀਤੀ।

### ਹਰਚਰਨ ਸਿੰਘ ਨੇ ਕਿਹਾ-ਨਿੱਜੀ ਕਾਰਨਾਂ ਕਰਕੇ ਅਸਤੀਫ਼ਾ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਅਚਨਚੇਤੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦੇ ਅਸਤੀਫ਼ੇ ਨਾਲ ਚਲ ਰਿਹਾ ਅਦਾਲਤੀ ਕੇਸ ਵੀ ਆਪੇ ਖ਼ਤਮ ਹੋ ਜਾਣ ਦੀ ਸੰਭਾਵਨਾ ਹੈ। ਸ੍ਰੀ ਹਰਚਰਨ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਇਹ ਸੇਵਾ ਛੱਡਣ ਬਾਰੇ ਮਨ ਬਣਾ ਰਹੇ ਸਨ ਕਿਉਂਕਿ ਕੁਝ ਘਰੇਲੂ ਰੁਝੇਵੇਂ ਅਤੇ ਅਧੂਰੇ ਪਏ ਕੰਮ ਪੂਰੇ ਕਰਨ ਵਾਲੇ ਹਨ। ਉਹ ਇਕ ਪੁਸਤਕ ਵੀ ਲਿਖ ਰਹੇ ਹਨ, ਜਿਸ ਨੂੰ ਉਹ ਪੂਰਾ ਕਰਨਗੇ। ਉਨ੍ਹਾਂ ਆਖਿਆ ਕਿ ਉਹ ਨੌਕਰੀ ਕਰਨ ਦੇ ਮੰਤਵ ਨਾਲ ਨਹੀਂ ਸਗੋਂ ਸੇਵਾ ਕਰਨ ਦੇ ਮੰਤਵ ਨਾਲ ਸ਼੍ਰੋਮਣੀ ਕਮੇਟੀ ਵਿਚ ਆਏ ਸਨ ਅਤੇ ਉਨ੍ਹਾਂ ਸਿੱਖ ਸੰਸਥਾ ਵਿੱਚ ਸੁਧਾਰ ਲਿਆਉਣ ਦਾ ਯਤਨ ਕੀਤਾ। ਉਹ ਹੁਣ ਪਰਿਵਾਰ ਵੱਲੋਂ ਚਲਾਏ ਜਾ ਰਹੇ ਬਿਰਧ ਆਸ਼ਰਮ ਦੀ ਸੇਵਾ ਵਿੱਚ ਵੀ ਹੱਥ ਵੰਡਾਉਣਗੇ। ਇਸ ਬਿਰਧ ਆਸ਼ਰਮ ਦੀ ਸੇਵਾ ਲਈ ਉਨ੍ਹਾਂ ਦੇ ਪਰਿਵਾਰ ਵੱਲੋਂ ਹਰ ਮਹੀਨੇ ਕਰੀਬ ਚਾਰ ਲੱਖ ਰੁਪਏ ਖ਼ਰਚ ਕੀਤੇ ਜਾਂਦੇ ਹਨ। ਸ੍ਰੀ ਹਰਚਰਨ ਸਿੰਘ 26 ਅਗਸਤ 2015 ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨਿਯੁਕਤ ਕੀਤੇ ਗਏ ਸਨ। ਨਿਯੁਕਤੀ ਸਮੇਂ ਉਨ੍ਹਾਂ ਨੂੰ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਤਨਖ਼ਾਹ, ਰਿਹਾਇਸ਼ ਅਤੇ ਆਵਾਜਾਈ ਲਈ ਵਾਹਨ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਸਨ। ਉਨ੍ਹਾਂ ਪਹਿਲੀ ਮਾਰਚ 2017 ਨੂੰ ਤਨਖ਼ਾਹ ਘਟਾ ਕੇ ਇੱਕ ਲੱਖ ਰੁਪਏ ਲੈਣ ਦਾ ਐਲਾਨ ਕੀਤਾ ਸੀ। ਜ਼ਿਕਰਯੋਗ ਹੈ ਕਿ ਮੁੱਖ ਸਕੱਤਰ ਦੀ ਨਿਯੁਕਤੀ ਸਮੇਂ ਸਿੱਖ ਸਦਭਾਵਨਾ ਦਲ ਵੱਲੋਂ ਰੋਸ ਵਿਖਾਵਾ ਕੀਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ 1920 ਵੱਲੋਂ ਫ਼ੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਵੀ ਦਿੱਤੀ ਗਈ ਸੀ ਜੋ ਵਿਚਾਰ ਅਧੀਨ ਹੈ। ਸਿੱਖ ਜਥੇਬੰਦੀਆਂ ਨੇ ਦੋਸ਼ ਲਾਇਆ ਸੀ ਕਿ ਉਮਰ ਸਬੰਧੀ ਸ਼ਰਤ ਅਤੇ ਵੱਧ ਤੋਂ ਵੱਧ ਤਨਖ਼ਾਹ ਦੇ ਨਿਯਮਾਂ ਨੂੰ ਛਿੱਕੇ ਟੰਗ ਦਿੱਤਾ ਗਿਆ ਹੈ।

## 21 ਲੱਖ ਭਾਰਤੀਆਂ ਨੇ 11 ਸਾਲਾਂ 'ਚ ਐਚ-1ਬੀ ਵੀਜ਼ੇ ਲਈ ਦਿੱਤੀਆਂ ਅਰਜ਼ੀਆਂ

**ਵਾਸ਼ਿੰਗਟਨ/ਬਿਊਰੋ ਨਿਊਜ਼:** ਪਿਛਲੇ 11 ਸਾਲਾਂ 'ਚ 21 ਲੱਖ ਤੋਂ ਵੱਧ ਭਾਰਤੀ ਤਕਨੀਕੀ ਪੇਸ਼ੇਵਰਾਂ ਨੇ ਐਚ-1ਬੀ ਵੀਜ਼ੇ ਲਈ ਅਰਜ਼ੀਆਂ ਦਾਖ਼ਲ ਕੀਤੀਆਂ ਹਨ । ਇਹ ਜਾਣਕਾਰੀ ਇਕ ਸਰਕਾਰੀ ਰਿਪੋਰਟ ਵਿਚ ਦਿੱਤੀ ਗਈ । ਅਮਰੀਕੀ ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸਸਜ਼ ਦੀ ਰਿਪੋਰਟ ਨੇ ਇਸ ਧਾਰਨਾ ਨੂੰ ਵੀ ਖ਼ਾਰਜ ਕੀਤਾ ਹੈ ਕਿ ਜਿਹੜੇ ਲੋਕਾਂ ਨੇ ਵੀਜ਼ੇ ਲਈ ਅਰਜ਼ੀ ਦਿੱਤੀ ਹੈ, ਉਹ ਬਹੁਤ ਯੋਗ ਨਹੀਂ ਹਨ । ਔਸਤਨ ਪਿਛਲੇ 11 ਸਾਲਾਂ ਵਿਚ ਵਿਚ ਉਨ੍ਹਾਂ ਦੀ ਤਨਖ਼ਾਹ 92,317 ਡਾਲਰ ਰਹੀ ਹੈ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਕੋਲ ਮਾਸਟਰ ਡਿਗਰੀ ਜਾਂ ਗ੍ਰੈਜੂਏਸ਼ਨ ਦੀ ਡਿਗਰੀ ਹੈ । ਇਸ ਰਿਪੋਰਟ ਅਨੁਸਾਰ ਸਾਲ 2007 ਤੋਂ ਇਸ ਸਾਲ ਜੂਨ ਤਕ ਅਮਰੀਕੀ ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸਸਜ਼ ਨੂੰ 34 ਲੱਖ ਐਚ-1ਬੀ ਵੀਜ਼ੇ ਦੀਆਂ ਅਰਜ਼ੀਆਂ ਮਿਲੀਆਂ ਹਨ ਜਿਨ੍ਹਾਂ ਵਿਚੋਂ 21 ਲੱਖ ਲੋਕ ਭਾਰਤ ਦੇ ਹਨ । ਇਸ ਦੌਰਾਨ ਅਮਰੀਕਾ ਨੇ 26 ਲੱਖ ਲੋਕਾਂ ਨੂੰ ਇਹ ਵੀਜ਼ਾ ਦਿੱਤਾ ਹੈ ਪਰ ਇਸ ਵਿਚ ਦੇਸ਼ ਦੇ ਹਿਸਾਬ ਨਾਲ ਜਾਣਕਾਰੀ ਨਹੀਂ ਦਿੱਤੀ ਗਈ । ਸਾਲ 2007-2017 ਦੇ ਵਿਚਕਾਰ ਐਚ-1ਬੀ ਵੀਜ਼ੇ ਲਈ ਅਰਜ਼ੀਆਂ ਦੇ ਸਬੰਧ ਵਿਚ ਭਾਰਤ ਤੋਂ ਬਾਅਦ ਚੀਨ ਦਾ ਸਥਾਨ ਆਉਂਦਾ ਹੈ । ਰਿਪੋਰਟ ਦੇ ਹਿਸਾਬ ਨਾਲ ਐਚ-1ਬੀ ਵੀਜ਼ੇ ਦੇ ਲਾਭਪਾਤਰੀਆਂ ਵਿਚ ਜ਼ਿਆਦਾਤਰ ਭਾਵ ਕਰੀਬ 23 ਲੱਖ ਲੋਕ 25 ਤੋਂ 34 ਸਾਲ ਦੀ ਉਮਰ ਦੇ ਲੋਕ ਸਨ । 20 ਲੱਖ ਲੋਕ ਕੰਪਿਊਟਰ ਨਾਲ ਸਬੰਧਿਤ ਪੇਸ਼ੇ ਵਾਲੇ ਸਨ ।

## ਪੰਜਾਬ ਦੇ 30 ਹਜ਼ਾਰ ਕਾਰੋਬਾਰੀ ਜੀਐਸਟੀ ਤੋਂ ਭਗੌੜੇ ਹੋਣ ਨਾਲ ਸਰਕਾਰ ਨੂੰ ਭਾਰੀ ਮਾਲੀ ਘਾਟੇ ਦਾ ਖਦਸ਼ਾ

**ਚੰਡੀਗੜ੍ਹ/ਬਿਊਰੋ ਨਿਊਜ:** ਪੰਜਾਬ ਦੇ ਤਕਰੀਬਨ 30 ਹਜ਼ਾਰ ਕਾਰੋਬਾਰੀ, ਜੋ ਪਹਿਲਾਂ ਵੈਟ ਤਹਿਤ ਰਜਿਸਟਰਡ ਸਨ, ਅਜੇ ਤਕ ਵਸਤਾਂ ਤੇ ਸੇਵਾਵਾਂ ਕਰ (ਜੀਐਸਟੀ) ਤਹਿਤ ਰਜਿਸਟਰਡ ਨਹੀਂ ਹੋਏ ਹਨ। ਇਹ ਸੂਬਾਈ ਸਰਕਾਰ ਲਈ ਚਿੰਤਾ ਦਾ ਵਿਸ਼ਾ ਬਣ ਗਏ ਹਨ। ਭਾਵੇਂ ਇਨ੍ਹਾਂ ਵਿੱਚੋਂ ਕੁੱਝ ਵਪਾਰੀ ਜੀਐਸਟੀ ਦੇ ਕਰ ਵਾਲੇ ਘੇਰੇ 'ਚ ਨਹੀਂ ਆਉਂਦੇ ਹੋਣੇ ਕਿਉਂਕਿ ਇਨ੍ਹਾਂ ਦਾ ਸਾਲਾਨਾ ਕਾਰੋਬਾਰ 20 ਲੱਖ ਰੁਪਏ ਤੋਂ ਘੱਟ ਹੋ ਸਕਦਾ ਹੈ ਜਾਂ ਇਹ ਵਪਾਰੀ ਉਨ੍ਹਾਂ ਵਸਤਾਂ ਨਾਲ ਸਬੰਧਤ ਹੋ ਸਕਦੇ ਹਨ, ਜੋ ਜੀਐਸਟੀ 'ਚ ਸ਼ਾਮਲ ਨਹੀਂ ਹਨ। ਪਰ ਪੰਜਾਬ ਆਬਕਾਰੀ ਤੇ ਕਰ ਵਿਭਾਗ ਨੇ ਅਜਿਹੇ ਵਪਾਰੀਆਂ ਦੀ ਸ਼ਨਾਖ਼ਤ ਕਰਨ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਕਾਰੋਬਾਰੀਆਂ ਨੂੰ ਜੀਐਸਟੀ ਤਹਿਤ ਆਰਜ਼ੀ ਆਈਡੀ ਨੰਬਰ ਅਤੇ ਪਾਸਵਰਡ ਦਿੱਤੇ ਗਏ ਸਨ ਪਰ ਇਨ੍ਹਾਂ ਨੇ ਆਪਣੀ ਰਜਿਸਟਰੇਸ਼ਨ ਨਹੀਂ ਕਰਾਈ ਹੈ।
ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਜੀਐਸਟੀ ਤਹਿਤ ਜਾਣਬੁੱਝ ਕੇ ਰਜਿਸਟਰੇਸ਼ਨ ਨਾ ਕਰਾਉਣ ਵਾਲੇ ਵਪਾਰੀਆਂ, ਜੋ ਕਰ ਦੇ ਘੇਰੇ ਵਿੱਚ ਆਉਂਦੇ ਹਨ, ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ, ਅਸੀਂ ਵੈਟ ਤਹਿਤ ਇਨ੍ਹਾਂ ਦੀ ਰਜਿਸਟਰੇਸ਼ਨ ਰੱਦ ਕਰਾਂਗੇ ਅਤੇ ਅਜਿਹੇ ਡਿਫਾਲਟਰ ਕਾਰੋਬਾਰੀਆਂ ਕੋਲ ਉਪਲਬਧ ਸਾਮਾਨ ਉਤੇ ਵੈਟ ਲਾਇਆ ਜਾਵੇਗਾ।' ਸਰਕਾਰੀ ਅਨੁਮਾਨ ਮੁਤਾਬਕ ਜੀਐਸਟੀ ਪ੍ਰਣਾਲੀ ਤਹਿਤ ਸੂਬੇ ਦੇ 2.41 ਲੱਖ ਕਾਰੋਬਾਰੀ ਆਉਣਗੇ ਪਰ ਹੁਣ ਤਕ ਤਕਰੀਬਨ 2.10 ਲੱਖ ਵਪਾਰੀਆਂ ਨੇ ਹੀ ਰਜਿਸਟਰੇਸ਼ਨ ਕਰਾਈ ਹੈ। ਦੱਸਣਯੋਗ ਹੈ ਕਿ ਪਹਿਲਾਂ ਪੰਜ ਲੱਖ ਤੋਂ ਵੱਧ ਸਾਲਾਨਾ ਕਾਰੋਬਾਰ ਵਾਲੇ ਵਪਾਰੀਆਂ ਨੂੰ ਵੈਟ ਦੇਣਾ ਪੈਂਦਾ ਸੀ ਅਤੇ ਜੀਐਸਟੀ ਤਹਿਤ ਇਹ ਹੱਦ ਵਧਾ ਕੇ 20 ਲੱਖ ਰੁਪਏ ਸਾਲਾਨਾ ਕਰ ਦਿੱਤੀ ਗਈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਜੀਐਸਟੀ ਲਾਗੂ ਹੋਣ ਬਾਅਦ ਪਹਿਲੇ ਸਾਲ ਸੂਬੇ ਨੂੰ ਪੰਜ ਹਜ਼ਾਰ ਕਰੋੜ ਰੁਪਏ ਦਾ ਲਾਭ ਹੋਵੇਗਾ ਪਰ ਕਰ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੀਐਸਟੀ ਤੋਂ ਇਕੱਤਰ ਹੋਣ ਵਾਲੇ ਸੰਭਾਵੀਂ ਮਾਲੀਏ ਬਾਰੇ ਅਜੇ ਕੋਈ ਅੰਦਾਜ਼ਾ ਨਹੀਂ ਹੈ।

# ਅਖੰਡ ਪਾਠ ਭੇਟਾ ਵਧਾਉਣ ਦੀ ਮੰਗ ਨੂੰ ਲੈ ਕੇ ਪਾਠੀਆਂ ਵੱਲੋਂ ਰੋਸ ਵਿਖਾਵਾ

## *ਦਰਬਾਰ ਸਾਹਿਬ ਸਮੂਹ 'ਚ ਅਰੰਭ ਹੋਣ ਵਾਲੇ ਅਖੰਡ ਪਾਠ ਹੋਏ ਪ੍ਰਭਾਵਤ*



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਗੁਰਦੁਆਰਿਆਂ ਵਿੱਚ ਅਖੰਡ ਪਾਠ ਕਰਦੇ ਪਾਠੀਆਂ ਨੇ ਅਖੰਡ ਪਾਠ ਭੇਟਾ ਵਧਾਉਣ ਦੀ ਮੰਗ ਨੂੰ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਰੋਸ ਵਿਖਾਵਾ ਕੀਤਾ। ਇਸ ਕਾਰਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਅਰੰਭ ਹੋਣ ਵਾਲੇ ਅਖੰਡ ਪਾਠ ਪ੍ਰਭਾਵਤ ਹੋਏ।
ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਸੋਮਵਾਰ ਨੂੰ ਉਸ ਵੇਲੇ ਤਣਾਅ ਵਾਲਾ ਮਾਹੌਲ ਬਣ ਗਿਆ, ਜਦੋਂ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਅਖੰਡ ਪਾਠੀਆਂ ਨੇ ਸ੍ਰੀ ਅਕਾਲ ਤਖ਼ਤ ਨੇੜੇ ਸੁੱਖ ਆਸਨ ਵਾਲੀ ਥਾਂ ਕੋਲ ਰੋਸ ਵਿਖਾਵਾ ਸ਼ੁਰੂ ਕਰ ਦਿੱਤਾ। ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪੁੱਜੇ ਹੋਏ ਸਨ। ਪਾਠੀਆਂ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਹੜਤਾਲ ਕਰਦਿਆਂ ਇੱਥੇ ਅਰੰਭ ਹੋਣ ਵਾਲੇ ਅਖੰਡ ਪਾਠ ਕਰਨ ਤੋਂ ਮਨ੍ਹਾਂ ਕਰ ਦਿੱਤਾ, ਜਿਸ ਨਾਲ ਨਵੇਂ ਅਖੰਡ ਪਾਠ ਅਰੰਭ ਨਹੀਂ ਹੋ ਸਕੇ, ਜਦੋਂ ਕਿ ਪਹਿਲਾਂ ਤੋਂ ਚੱਲ ਰਹੇ ਅਖੰਡ ਪਾਠਾਂ ਵਿੱਚ ਕੋਈ ਵਿਘਨ ਨਹੀਂ ਪਾਇਆ ਗਿਆ। ਰੋਸ ਵਿਖਾਵਾ ਕਰ ਰਹੇ ਪਾਠੀਆਂ ਨੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਨਾਅਰੇ ਵੀ ਲਾਏ।
ਜਥੇਬੰਦੀ ਦੇ ਆਗੂ ਹਰਪਾਲ ਸਿੰਘ ਅਤੇ ਅੰਗਰੇਜ਼ ਸਿੰਘ ਨੇ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਤੋਂ ਅਖੰਡ ਪਾਠੀਆਂ ਦੀ ਭੇਟਾ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ, ਜਦੋਂ ਕਿ 8 ਮਹੀਨਿਆਂ ਤੋਂ ਉਹ ਇਸ ਸਬੰਧੀ ਲਗਾਤਾਰ ਗੱਲਬਾਤ ਕਰ ਰਹੇ ਹਨ। ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੋਂ ਲੈ ਕੇ ਮੈਂਬਰਾਂ ਦੇ ਘਰ ਤੱਕ ਗਏ ਹਨ ਪਰ ਕਿਸੇ ਨੇ ਕੋਈ ਸੁਣਵਾਈ ਨਹੀਂ ਕੀਤੀ। ਮਜਬੂਰਨ ਉਨ੍ਹਾਂ ਨੂੰ ਅਖੰਡ ਪਾਠ ਸ਼ੁਰੂ ਹੋਣ ਤੋਂ ਰੋਕਣੇ ਪਏ। ਉਨ੍ਹਾਂ ਮੰਗ ਕੀਤੀ ਕਿ ਪਾਠੀਆਂ ਦੀ ਭੇਟਾ ਵਿੱਚ ਵਾਧਾ ਕੀਤਾ ਜਾਵੇ, ਸਕਿਉਰਿਟੀ ਰਕਮ ਸਬੰਧੀ ਨਿਯਮ ਬਣਾਏ ਜਾਣ, ਸ਼੍ਰੋਮਣੀ ਕਮੇਟੀ ਦੇ ਹਸਪਤਾਲਾਂ ਵਿੱਚ ਪਾਠੀਆਂ ਨੂੰ ਮੈਡੀਕਲ ਸਹੂਲਤ ਮੁਹੱਈਆ ਕੀਤੀ ਜਾਵੇ, ਹੋਰ ਮੁਲਾਜ਼ਮਾਂ ਵਾਂਗ ਪਾਠੀਆਂ ਦੇ ਪਰਿਵਾਰਾਂ ਲਈ ਰਿਹਾਇਸ਼ ਦਾ ਪ੍ਰਬੰਧ ਹੋਵੇ, ਕੁਦਰਤੀ ਹਾਦਸਾ ਵਾਪਰਨ 'ਤੇ ਫੰਡ ਦੀ ਸਹੂਲਤ ਦਿੱਤੀ ਜਾਵੇ, ਸ਼੍ਰੋਮਣੀ ਕਮੇਟੀ ਦੇ ਸਕੂਲਾਂ-ਕਾਲਜਾਂ ਵਿੱਚ ਪਾਠੀਆਂ ਦੇ ਬੱਚਿਆਂ ਨੂੰ ਸਿੱਖਿਆ ਦੀ ਸਹੂਲਤ ਦਿੱਤੀ ਜਾਵੇ ਵਰਗੀਆਂ ਮੰਗਾਂ ਸ਼ਾਮਲ ਹਨ।
ਮਗਰੋਂ ਇਸ ਮਾਮਲੇ ਨੂੰ ਲੈ ਕੇ ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਭਾਈ ਰਾਮ ਸਿੰਘ, ਭਾਈ ਰਾਜਿੰਦਰ ਸਿੰਘ ਮਹਿਤਾ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਨੇ ਰੋਸ ਵਿਖਾਵਾ ਕਰ ਰਹੇ ਪਾਠੀ ਸਿੰਘਾਂ ਨਾਲ ਗੱਲਬਾਤ ਕੀਤੀ। ਮੀਟਿੰਗ ਮਗਰੋਂ ਦੋਵਾਂ ਧਿਰਾਂ ਵਿਚਾਲੇ ਰਜ਼ਾਮੰਦੀ ਹੋ ਗਈ ਅਤੇ ਕੁਝ ਨਵੇਂ ਅਖੰਡ ਪਾਠ ਵੀ ਅਰੰਭ ਕਰ ਦਿੱਤੇ ਗਏ। ਸ੍ਰੀ ਭਿੱਟੇਵੱਡ ਨੇ ਖੁਲਾਸਾ ਕੀਤਾ ਕਿ ਭੇਟਾ ਵਿੱਚ ਪ੍ਰਤੀ ਅਖੰਡ ਪਾਠ ਪ੍ਰਤੀ ਵਿਅਕਤੀ 200 ਰੁਪਏ ਦਾ ਵਾਧਾ ਕੀਤਾ ਗਿਆ ਹੈ। ਪਾਠੀਆਂ ਵੱਲੋਂ ਕਟੌਤੀ ਕਰਾਈ ਰਕਮ ਵਿੱਚੋਂ ਹੀ ਉਨ੍ਹਾਂ ਦਾ ਮੈਡੀਕਲ ਬੀਮਾ ਕਰਾਉਣ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਇਲਾਵਾ ਹੋਰ ਮੰਗਾਂ ਬਾਰੇ ਵਿਚਾਰ ਕੀਤਾ ਜਾਵੇਗਾ। ਪਾਠੀਆਂ ਦੀ ਜਥੇਬੰਦੀ ਦੇ ਆਗੂ ਹਰਪਾਲ ਸਿੰਘ ਨੇ ਇਹ ਮੰਗਾਂ ਮੰਨਣ ਅਤੇ ਕੰਮ ਸ਼ੁਰੂ ਹੋਣ ਦੀ ਪੁਸ਼ਟੀ ਕੀਤੀ ਹੈ।
ਇੱਥੇ ਲਗਪਗ 41 ਨਵੇਂ ਅਖੰਡ ਪਾਠ ਅਰੰਭ ਹੋਣੇ ਸਨ, ਜੋ ਪਾਠੀਆਂ ਦੇ ਰੋਸ ਵਿਖਾਵੇ ਕਾਰਨ ਪ੍ਰਭਾਵਤ ਹੋਏ। ਮਗਰੋਂ ਇਨ੍ਹਾਂ ਵਿਚੋਂ 17 ਨਵੇਂ ਅਖੰਡ ਪਾਠ ਅਰੰਭ ਹੋ ਗਏ ਅਤੇ 24 ਅਖੰਡ ਪਾਠ ਹੁਣ ਅਗਲੇ ਦਿਨਾਂ ਵਿੱਚ ਅਰੰਭ ਹੋਣਗੇ। ਇਸ ਦੌਰਾਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪਾਠੀਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਕੀਤੇ ਰੋਸ ਵਿਖਾਵੇ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਜੇ ਇਹ ਲੋਕ ਹੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਅਜਿਹੇ ਰੋਸ ਵਿਖਾਵੇ ਕਰਨਗੇ ਤਾਂ ਬਾਕੀਆਂ 'ਤੇ ਕੀ ਅਸਰ ਪਵੇਗਾ। ਹੋਰ ਆਗੂਆਂ ਨੇ ਵੀ ਇਸ ਦੀ ਨਿਖੇਧੀ ਕੀਤੀ ਹੈ।

ਅੰਮ੍ਰਿਤਸਰ ਟਾਈਮਜ਼
AMRITSAR TIMES
02 ਅਗਸਤ 2017 ਤੋਂ 08 ਅਗਸਤ 2017

## ਸਿਆਸੀ ਸੌਦੇਬਾਜ਼ੀਆਂ ਦਾ ਸਿਖ਼ਰ

ਭਾਰਤੀ ਸਿਆਸਤ ਵਿਚ ਇਨ੍ਹੀਂ ਦਿਨੀਂ ਬਹੁਤ ਕੁੱਝ ਅਜਿਹਾ ਹੋ-ਵਾਪਰ ਰਿਹਾ ਹੈ; ਜਿਹੜਾ ਅਵਾਮ ਦੇ ਹਿੱਤ ਵਿਚ ਨਹੀਂ। ਰਾਜਸੀ ਭ੍ਰਿਸ਼ਟਾਚਾਰ ਸਿਆਸਤ ਨੂੰ ਏਨੀਆਂ ਨੀਵਾਣਾਂ ਵੱਲ ਲੈ ਗਿਆ ਹੈ; ਜਿਥੋਂ ਵਾਪਸੀ ਨਾਮੁਮਕਿਨ ਲਗਦੀ ਹੈ। ਬਿਲਕੁਲ ਤਾਜ਼ਾ ਘਟਨਾਕ੍ਰਮ ਗੁਜਰਾਤ ਵਿਚ ਵਾਪਰ ਰਿਹਾ ਹੈ, ਜਿਥੋਂ ਦੇ 6 ਕਾਂਗਰਸੀ ਵਿਧਾਇਕ ਅਸਤੀਫ਼ੇ ਦੇ ਕੇ ਭਾਜਪਾ ਵਿਚ ਚਲੇ ਗਏ। ਗੁਜਰਾਤ ਦੀ ਸਿਆਸਤ ਵਿਚ ਵੱਡਾ ਨਾਂਅ ਸ਼ੰਕਰ ਸਿੰਹੁ ਵਘੇਲਾ ਨੇ ਕਾਂਗਰਸ ਪਾਰਟੀ ਇਸ ਕਰ ਕੇ ਛੱਡੀ ਕਿਉਂ ਜੋ ਉਹਨੂੰ ਕਾਂਗਰਸ ਆਪਣਾ ਮੁੱਖ ਮੰਤਰੀ ਦਾ ਉਮੀਦਵਾਰ ਬਣਾਉਣ ਨੂੰ ਤਿਆਰ ਨਹੀਂ ਸੀ। ਵਘੇਲਾ ਕਿਸੇ ਵੇਲੇ ਗੁਜਰਾਤ ਭਾਜਪਾ ਦਾ ਵੱਡਾ ਆਗੂ ਹੋਇਆ ਕਰਦਾ ਸੀ ਤੇ ਉਧਰੋਂ ਨਾਰਾਜ਼ ਹੋ ਕੇ ਕਾਂਗਰਸ ਵਿਚ ਆਇਆ ਸੀ। ਹੁਣ ਉਮਰ ਦੇ ਆਖ਼ਰੀ ਦਹਾਕੇ ਵਿਚ ਸਤਾ ਦਾ ਲਾਲਚ ਫੇਰ ਏਨਾ ਪ੍ਰਬਲ ਹੋਇਆ ਕਿ ਉਹ ਕਾਂਗਰਸ ਛੱਡ ਕੇ ਮੁੜ ਭਾਜਪਾ ਵੱਲ ਤਾਂਘ ਲਾਈ ਬੈਠਾ ਹੈ। ਵਘੇਲਾ ਦੇ ਕਾਂਗਰਸ ਛੱਡਣ ਤੇ 6 ਕਾਂਗਰਸੀ ਵਿਧਾਇਕਾਂ ਦੇ ਭਾਜਪਾ ਵਿਚ ਜਾਣ ਤੋਂ ਬਾਅਦ ਗੁਜਰਾਤ ਕਾਂਗਰਸ ਪੂਰੀ ਤਰ੍ਹਾਂ ਖਿਲਰਦੀ ਨਜ਼ਰ ਆਉਣ ਲੱਗੀ ਤਾਂ ਕਾਂਗਰਸ ਨੇ ਆਪਣੇ ਬਚੇ ਵਿਧਾਇਕਾਂ ਵਿਚੋਂ 42 ਵਿਧਾਇਕਾਂ ਨੂੰ ਔਖੇ-ਸੌਖੇ ਇਕੱਠੇ ਕਰ ਕੇ ਬੰਗਲੂਰੂ ਇਕ ਰਿਜ਼ਾਰਟ ਵਿਚ 'ਠਹਿਰਾ' ਦਿੱਤਾ ਹੈ ਤਾਂ ਜੋ ਇਨ੍ਹਾਂ ਵਿਚੋਂ ਕਿਸੇ ਹੋਰ ਨੂੰ ਭਾਜਪਾ ਨਾ ਲੈ ਜਾਵੇ। ਅਸਲ ਵਿਚ ਭਾਰਤੀ ਸਿਆਸਤ ਵਿਚ ਪੈਸੇ ਅਤੇ ਬਾਹੂਬਲ ਦਾ ਬੋਲਬਾਲਾ ਏਨਾ ਵਧ ਗਿਆ ਹੈ ਕਿ ਹੁਣ ਸਾਫ਼ ਸੁਥਰੀ ਅਤੇ ਲੋਕ-ਪੱਖੀ ਸਿਆਸਤ ਦੀ ਤਵੱਕੋ ਹੀ ਮੂਰਖਾਂ ਦੇ ਸੰਸਾਰ ਵਿਚ ਰਹਿਣ ਵਾਲੀ ਗੱਲ ਜਾਪਦੀ ਹੈ।

ਇਨ੍ਹੀਂ ਦਿਨੀਂ ਹੀ ਬਿਹਾਰ ਵਿਚ ਜਿਵੇਂ ਨਿਤੀਸ਼ ਕੁਮਾਰ ਪੁੱਠੀ ਛਾਲ ਮਾਰਦਿਆਂ ਸਿੱਧੇ ਉਸ ਆਰ.ਐਸ.ਐਸ. ਦੀ ਗੋਦੀ ਵਿਚ ਜਾ ਪਏ ਹਨ; ਜਿਹਨੂੰ ਉਹ 20 ਮਹੀਨੇ ਪਹਿਲਾਂ ਪਾਣੀ ਪੀ ਪੀ ਕੋਸ ਰਹੇ ਸਨ ਤੇ ਕਹਿ ਰਹੇ ਸਨ ਕਿ "ਨਿਤੀਸ਼ ਕੁਮਾਰ ਆਪਣੀ ਜਾਨ ਤਾਂ ਦੇ ਸਕਦਾ ਹੈ ਕਦੇ ਆਰ.ਐਸ.ਐਸ. ਨਾਲ ਹੱਥ ਨਹੀਂ ਮਿਲਾਏਗਾ। ਇਹ ਆਜ਼ਾਦੀ ਤੋਂ ਬਾਅਦ ਦੇ ਭਾਰਤੀ ਇਤਿਹਾਸ ਦਾ ਸਭ ਤੋਂ ਜ਼ਿਆਦਾ ਮੌਕਾਪ੍ਰਸਤੀ ਵਾਲਾ ਅਧਿਆਏ ਮੰਨਿਆ ਜਾ ਸਕਦਾ ਹੈ। ਇਹ ਮੌਕਾਪ੍ਰਸਤੀ ਦਾ ਆਧਾਰ ਹੀ ਸਿਰੇ ਦਾ ਰਾਜਸੀ ਭ੍ਰਿਸ਼ਟਾਚਾਰ ਹੈ। ਪਰ ਇਹਦੇ ਲਈ ਇਕੱਲਾ ਨਿਤੀਸ਼ ਕੁਮਾਰ ਹੀ ਦੋਸ਼ੀ ਨਹੀਂ ਹੈ; ਲਾਲੂ ਪ੍ਰਸਾਦ ਯਾਦਵ ਤੇ ਉਹਦਾ ਕੁਨਬਾ, ਕਾਂਗਰਸ ਪਾਰਟੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਜਪਾ ਅਤੇ ਭਾਜਪਾ ਦੀ ਵਿਚਾਰਧਾਰਕ ਮਾਂ ਆਰ.ਐਸ.ਐਸ. ਵੀ ਇਸ ਸਿਆਸੀ ਪਾਪ ਦੇ ਬਰਾਬਰ ਦੇ ਜ਼ਿੰਮੇਵਾਰ ਹਨ।

ਉਂਝ ਇਸ ਤਰ੍ਹਾਂ ਦੇ ਸਿਆਸੀ ਦਾਅ-ਪੇਚ ਅੱਜ ਨਹੀਂ ਸ਼ੁਰੂ ਹੋਏ। ਇਹ ਤਾਂ ਆਜ਼ਾਦੀ ਤੋਂ ਤੁਰੰਤ ਬਾਅਦ ਹੀ ਸ਼ੁਰੂ ਹੋ ਗਏ ਸਨ ਪਰ 1990ਵਿਆਂ ਤੋਂ ਬਾਅਦ ਭਾਰਤੀ ਸਿਆਸਤ ਵਿਚ 'ਬੇਅੰਤ ਮਾਇਆ ਦੇ ਅਦਾਨ ਪ੍ਰਦਾਨ ਨੇ ਭ੍ਰਿਸ਼ਟਾਚਾਰ ਦੀ ਹਨੇਰੀ ਹੀ ਲਿਆ ਦਿੱਤੀ ਹੈ। ਸਿਆਸਤ ਸੇਵਾ ਦੀ ਥਾਂ ਵਪਾਰ ਹੋ ਗਈ ਹੈ ਤੇ ਵਪਾਰੀ ਦਾ ਧਰਮ ਹੀ ਮੁਨਾਫ਼ਾ ਹੁੰਦਾ ਹੈ। ਸੋ; ਭਾਰਤੀ ਸਿਆਸਤ ਦੇ ਇਸ ਵਪਾਰ ਦੇ ਵਪਾਰੀਆਂ ਦੇ ਆਪੋ-ਆਪਣੇ ਮੁਨਾਫ਼ੇ ਅਤੇ ਲਾਲਚ ਹਨ; ਜਿਹਨੇ ਕੁਲ ਭਾਰਤੀ ਸਿਆਸਤ ਦਾ ਮੂੰਹ-ਮੁਹਾਂਦਰਾ ਏਨਾ ਕਰੂਪ ਕਰ ਦਿੱਤਾ ਹੈ ਕਿ ਥੋੜ੍ਹੀ ਬਹੁਤ ਵੀ ਸੋਝੀ ਰੱਖਣ ਵਾਲੇ ਵਿਅਕਤੀ ਨੂੰ ਇਹਦੇ ਤੋਂ ਘਿਣ ਆਉਣ ਲੱਗੀ ਹੈ।

ਬਦਲਦੇ ਵਕਤਾਂ ਨੇ ਜੇ ਸਭ ਤੋਂ ਵੱਧ ਕਿਸੇ ਵਰਤਾਰੇ ਨੂੰ ਪੁੱਠੇ ਪੈਰੀਂ ਕੀਤਾ ਹੈ ਤਾਂ ਉਹ ਸਿਆਸਤ ਹੀ ਹੈ। ਜਿਵੇਂ ਜਿਵੇਂ ਸਿਆਸੀ ਆਗੂ ਬਦਲਦੇ ਚਲੇ ਗਏ, ਮੁੱਦੇ ਵੀ ਬਦਲਦੇ ਗਏ, ਸਿਧਾਂਤ ਖੁਰਦੇ ਗਏ ਤੇ ਫੇਰ ਅਸਲ ਤੇ ਬੁਨਿਆਦੀ ਮੁੱਦੇ ਹੌਲੀ-ਹੌਲੀ ਪਿੱਛੇ ਧੱਕ ਦਿੱਤੇ ਗਏ ਤੇ ਗ਼ੈਰ-ਮੁੱਦੇ ਧਰਮ, ਜ਼ਾਤ, ਫ਼ਿਰਕੇ, ਇਲਾਕੇ ਅਤੇ ਅਖੌਤੀ ਰਾਸ਼ਟਰਵਾਦ ਵਿਚ ਲਪੇਟ ਕੇ ਮੁੱਦੇ ਬਣਾ ਦਿੱਤੇ ਗਏ। ਸਿਆਸਤ ਦਾ ਪੂਰੀ ਤਰ੍ਹਾਂ ਬਾਜ਼ਾਰੀਕਰਨ ਕਰ ਦਿੱਤਾ ਗਿਆ। ਵੱਡੀਆਂ ਦੇਸ਼ੀ-ਵਿਦੇਸ਼ੀ ਕੰਪਨੀਆਂ ਦੀ 'ਫ਼ੰਡਿੰਗ' ਪਾਰਟੀਆਂ ਅਤੇ ਸਿਆਸੀ ਆਗੂਆਂ ਦੀ ਲੋੜ ਬਣ ਗਈ ਤੇ ਇਨ੍ਹਾਂ ਕੰਪਨੀਆਂ/ਮਾਲਕਾਂ ਨੂੰ ਭਾਰਤੀ ਅਵਾਮ ਦੀ ਛਿੱਲ ਲਾਹੁਣ ਲਈ ਲਾਇਸੈਂਸ ਮੁਹੱਈਆ ਕਰਵਾਉਣੇ ਆਗੂਆਂ/ਸਰਕਾਰਾਂ ਦਾ ਮੁੱਖ ਧੰਦਾ ਬਣ ਗਿਆ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਲਖਨਊ ਦੀ ਮਹਾਂਰੈਲੀ ਵਿਚ ਨਰਿੰਦਰ ਮੋਦੀ ਲਈ 5 ਲੱਖ ਲੋਕਾਂ ਦਾ ਇਕੱਠ ਕੀਤਾ ਗਿਆ; ਜਿਸ 'ਤੇ ਇਕ ਅੰਦਾਜ਼ੇ ਮੁਤਾਬਕ 16 ਕਰੋੜ ਰੁਪਏ ਖ਼ਰਚੇ ਗਏ। ਇਹ ਤਾਂ ਇਕ ਮਹਾਂਰੈਲੀ ਸੀ; ਇਸ ਤਰ੍ਹਾਂ ਦੀਆਂ ਮਹਾਂਰੈਲੀਆਂ/ਰੈਲੀਆਂ ਸਾਰੇ ਦੇਸ਼ ਵਿਚ ਐਨ.ਡੀ.ਏ., ਯੂ.ਪੀ.ਏ. ਅਤੇ ਹੋਰਨਾਂ ਖੇਤਰੀ ਪਾਰਟੀਆਂ ਦੇ ਆਗੂਆਂ ਲਈ ਕੀਤੀਆਂ ਗਈਆਂ। ਸੈਂਟਰ ਫ਼ਾਰ ਮੀਡੀਆ ਸਟੱਡੀਜ਼ ਮੁਤਾਬਕ ਇਨ੍ਹਾਂ ਚੋਣਾਂ 'ਤੇ ਲਗਭਗ 30 ਹਜ਼ਾਰ ਕਰੋੜ ਰੁਪਇਆ ਖ਼ਰਚ ਹੋਇਆ; ਜਦਕਿ 1996 ਵਿਚ 2500 ਕਰੋੜ ਅਤੇ 2009 ਵਿਚ 10 ਹਜ਼ਾਰ ਕਰੋੜ ਰੁਪਏ ਖ਼ਰਚ ਹੋਏ ਸਨ। ਇਹ ਪੈਸੇ ਕਿਥੋਂ ਆਉਂਦੇ ਹਨ? ਸਾਫ਼ ਹੈ ਕਿ ਵੱਡੀਆਂ ਕੰਪਨੀਆਂ ਸਰਕਾਰਾਂ/ਸਿਆਸੀ ਆਗੂਆਂ ਤੋਂ ਆਪਣੇ ਕੰਮ ਕਢਵਾਉਣ ਲਈ ਇਸ ਤਰ੍ਹਾਂ ਦੇ ਖੁੱਲ੍ਹੇ ਗੱਫ਼ੇ ਸਿਆਸੀ ਪਾਰਟੀਆਂ ਨੂੰ ਦਿੰਦੀਆਂ ਹਨ। ਇਨ੍ਹੀਂ ਦਿਨੀਂ ਹੀ ਭਾਰਤੀ ਜਨਤਾ ਪਾਰਟੀ ਨੂੰ ਦਿੱਤੇ ਗਏ ਇਕ ਚੈੱਕ ਦੀ ਫ਼ੋਟੋ ਕਾਪੀ ਵਾਇਰਲ ਹੋਈ ਹੈ। ਇਹ 35 ਕਰੋੜ ਦਾ ਚੈੱਕ ਭਾਰਤ ਤੋਂ ਲੰਡਨ ਭੱਜਣ ਤੋਂ ਕੁੱਝ ਸਮਾਂ ਪਹਿਲਾਂ ਵਿਜੇ ਮਾਲਿਆ ਨੇ ਭਾਜਪਾ ਨੂੰ ਦਿੱਤਾ ਸੀ। ਸਾਫ਼ ਹੈ ਵਿਜੈ ਮਾਲਿਆ ਭੱਜਾ ਨਹੀਂ; ਉਹਨੂੰ ਭਜਾਇਆ ਗਿਆ।

ਕੁਲ ਮਿਲਾ ਕੇ ਅੱਜ ਦੀ ਭਾਰਤੀ ਸਿਆਸਤ ਸਿਰੇ ਦੀ ਭ੍ਰਿਸ਼ਟ ਹੋ ਚੁੱਕੀ ਹੈ। ਇਸੇ ਲਈ ਅੱਜ ਚੋਣ ਐਲਾਨਨਾਮੇ ਸਿਰਫ਼ ਲੌਲੀਪੌਪ ਬਣ ਗਏ ਹਨ। ਬੇਅੰਤ ਮਾਇਆ ਨੇ ਆਗੂਆਂ ਨੂੰ ਪੂਰੀ ਤਰ੍ਹਾਂ 'ਆਇਆ ਰਾਮ, ਗਿਆ ਰਾਮ' ਵਿਚ ਤਬਦੀਲ ਕਰ ਦਿੱਤਾ ਹੈ। ਚੋਣਾਂ ਹੁਣ ਪਾਰਟੀਆਂ ਜਾਂ ਸਿਆਸੀ ਆਗੂ ਨਹੀਂ, ਉਨ੍ਹਾਂ ਦੇ ਚੋਣ ਮੈਨੇਜਰ ਲੜਦੇ ਹਨ। ਲੋਕਾਂ ਨੂੰ ਇਕ ਦਿਨ ਦਾ ਬਾਦਸ਼ਾਹ ਬਣਾ ਕੇ ਭਿਖਾਰੀ ਦੀ ਜੂਨੇ ਪਾ ਦਿੱਤਾ ਗਿਅ ਹੈ। ਭਾਰਤੀ ਜਮਹੂਰੀਅਤ ਦਾ 'ਅੱਜ' ਪੂਰੀ ਤਰ੍ਹਾਂ ਕਲੰਕਤ ਹੋ ਚੁੱਕਾ ਹੈ। ਇਹ ਜਮਹੂਰੀਅਤ ਨਹੀਂ ਹੈ; ਜਮਹੂਰੀਅਤ ਦਾ ਕਤਲ ਹੈ। ਇਸ ਸ਼ਰਮਨਾਕ ਹਾਲਾਤ ਤੋਂ ਵਾਪਸੀ ਸੰਭਵ ਹੀ ਨਹੀਂ ਹੈ। ਤਾਂ ਫੇਰ ਹੋਵੇ ਕੀ?

ਸਾਡੀ ਸਮਝ ਮੁਤਾਬਕ ਭਾਰਤ ਦੀ ਰਾਜਸੀ ਵਿਵਸਥਾ/ਪ੍ਰਣਾਲੀ ਵਿਚ ਸੁਧਾਰ ਦੀ ਗੁੰਜਾਇਸ਼ ਨਹੀਂ; ਇਸ ਨੂੰ ਹੇਠਾਂ ਤੋਂ ਉਪਰ ਤਕ ਪੂਰੀ ਤਰ੍ਹਾਂ ਬਦਲ ਦੇਣਾ ਹੀ ਇਕੋ ਇਕ ਹੱਲ ਹੈ। ਹੁਣ ਸਵਾਲ ਇਹ ਹੈ ਕਿ ਇਹ ਕਿਵੇਂ ਹੋਊ? ਤਾਂ ਜੁਆਬ ਬੜਾ ਸਪਸ਼ਟ ਹੈ ਕਿ ਲੋਕ-ਸ਼ਕਤੀ ਅਸੀਮ ਹੈ। ਦੁਨੀਆ 'ਤੇ ਕਦੇ ਕੋਈ ਤਾਨਾਸ਼ਾਹ/ਹਾਕਮ ਸਦਾ ਨਹੀਂ ਰਿਹਾ। ਹੁਣ ਦੇ ਹਾਕਮਾਂ/ਭ੍ਰਿਸ਼ਟ ਆਗੂਆਂ ਵੀ ਨਹੀਂ ਰਹਿਣਾ। ਲੋਕ ਆਪਣੇ ਨਾਇਕ ਖ਼ੁਦ ਲੱਭ ਲਿਆ ਕਰਦੇ ਹਨ। ਭਾਰਤੀ ਅਵਾਮ ਲਈ ਬੜੇ ਔਖੇ ਦਿਨ ਹਨ। ਅੱਛੇ ਦਿਨਾਂ ਦਾ ਭਰਮਜਾਲ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ। ਲੋਕਾਂ ਨੇ ਆਪਣੇ ਦਿਨ ਆਪ ਹੀ ਲੈ ਆਉਣੇ ਹਨ। ਅੱਜ ਨਹੀਂ ਤਾਂ ਕੱਲ੍ਹ।

# 'ਦ ਬਲੈਕ ਪ੍ਰਿੰਸ' : ਜੀਵਨ ਦੀ ਸਵੈ ਪੜਚੋਲ ਅਤੇ ਮਕਸਦ ਲੱਭਣ ਦੀ ਦਾਸਤਾਨ



**ਸੁਖਬੀਰ ਸਿੰਘ ਕੈਲਗਰੀ, ਕਨੇਡਾ**

**ਸੁਖਬੀਰ ਸਿੰਘ ਨੇ ਤਕਨੀਕੀ ਖੇਤਰ ਵਿਚ ਉਚ ਵਿਦਿਆ ਹਾਸਲ ਕੀਤੀ ਹੈ ਅਤੇ ਕੁਝ ਸਮਾਂ ਈਟਰਨਲ ਯੂਨੀਵਰਸਿਟੀ ਬੜੂ ਸਾਹਿਬ ਵਿਚ ਬਤੌਰ ਅਧਿਆਪਕ ਪੜ੍ਹਾਇਆ ਵੀ ਹੈ । ਪਰ ਉਸ ਦਾ ਰੁਝਾਨ ਧਰਮ, ਇਤਿਹਾਸ, ਰਾਜਨੀਤੀ, ਮਨੋਵਿਗਿਆਨ ਅਤੇ ਸਾਹਿਤ ਵਰਗੇ ਵਿਸ਼ਿਆਂ ਵਿਚ ਵੀ ਬਰਾਬਰ ਬਰਕਰਾਰ ਰਿਹਾ ਹੈ। ਅੱਜ ਕੱਲ੍ਹ ਉਹ ਪੜ੍ਹਾਉਣ ਤੋਂ ਲੰਮੀ ਛੁੱਟੀ ਲੈ ਕੇ ਕਨੇਡਾ ਦੇ ਸ਼ਹਿਰ ਵਿਨੀਪੈਗ ਵਿਚ ਰਹਿ ਰਿਹਾ ਹੈ। ਅਸੀਂ ਪਹਿਲਾਂ ਵੀ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਉਸ ਦੀਆਂ ਕਵਿਤਾਵਾਂ ਅਤੇ ਗੰਭੀਰ ਲਿਖਤਾਂ ਛਾਪ ਚੁੱਕੇ ਹਾਂ। ਚਰਚਿਤ ਫਿਲਮ ਦ ਬਲੈਕ ਪ੍ਰਿੰਸ ਬਾਰੇ ਉਸ ਨੇ ਆਪਣੀ ਵੱਖਰੀ ਕਿਸਮ ਦੇ ਵਿਚਾਰ ਲਿਖ ਕੇ ਭੇਜੇ ਹਨ ਜੋ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ-ਸੰਪਾਦਕ**

**ਰਾਣੀ ਵਿਕਟੋਰੀਆ ਨਾਲ ਮੁਢਲੇ ਵਾਰਤਾਲਾਪ**

ਬਲੈਕ ਪ੍ਰਿੰਸ ਕੋਲ ਐਸ਼ਪ੍ਰਸਤੀ ਵਾਲਾ ਜੀਵਨ ਹੈ ਪਰ ਫੇਰ ਵੀ ਮਨ ਵਿਚਲਿਤ ਹੈ। ਰਾਣੀ ਨਾਲ



ਮਹੱਲ ਤੇ ਖੜ੍ਹਦਿਆਂ ਉਹ ਆਪਣੇ ਆਪ ਨੂੰ ਸ਼ਾਹੀ ਗੁਲਾਮ ਦੱਸਦਾ ਹੈ। ਸਭ ਕੁਝ ਹੁੰਦਿਆਂ ਗੁਲਾਮੀ ਦਾ ਅਹਿਸਾਸ ਕਿਉਂ? ਅਜੇ ਬੇਚੈਨੀ ਹੈ ਪਰ ਸਵਾਲ ਸਹੀ ਨੀ ਬਣ ਪਾ ਰਿਹਾ। ਅਸਲ ਚ ਜੀਵਨ ਦੇ ਪਹਿਲੇ ਪੰਜ ਸਾਲ ਖਾਲਸਾ ਰਾਜ ਬੀਤੇ ਅਤੇ ਅਚੇਤ ਚ ਪਿਤਾ ਪੁਰਖਿਆਂ ਦੀਆਂ ਯਾਦਾਂ ਐਸਾ ਉਖੜਵਾਂ ਅਹਿਸਾਸ ਕਰਾਉਂਦੀਆਂ ਹਨ ਜੋ ਜ਼ੁਬਾਨ ਤੋਂ ਗੁਲਾਮੀ ਬਣ ਨਿਕਲਦਾ ਹੈ। ਗੋਰੇ ਰੰਗ ਦੀ ਅਤੇ ਸੁਚੱਜੇ ਸੁਭਾਅ ਦੀ ਰਾਣੀ ਵਿਕਟੋਰੀਆ ਢਾਹੂ ਔਰਤਪਣ (negative anima) ਦੇ ਰੂਪ ਚ ਉਭਰਦੀ ਹੈ। ਮਹਾਰਾਜੇ ਦੀ ਮੁਢਲੀ ਜਵਾਨੀ ਉਤੇ ਵਿਕਟੋਰੀਆ ਭਾਵ ਏਸ ਨਕਾਰਾਤਮਕ ਐਨਮਾ ਦਾ ਪ੍ਰਭਾਵ ਹੈ। ਇਸ ਕਰਕੇ ਮਹਾਰਾਜੇ ਦੀ ਹਉਮੈ ਦੇ ਕੁਝ ਪੱਖ ਆਪਣੇ ਆਪ ਨੂੰ ਵਿਕਟੋਰੀਆ ਭਾਵ ਨਾਲ ਪਛਾਣਦੇ ਹਨ। ਪਰ ਇਸ ਸਭ ਦੇ ਬਾਵਜੂਦ ਅਚੇਤ ਦੇ ਭੁਲੇਵਿਆਂ ਚੋਂ ਉਸਨੂੰ ਬੇਪਛਾਣ ਜਿਹੀਆਂ ਪਿਤਾ ਪੁਰਖੀ ਆਵਾਜ਼ਾਂ ਸੁਣਦੀਆਂ ਹਨ।

**ਮਾਂ ਨਾਲ ਮਿਲਣੀ**

ਅਚੇਤ ਦੀਆਂ ਅਣਘੜਤ ਆਵਾਜ਼ਾਂ ਉਸਨੂੰ ਆਪਣੇ ਅੰਦਰਲੀ ਉਸਾਰੂ ਔਰਤਪਣ (positive anima) ਖੋਜਣ ਲਈ ਬੇਚੈਨ ਕਰਦੀਆਂ ਹਨ। ਉਸਨੂੰ ਅਚੇਤ ਦੇ ਪੱਧਰ ਤੇ ਵਿਕਟੋਰੀਆ ਭਾਵ ਦੀ ਮਾਦਾ ਪਛਾਣ (anima) ਤੇ ਸ਼ੱਕ ਜ਼ਰੂਰ ਹੈ। ਇਸ ਕਰਕੇ ਉਸਦਾ ਅਚੇਤ ਮਹਾਰਾਜੇ ਨੂੰ ਮਾਂ ਲੱਭਣ ਦਾ ਫੁਰਨਾ ਫੁਰਾਉਂਦਾ ਹੈ। ਮਹਾਂਰਾਣੀ ਜਿੰਦਾ ਡੂੰਘੀ ਉਤਰੀ ਹੋਈ ਔਰਤ ਹੈ ਜੋ ਕਿ ਨਿਜ ਤੋਂ ਉਠ ਕੇ ਗੁਰੂ ਸਾਹਿਬ ਦੇ ਬਖਸ਼ੇ ਹੋਏ ਸਮੂਹ ਤੇ ਸਰਬੱਤ ਦੇ ਸਿਧਾਂਤ ਨਾਮ ਜੁੜੀ ਹੋਈ ਹੈ। ਦਲੀਪ ਸਿਉਂ ਮਾਂ ਨੂੰ ਝੁਕ ਕੇ ਮਿਲਦਾ ਹੈ। ਇਹ ਸਿਰਫ ਮਾਂ ਦਾ ਸਤਿਕਾਰ ਹੀ ਨਹੀਂ ਬਲਕਿ ਅਚੇਤ ਦੇ ਫੁਰਨੇ ਹਨ ਜੋ ਕਿ ਦਲੀਪ ਨੂੰ ਇਸ ਉਸਾਰੂ ਇਸਤਰੀ ਨਾਲ ਪਛਾਣੇ ਜਾਣ ਲਈ ਮਨਾ ਰਹੇ ਹਨ। ਦਲੀਪ ਝੁਕਦਾ ਜਾ ਰਿਹਾ ਹੈ। ਮਾਂ ਜਦ ਕੱਟੇ ਕੇਸਾਂ ਤੇ ਹੱਥ ਫੇਰਦੀ ਹੈ ਤਾਂ ਦਲੀਪ ਦੀ ਜਾਗਰੂਕਤਾ (ego awareness) ਦੇ ਤਾਣੇ ਬਾਣੇ ਨਾਲ ਹੋਏ ਖਿਲਵਾੜ ਦਾ ਅਹਿਸਾਸ ਹੁੰਦਾ ਹੈ। ਇਸਾਈਅਤ ਤੇ ਕਤਲੇ ਕੇਸ ਇਸਦਾ ਇਕ ਸੁਚੇਤ ਪੱਖ ਹਨ।

ਇਹੀ ਤਾਣੇ ਬਾਣੇ ਨਾਲ ਹੋਈ ਛੇੜਖਾਨੀ ਨੂੰ ਉਹ ਅਚੇਤ ਰੂਪ ਚ ਕਹਿੰਦਾ ਹੈ, "ਇਥੇ ਸਭ ਲੋਕ ਬਹੁਤ ਚੰਗੇ ਨੇ"। ਇਹ ਹਉਮੈ ਦਾ ਪੈਦਾ ਕੀਤਾ ਹੋਇਆ ਇਕ ਤਰਕ ਹੈ ਜੋ ਕਿ ਵਕਤੀ ਸੰਤੁਸ਼ਟੀ ਪੈਦਾ ਕਰਦਾ ਹੈ ਅਤੇ ਸਥਾਪਤ ਪ੍ਰਬੰਧ ਚ ਅੰਨ੍ਹਾ ਵਿਸ਼ਵਾਸ ਪੈਦਾ ਕਰਦਾ ਹੈ। ਇਹ ਐਨਮ (ਮਹਾਰਾਣੀ ਜਿੰਦਾ) ਤੇ ਅੰਗਰੇਜ਼ੀ ਹਉਮੈ ਦਾ ਆਹਮੋ ਸਾਹਮਣਾ ਹੈ ਤੇ ਹਉਮੈ ਨਿਮਰਤਾ ਨਾਲ ਸੱਚ ਨੂੰ ਟਾਲ ਰਹੀ ਹੈ। ਇਹੀ ਹਾਲਤ ਅਜੋਕੀ ਨੌਜਵਾਨ ਪੀੜ੍ਹੀ ਦੀ ਹੈ ਜੋ ਕਿ 47ਵਿਆਂ, 84ਵਿਆਂ ਅਤੇ 90ਵਿਆਂ ਦੇ ਕਤਲੇਆਮ ਨੂੰ ਹੁੰਦਿਆਂ ਹੋਇਆਂ ਵੀ "ਇਥੇ ਸਭ ਲੋਕ ਬਹੁਤ ਚੰਗੇ ਹੀ ਹਨ" ਕਹਿ ਰਹੀ ਹੈ। ਲੋੜ ਇਸ ਪ੍ਰਭਾਵ ਨੂੰ ਸਮਝਣ ਦੀ ਹੈ ਤੇ ਵਕਤੀ ਸੰਤੁਸ਼ਟੀ ਦੇ ਪ੍ਰਭਾਵ ਤੇ ਕਾਰਣ ਨੂੰ ਘੋਖਣ ਦੀ ਹੈ।

ਅਰੂੜ ਸਿੰਘ ਜੋ ਕਿ ਮਹਾਰਾਜੇ ਦਾ ਹੀ ਬਿੰਬ ਹੈ। ਮਹਾਰਾਜਾ ਕਈ ਵਾਰ ਆਪਣੇ ਆਪ ਨਾਲ ਗੱਲਬਾਤ ਅਰੂੜ ਸਿੰਘ ਦੇ ਜ਼ਰੀਏ ਹੀ ਕਰਦਾ ਹੈ। ਉਹ ਉਸ ਨਾਲ ਹਰ ਗੱਲ ਤੇ ਸਹਿਮਤ ਹੈ। ਕਈ ਵਾਰ ਮਹਾਰਾਜਾ ਉਸ ਚੋਂ ਵੀ ਬੋਲਦਾ ਹੈ, ਉਹ ਕਹਿੰਦਾ ਹੈ ਕਿ ਅਸੀਂ ਭਟਕੀ ਹੋਈ ਕੌਮ ਹਾਂ। ਇਹ ਭਟਕਣਾ ਜਾਗਰੂਕਤਾ (ego awareness) ਦਾ ਗੈਰ-ਪਿਤਾ-ਪੁਰਖੀ ਤੰਦਾਂ ਉਤੇ ਬੁਣ ਕੇ ਖਿੰਡ ਜਾਣਾ ਹੀ ਹੈ।

**ਸਵੈ (self) ਦਾ ਟੁੰਬਣਾ ਅਤੇ ਸਵਾਲ**

ਦਲੀਪ ਸਿੰਘ ਦੇ ਜੀਵਨ ਚ ਕਈ ਬੰਦੇ ਤੇ ਘਟਨਾਵਾਂ ਉਸਦੇ ਸਵੈ ਦੇ ਹੀ ਸੰਦੇਸ਼ ਲੈ ਕੇ ਆਏ। ਮਾਂ ਨੇ ਪੁੱਤ ਨੂੰ ਰਾਹ ਤੇ ਪਾਇਆ ਹੈ। ਸੁਰਤ ਦਾ ਖਿੰਡਾਉ ਮਿਟ ਰਿਹਾ ਹੈ ਕਿਉਂਕਿ ਉਸਨੇ ਡੂੰਘੀ ਇਸਤਰੀ ਦੇ ਦਰਸ਼ਨ ਕੀਤੇ ਹਨ। ਵਿਕਟੋਰੀਆ ਧੁੰਦ ਵਾਂਗ ਲਹਿ ਰਹੀ ਹੈ। ਹੁਣ ਸਵੈ ਦੇ ਟੁੰਬਣ ਦੀ ਵਾਰੀ ਹੈ। ਜਦ ਮਹਾਰਾਜਾ ਪਹਿਲੀ ਵਾਰ ਖਾਲਸਾਈ ਸਿੰਘਾਂ ਨੂੰ ਮਿਲਦਾ ਹੈ ਤਾਂ ਮਾਂ ਨੇ ਤਾਜ਼ੀਆਂ ਸੁਰਜੀਤ ਕੀਤੀਆਂ ਸਮੂਹ ਦੀਆਂ (collective) ਤੰਦਾਂ ਮਹਾਰਾਜੇ ਅੰਦਰ ਬੇਚੈਨੀ ਵਧਾਂਉਂਦੀਆਂ ਹਨ। ਇਹ ਸਵੈ ਦੇ ਸੁਚੇਤ ਸੰਕੇਤ ਹਨ।

ਜਦ ਕਰਨਲ ਹਰਬੌਨ ਮਹਾਰਾਣੀ ਜਿੰਦਾ ਨੂੰ ਖਾਲਸਾਈ ਤਲਵਾਰ ਭੇਂਟ ਕਰਦਾ ਹੈ ਤੇ ਮਹਾਰਾਜਾ ਦਲੀਪ ਸਿਉਂ ਝਾਤੀ ਰਾਹੀਂ ਉਸਨੂੰ ਦੇਖਦਾ ਹੈ ਇਹ ਵੀ ਸਵੈ ਨਾਲ ਪਛਾਣ ਹੋਣਾ ਹੀ ਹੈ। ਐਂ ਲਗਦਾ ਹੈ ਕਿ ਉਸਦਾ ਸਵੈ (real self) ਕਰਨਲ ਹਰਬੌਨ ਬਣ (ਮੂਰਤੀਮਾਨ ਹੋ) ਬਲੈਕ ਪ੍ਰਿੰਸ ਨੂੰ ਮਹਾਰਾਜਾ ਬਣਨ ਲਈ ਕਹਿ ਰਿਹਾ ਹੈ। ਉਹ ਕਹਿੰਦਾ ਹੈ ਕਿ ਮੈਂ ਮਹਾਰਾਜੇ ਨੂੰ ਬਚਾਇਆ ਹੀ ਇਸੇ ਲਈ ਸੀ। ਭਿਖਾਰੀ ਦੀ ਝਾੜ ਝੰਭ ਵੀ ਓਸੇ ਸਵੈ-ਹਉਮੈ ਵਿਚਕਾਰਲੇ ਹੱਦ ਬੰਨੇ ਤੇ ਜਾ ਕੇ ਹੀ ਅਰਥ ਕਰਦੀ ਹੈ। ਮਹਾਰਾਜਾ ਮੈਂ ਕੌਣ ਹਾਂ? ਉਹ ਸਵਾਲ ਪੁੱਛ ਰਿਹਾ ਹੈ। ਉਸਨੂੰ ਇਹ ਨਿਸ਼ਚਾ ਹੈ ਕਿ ਜੋ ਅੰਦਰੂਨੀ ਜਾਗਰੂਕਤਾ (ego consciousness) ਉਸਨੂੰ ਡਾ: ਲੋਗਿਨ ਦੇ ਰੂਪ ਚ ਮਿਲੀ ਹੈ ਉਹ ਇਸ ਸਵਾਲ ਦਾ ਉਤਰ ਨਹੀ ਦੇ ਪਾ ਰਹੀ।ਇਹ ਅੰਦਰੂਨੀ ਜਾਗਰੂਕਤਾ ਅਸਲ ਚ ਪਰਾਈ ਯਾ ਵਲੈਤੀ ਹੈ, ਜੋ ਉਸਦੇ ਅਚੇਤ ਨਾਲ ਲੈਅ ਚ ਨਹੀਂ ਹੈ। ਡਾ: ਲੋਗਿਨ ਉਸਨੂੰ ਕਈ ਵਾਰ ਧੱਕੇ ਨਾਲ ਇਸਾਈਅਤ ਦੇ ਪਾਠ ਪੜਾਉਂਦਾ ਹੈ ਪਰ ਕਿਉਂਕਿ ਹੁਣ ਮਹਾਰਾਜਾ ਲਗਾਤਾਰ ਆਪਣੇ ਕੇਂਦਰ ਤੋਂ ਸਹਿਮਤੀ ਯਾ ਅਸਹਿਮਤੀ ਦੇ ਰੂਪ ਚ ਜਵਾਬ ਲੈ ਰਿਹਾ ਹੈ, ਉਸਤੇ ਹੁਣ ਡਾ: ਲੋਗਿਨ ਦੀ ਅੰਗਰੇਜ਼ੀ ਯਾ ਓਪਰੀ ਜਾਗਰੂਕਤਾ ਅਸਰ ਨਹੀਂ ਕਰ ਰਹੀ। ਜਦ ਇਹ ਵਾਪਰ ਰਿਹਾ ਹੈ ਤਾਂ ਇਕ ਦ੍ਰਿਸ਼ ਚ ਲੋਗਿਨ ਗੁੱਸਾ ਹੋ ਕੇ ਉਠ ਕੇ ਚਲਾ ਜਾਂਦਾ ਹੈ ਤਾਂ ਇੰਝ ਪ੍ਰਤੀਤ ਹੁੰਦਾ ਹੈ ਕਿ ਬਰਤਾਨਵੀ ਹਉਮੈ ਨੇ ਕਈ ਸਾਲਾਂ ਦਾ ਸਹਿਜ ਛੱਡ ਹੁਣ ਗੁੱਸੇ ਵਾਲੀ ਆਕੜ ਦਾ ਰੂਪ ਧਾਰਨ ਕਰ ਲਿਆ ਹੈ।

ਸ. ਠਾਕਰ ਸਿੰਘ ਸੰਧਾਵਾਲੀਆ ਵੀ ਉਹਨਾਂ ਸਮੂਹਕ ਤੰਦਾਂ ਤੇ ਹੀ ਸੱਟ ਮਾਰਦੇ ਹਨ, ਉਸਨੂੰ ਗੁਰਬਾਣੀ ਦੇ ਲੜ ਲਾਉਂਦਾ ਹੈ। ਮਹਾਰਾਜਾ ਆਪਣੇ ਜੀਵਨ ਦੇ ਮਕਸਦ ਨੂੰ ਪਛਾਣਦਾ ਹੈ। ਇਕ ਦ੍ਰਿਸ਼ ਚ ਉਹ ਬੋਲਦਾ ਹੈ ਕਿ ਖਾਲਸਾ ਰਾਜ ਦਾ ਫਰਜ਼ੰਦ ਮਿਟਾਉਣਾ ਐਨਾ ਸੌਖਾ ਨਹੀਂ। ਇਹ ਸਿੱਧਾ ਸਵੈ ਦਾ ਸੰਵਾਦ ਹੈ। ਹੁਣ ਉਹ ਨਿਜ ਤੋਂ ਨਹੀਂ ਬਲਕਿ ਵੱਡੇ ਸਮੂਹ ਖਾਲਸੇ ਦੇ ਹਿੱਸੇ ਤੇ ਉਤਰਾਧਿਕਾਰੀ ਵਜੋਂ ਬੋਲ ਰਿਹਾ ਹੈ। ਇਹ ਉਸਦੀ ਅੰਤਰ ਜਾਗਰੂਕਤਾ (ego consciousness) ਚ ਨਵਾਂ ਤੇ ਠੋਸ ਪਰੀਵਰਤਨ ਹੈ।

ਬਾਕੀ ਸਫ਼ਾ 32 'ਤੇ

# ਪੁਰਖਿਆਂ ਵਲੋਂ ਹੱਡੀ ਹੰਢਾਏ ਇਤਿਹਾਸ ਦੇ ਰੂਬਰੂ ਹੋਣ ਦੇ ਪਲ

**ਮਨਦੀਪ ਕੌਰ**



ਆਪਣਾ ਇਤਿਹਾਸ ਹਰ ਬੰਦੇ ਨੂੰ ਯਾਦ ਰੱਖਣਾ ਚਾਹੀਦਾ ਹੈ ਕਈ ਵਾਰ ਸਥਿਤੀਆਂ ਐਵੇਂ ਦੀਆਂ ਹੋ ਜਾਂਦੀਆਂ ਹਨ ਕਿ ਇਤਿਹਾਸ ਤੁਹਾਡੇ ਸਾਹਮਣੇ ਆਵੇ ਜਾਂ ਤੁਸੀਂ ਇਤਿਹਾਸ ਤੇ ਝਾਤ ਮਾਰੋ ਇਸ ਤੋਂ ਪਹਿਲਾਂ ਤੁਹਾਡੀਆਂ ਅੱਖਾਂ ਅੱਗੇ ਕਈ ਹਾਲਾਤ ਸਿਰਜ ਦਿੱਤੇ ਜਾਂਦੇ ਹਨ। ਬੰਦਾ ਉਸ ਸਾਹਮਣੇ ਦਿਖਦੇ ਹਾਲਾਤ ਵਿਚ ਉਲਝ ਕੇ ਰਹਿ ਜਾਂਦਾ। ਇਤਿਹਾਸ ਤੇ ਝਾਤ ਮਾਰਨ ਦਾ ਵਕਤ ਹੀ ਨਹੀਂ ਲੱਗਦਾ ਤੁਹਾਡੇ ਸਾਹਮਣੇ ਉਹ ਕੁਝ ਸਿਰਜਿਆ ਜਾਂਦਾ ਜੋ ਬੰਦੇ ਤੁਹਾਡੇ ਬਿੰਬਾਂ ਵਿਚ ਸਿਰਜਣਾ ਚਾਹੁੰਦੇ ਹਨ। ਏਨਾ ਤਾਜਾ ਤੇ ਸੱਚਾ ਸੁੱਚਾ ਲਾਲਸਾ ਰਹਿਤ ਇਤਿਹਾਸ ਦੇਖਣ ਤੇ ਸਮਝਣ ਦੀ ਤੁਹਾਡੀ ਬੁੱਧੀ ਸੋਚਦੀ ਨਹੀ। ਜੋ ਪੁਰਾਣੇ ਸਮੇਂ ਤੋਂ ਪਿੜ੍ਹ ਵਿਚ ਹੁੰਦੇ ਹਨ ਮਿੱਥਾਂ ਦੇ ਆਧਾਰ ਤੇ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਤੁਹਾਡੇ ਸੱਚੇ ਸੁੱਚੇ ਇਤਿਹਾਸ ਨੂੰ ਕਿਵੇਂ ਤੋੜ ਮਰੋੜ ਕੇ ਤੇ ਆਪਦੇ ਨਾਲ ਜੋੜ ਕਿਵੇਂ ਤੁਹਾਡੇ ਸਾਹਮਣੇ ਪਰੋਸਨਾ, ਮੀਡੀਆ ਸਭ ਕੁਝ ਵਿਚ ਪੂਰੀ ਤਰ੍ਹਾਂ ਸ਼ਾਮਲ ਹੈ। ਬੰਦੇ ਨੂੰ ਸਮਝ ਵੀ ਨਹੀਂ ਪੈਂਦਾ ਕਿ ਕਿਵੇਂ ਮੈਂ ਆਪਣੇ ਇਤਿਹਾਸ ਤੇ ਪੁਰਖਿਆਂ ਤੋਂ ਦੂਰ ਜਾ ਰਿਹਾ ਹੁੰਦਾ।

ਫਿਰ ਹੌਲੀ ਹੌਲੀ ਤੁਹਾਡੇ ਪੁਰਖਿਆਂ ਦਾ ਹੰਢਾਇਆ ਇਤਿਹਾਸ ਤੁਹਾਡੇ ਮਨਾਂ ਵਿਚੋਂ ਮਨਫੀ ਹੋ ਜਾਂਦਾ। ਏਵੇਂ ਦੇ ਹਾਲਾਤ ਵਿਚ ਕੋਈ ਸੂਝਵਾਨ ਬੰਦਾ ਸੋਚਦਾ ਕਿ ਕੁਝ ਕੀਤਾ ਜਾਵੇ ਜਿਸ ਨਾਲ ਨੌਜਵਾਨ ਪੀੜ੍ਹੀ ਮੁੜ ਆਪਣੇ ਵਿਰਸੇ ਵੱਲ ਪਰਤੇ। ਫਿਰ ਕਿਸੇ ਜਗਜੀਤ ਸਿੰਘ ਵਰਗੇ ਬੰਦੇ ਨੂੰ ਜ਼ਰੂਰਤ ਪੈਂਦੀ ਏ ਦ ਬਲੈਕ ਪ੍ਰਿੰਸ ਵਰਗੀ ਫਿਲਮ ਬਣਾਉਣ ਦੀ, ਜਿਸ ਤੋਂ ਬਾਅਦ ਮੁੜ ਹੁਲਾਰਾ ਵੱਜਦਾ ਤੇ ਤੁਹਾਡੇ ਸਾਹਮਣੇ ਤਰਜਮਾਨ ਹੁੰਦਾ ਤੇ ਤਰੋਤਾਜਾ ਹੋ ਜਾਂਦਾ ਤੁਹਾਡਾ ਆਪਣਾ ਇਤਿਹਾਸ। ਪਹਿਲਾਂ ਮੇਰੇ ਵਰਗੇ ਜ਼ਿਆਦਾਤਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਬਾਰੇ ਸੋਚਦੇ। ਫਿਰ ਉਦਾਸ ਤੇ ਦੁਖੀ ਹੋ ਕੇ ਛੱਡ ਦਿੰਦੇ ਕਿ ਸਾਡਾ ਰਾਜ ਕਿਵੇਂ ਖੁੱਸ ਗਿਆ ਸੀ। ਕਦੇ ਅਸੀਂ ਵੀ ਆਜ਼ਾਦ ਹੁੰਦੇ ਸੀ, ਫੇਰ ਇਸ ਮੁੱਦੇ ਨੂੰ ਛੱਡ ਦਿੱਤਾ ਜਾਂਦਾ। ਪਰ ਦ ਬਲੈਕ ਪ੍ਰਿੰਸ ਦੇਖਣ ਤੋਂ ਬਾਅਦ ਸਾਡਾ ਧਿਆਨ ਖਾਲਸਾ ਰਾਜ ਦੇ ਉਸ ਫਰਜੰਦ ਵੱਲ ਜਾਂਦਾ ਕਿ ਕਿਵੇਂ ਉਸਦੀ ਪਛਾਣ ਬਦਲ ਦਿੱਤੀ ਗਈ ਸੀ। ਸੱਚੀਂ ਚ ਕਿਵੇਂ ਅਸੀਂ ਰਾਜ ਗੁਆਇਆ ਸੀ। ਕਿਵੇਂ ਸਾਡੇ ਆਖ਼ਰੀ ਮਹਾਰਾਜੇ ਨੇ ਕਿੰਨੀ ਸਿੱਨਾਲ ਸੰਘਰਸ਼ ਕੀਤਾ ਸੀ। ਕਿੰਨੇ ਦੁੱਖ ਤੇ ਮਾਨਸਿਕ ਪੀੜਾ ਝੱਲੀ ਹੋਣੀ ਉਨ੍ਹਾਂ ਨੇ। ਉਸ ਵਕਤ ਦੇ ਦੁਨੀਆਂ ਦੇ ਬੜੇ ਸ਼ਾਸ਼ਕਾਂ ਨੇ ਆਪਣੀ ਪੂਰੀ ਵਾਹ ਲਾ ਲਈ ਸੀ, ਮਹਾਰਾਜਾ ਦਲੀਪ ਸਿੰਘ ਨੂੰ ਬਦਲਣ ਦੀ, ਉਸਦਾ ਆਲਾ-ਦੁਆਲਾ ਤੇ ਮਾਹੌਲ ਜਿਵੇਂ ਸਰਕਾਰ ਚਾਹੁੰਦੀ ਸੀ, ਉਸ ਤਰ੍ਹਾਂ ਦਾ ਹੀ ਸੀ। ਪਰ ਕਿਵੇਂ ਉਹ ਬਹਾਦਰ ਯੋਧਾ ਆਪਣੇ ਇਤਿਹਾਸ, ਜੜ੍ਹਾਂ ਤੇ ਧਰਮ ਨਾਲ ਜੁੜਦਾ। ਇਹ ਕਾਬਿਲ-ਏ-ਤਾਰੀਫ਼ ਏ। ਕੀ-ਕੀ ਝੱਲਦਾ, ਉਹ ਬਹੁਤ ਵਧੀਆ ਤੇ ਸਾਦੇ ਢੰਗ ਨਾਲ ਇਸ ਫਿਲਮ ਵਿਚ ਦਿਖਾਇਆ ਗਿਆ। ਕਿਵੇਂ ਇਕ ਬੱਚੇ ਦਾ ਧਰਮ ਬਦਲ ਦਿੱਤਾ ਜਾਂਦਾ ਪਰ ਸੋਝੀ ਆਉਣ ਤੇ ਕਿਵੇਂ ਮਹਾਰਾਜਾ ਦਲੀਪ ਸਿੰਘ ਸਭ ਸ਼ਾਹੀ ਸਹੂਲਤਾਂ ਛੱਡ ਕੇ ਆਪਣੇ ਧਰਮ ਵਿਚ ਪਰਤਦਾ। ਇਹ ਇਕ ਸੱਚਾ ਸਿੱਖ ਹੀ ਕਰ ਸਕਦਾ। ਜਦ ਜਿਵੇਂ ਜਿਵੇਂ ਫਿਲਮ ਆਪਣੇ ਅਖੀਰ ਵੱਲ ਵਧਦੀ ਏ ਤਿਵੇਂ ਤਿਵੇਂ ਮਨ ਉਦਾਸ ਹੁੰਦਾ ਜਾਂਦਾ, ਕਾਬੂ ਨਹੀਂ ਰਹਿੰਦਾ। ਆਪਣੇ ਮਨ ਤੇ ਉਦਾਸੀ ਛਾ ਜਾਂਦੀ ਏ ਕਿ ਕਿਵੇਂ ਸਾਡਾ ਆਖਰੀ ਬਾਦਸ਼ਾਹ ਆਪਣੇ ਦੇਸ਼ ਪੰਜਾਬ ਦੀ ਮਿੱਟੀ ਨੂੰ ਤਰਸ਼ਦਾ ਹੋਇਆ ਇਹ ਦੁਨੀਆਂ ਛੱਡ ਜਾਂਦਾ। ਕਿਵੇਂ ਮਹਾਰਾਜੇ ਨੇ ਦੇਸ਼ ਪੰਜਾਬ ਪਰਤਨ ਦੀਆਂ ਕੋਸ਼ਿਸ਼ਾਂ ਕੀਤੀਆਂ। ਇਹ ਸਭ ਕੁਝ ਦੇਖ ਕੇ ਹਰ ਬੰਦੇ ਦੇ ਮਨ ਵਿਚ ਤਾਂਘ ਉੱਠਦੀ ਏ ਆਪਣਾ ਵਿਰਸਾ ਜਾਣਨ ਦੀ, ਇਤਿਹਾਸ ਪੜ੍ਹਨ ਦੀ ਤੇ ਆਪਣੇ ਪੁਰਖਿਆਂ ਦੇ ਖਾਲਸਾ ਰਾਜ ਦੇ ਬਾਰੇ ਜਾਣਨ ਦੀ। ਕਿਸ ਤਰ੍ਹਾਂ ਏਨੀਆਂ ਕੁਰਬਾਨੀਆਂ ਕਰਨ ਤੋਂ ਬਾਅਦ ਵੀ ਅਸੀਂ ਉੱਥੇ ਦੇ ਉਥੇ ਹੀ ਖੜ੍ਹੇ ਰਹਿ ਗਏ। ਅਸੀਂ ਤਾਂ ਸੰਤਾਲੀ (1947) ਵਿਚ ਵੀ ਆਜ਼ਾਦ ਨਾ ਹੋਏ। ਸਭ ਕੁਝ ਲੰਘਦਾ ਮਨ ਵਿਚ। ਦ ਬਲੈਕ ਪ੍ਰਿੰਸ ਦੇਖਣ ਤੋਂ ਬਾਅਦ ਹੀ ਮਹਿਸੂਸ ਹੋਇਆ ਕਿ ਇਸ ਫਿਲਮ ਨੇ ਆਣ ਕੇ ਸਾਨੂੰ ਸੁੱਤਿਆਂ ਨੂੰ ਜਗ੍ਹਾ ਦਿੱਤਾ। ਫਿਲਮ ਦੇਤੋਂ ਬਾਅਦ ਮਹਿਸੂਸ ਹੋਇਆ ਕਿ ਕੀ ਸਹੀ ਹੈ ਕੀ ਗਲਤ। ਸਭ ਹੁਣ ਤੱਕ ਕਹਿੰਦੇ ਨੇ ਸਿੱਖਾਂ ਨੇ ਗੱਦਾਰੀ ਕੀਤੀ ਤੇ ਰਾਜ ਗੁਆ ਲਿਆ। ਪਰ ਹੁਣ ਦਿਮਾਗ ਵਿਚ ਆਇਆ ਕਿ ਗੱਦਾਰ ਤੇ ਲਾਲਸੀ ਤਾਂ ਕੁਝ ਕੁ ਲੋਕ ਮੁੱਠੀ ਭਰ ਹੀ ਸੀ। ਸਾਡੀ ਕੌਮ ਨੇ ਤਾਂ ਆਜ਼ਾਦੀ ਲਈ ਪੂਰੀ ਵਾਹ ਲਾ ਦਿੱਤੀ ਸੀ। ਕਿਸੇ ਸਿੱਖ ਨੇ ਨਹੀਂ ਸੋਚਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਆਖਰੀ ਫਰਜੰਦ ਤੋਂ ਬਾਅਦ ਉਹ ਆਪਣੇ ਆਪ ਨੂੰ ਉਸ ਮਹਾਰਾਜੇ ਦੀ ਉਪਾਧੀ ਤੱਕ ਲੈ ਕੇ ਜਾਣ। ਸਭ ਸਿੱਖਾਂ ਨੇ ਪਿਆਰ ਸਹਿਤ ਸਨਮਾਨ ਕੀਤਾ ਉਸ ਅਹੁਦੇ ਦੇ ਵਾਰਿਸ ਦਾ ਤੇ ਮਹਾਰਾਜਾ ਰਣਜੀਤ ਸਿੰਘ ਦਾ। ਉਨ੍ਹਾਂ ਨੇ ਆਪਣੀ ਵਫਾਦਾਰੀ ਤੇ ਪਿਆਰ ਦਾ ਸਬੂਤ ਦਿੱਤਾ। ਸਿੱਖ ਯੋਧਿਆਂ ਨੇ ਕੋਸ਼ਿਸ਼ਾਂ ਕੀਤੀਆਂ ਕਿ ਕਿਵੇਂ ਵੀ ਸਾਡਾ ਮਹਾਰਾਜਾ ਆਪਣੀ ਖਾਲਸਾ ਰਾਜ ਦੀ ਧਰਤੀ ਦੇਸ਼ ਪੰਜਾਬ ਆ ਜਾਵੇ। ਅਸੀਂ ਇਹ ਸਭ ਕੁਝ ਵਿਸਾਰੀ ਹੀ ਬੈਠੇ ਸੀ। ਜਦੋਂ ਫਿਲਮ ਵਿਚ ਦਰਦਾਂ ਵਾਲਾ ਗੀਤ ਵੱਜਦਾ ਤਾਂ ਧਾਹਾਂ ਹੀ ਨਿਕਲਦੀਆਂ ਨੇ ਦਿਲੋਂ, ਕਿਵੇਂ ਮਹਾਰਾਣੀ ਜਿੰਦ ਕੌਰ ਤੇ ਮਹਾਰਾਜਾ ਦਲੀਪ ਸਿੰਘ ਤਾਂਘਦੇ ਸੀ ਆਪਦੇ ਦੇਸ਼ ਪੰਜਾਬ ਨੂੰ। ਕਿਵੇਂ ਮਹਾਰਾਣੀ ਜਿੰਦ ਕੌਰ ਨੇ ਵਿਛੋੜਾ ਝੱਲਿਆ ਆਪਣੇ ਪੁੱਤਰ ਦਾ, ਤੇ ਖੁੱਸੇ ਗਏ ਰਾਜ ਦਾ । ਅਸੀਂ ਤਾਂ ਅੱਜ ਕੱਲ ਲੜਾਈਆਂ ਵਿਚ ਉਲਝੇ ਪਏ ਸੀ ਕਿ ਕੌਣ ਬਾਬਾ ਸਹੀ ਹੈ। ਕਿਹੜੀ ਪਾਰਟੀ ਸਹੀ ਹੈ, ਨੋਟ ਉਤੇ ਫੋਟੋ ਕਿਸਦੀ ਚਾਹੀਦੀ ਏ। ਪਰ ਐਨ ਵਕਤ ਸਿਰ ਭਾਵੇਂ ਕਿ ਥੋੜੀ ਦੇਰੀ ਨਾਲ ਆਈ ਏ ਪਰ ਫਿਰ ਇਸ ਫਿਲਮ ਨੇ ਮਨ ਨੂੰ ਏਨ੍ਹਾਂ ਚੀਜ਼ਾਂ ਤੋਂ ਉੱਪਰ ਚੁੱਕ ਦਿੱਤਾ। ਸਾਨੂੰ ਹੁਲਾਰਾ ਦਿੱਤਾ, ਸਾਡੇ ਆਪਣੇ ਵਿਰਸੇ ਨੂੰ ਜਾਣਨ ਦਾ। ਫਿਲਮ ਨੇ ਸਿੱਖ ਭਾਵਨਾਵਾਂ ਵਾਲੇ ਸਾਰੇ ਲੋਕਾਂ ਨੂੰ ਝੰਜੋੜਿਆ ਹੈ। ਕਿੰਨੀਆਂ ਕੁਰਬਾਨੀਆਂ ਸਿੱਖਾਂ ਦੀਆਂ ਅਜਾਈਂ ਚਲੀਆਂ ਕਿਵੇਂ, ਆਜ਼ਾਦੀ ਦੇ ਨਾਮ ਤੇ ਕੀ ਗੁਆ ਲਿਆ ਅਸੀਂ। ਦੱਸ ਦਿੱਤਾ ਇਸ ਫਿਲਮ ਨੇ। ਹੁਣ ਉਦਾਸ ਹੋਏ ਫਿਰਦੇ ਹਾਂ, ਵਾਰ ਵਾਰ ਫਿਲਮ ਦੇਖਦੇ ਹਾਂ। ਪਰ ਫਿਲਮ ਨੇ ਤਾਂ ਆਪਣਾ ਕੰਮ ਕਰ ਦਿੱਤਾ। ਜੋ ਸੁਨੇਹਾ ਦੇਣਾ ਸੀ ਦੇ ਦਿੱਤਾ, ਬਹੁਤ ਸਫਲਤਾ ਨਾਲ। ਹੁਣ ਰਸਤੇ ਤਾਂ ਖੁਦ ਨੂੰ ਤਲਾਸ਼ਣੇ ਪੈਣੇ ਨੇ। ਫਿਲਮ ਰਸਤਾ ਦਿਖਾ ਸਕਦੀ ਪਰ ਬਣਾਉਣਾ ਤਾਂ ਖੁਦ ਨੂੰ ਹੀ ਪੈਂਦਾ। ਸਾਡੀ ਨੌਜਵਾਨ ਪੀੜ੍ਹੀ ਨੂੰ ਮੁੜ ਇਤਿਹਾਸ ਵੱਲ ਮੁੜਨ ਦਾ ਜਾਗ ਲਾਉਂਦੀ ਇਹ ਫਿਲਮ ਸਿੱਖ ਹਿਰਦਿਆਂ ਵਿਚ ਹਮੇਸ਼ਾ ਯਾਦ ਰਹੇਗੀ। ਸੋਸਲ ਸਾਈਡ ਤੇ ਬਹੁਤ ਕੁਝ ਲਿਖਿਆ ਗਿਆ ਫਿਲਮ ਬਾਰੇ ਪਰ ਇਸ ਤੋਂ ਵੱਧ ਕਿਸੇ ਫਿਲਮ ਦਾ ਕੀ ਮਿਆਰ ਹੋਵੇਗਾ ਕਿ ਬੰਦੇ ਦਾ ਫਿਲਮ ਖ਼ਤਮ ਹੋਣ ਤੇ ਕੁਰਸੀ ਤੋਂ ਉਠਣ ਨੂੰ ਦਿਲ ਨਹੀਂ ਕਰਦਾ। ਖਾਲਸਾ ਰਾਜ ਦੀਆਂ ਹੋਰ ਬਾਤਾਂ ਸੁਣਨ ਨੂੰ ਦਿਲ ਕਰਦਾ। ਉਦਾਸ ਮਨ ਨਾਲ ਉਠਣਾ ਪੈਂਦਾ, ਕਿਸੇ ਨਾਲ ਗੱਲ ਕਰਨ ਨੂੰ ਦਿਲ ਨਹੀਂ ਕਰਦਾ, ਲੱਗਦਾ ਹੁਣੇ ਹੀ ਖਾਲਸਾ ਰਾਜ ਦੀ ਕੋਈ ਕਿਤਾਬ ਮਿਲ ਜਾਵੇ ਤੇ ਬੈਠਾ ਉਸ ਬਾਰੇ ਵਿਚ ਪੜ੍ਹਾਂ, ਜਾਣਾ ਤੇ ਸਮਝਾ। ਆਪਣੇ ਗੌਰਵਮਈ ਵਿਰਸੇ ਬਾਰੇ ਸੋਚਦੇ ਰਹਿ ਜਾਂਦੇ ਹਾਂ ਤੇ ਬਹੁਤ ਵਧੀਆ ਤੇ ਮਾਦ ਮੁਰਾਦੇ ਢੰਗ ਨਾਲ ਬਣੀ ਫਿਲਮ ਸਾਨੂੰ ਸੋਚਾਂ ਵਿਚ ਪਾ ਗਈ।



## ਹੋਦ ਚਿੱਲੜ ਕੇਸ ਵਿਚ ਹਾਈ ਕੋਰਟ ਨੇ ਕੀਤਾ 8 ਪੁਲੀਸ ਅਧਿਕਾਰੀਆਂ ਨੂੰ ਤਲਬ

**ਚੰਡੀਗੜ੍ਹ/ਬਿਊਰੋ ਨਿਊਜ਼** : ਨਵੰਬਰ 1984 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੋਦ ਚਿੱਲੜ (ਹਰਿਆਣਾ) ਵਿੱਚ ਕਤਲ ਕੀਤੇ ਗਏ 32 ਸਿੱਖਾਂ ਦੇ ਕੇਸ ਦੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜਸਟਿਸ ਹਰੀਪਾਲ ਵਰਮਾ ਦੀ ਅਦਾਲਤ ਵਿੱਚ ਲਗਭਗ 10 ਘੰਟੇ ਬਹਿਸ ਚੱਲਦੀ ਰਹੀ। ਉਸ ਸਮੇਂ ਪੁਲੀਸ ਦੀ ਕਾਰਗੁਜ਼ਾਰੀ ਬੇਹੱਦ ਮਾੜੀ ਤੇ ਨਿਰਾਸ਼ਾਜਨਕ ਸੀ। ਪੁਲੀਸ ਘਟਨਾ ਤੋਂ ਕੁਝ ਕਿਲੋਮੀਟਰ ਦੀ ਦੂਰੀ 'ਤੇ ਹੋਣ ਦੇ ਬਾਵਜੂਦ 24 ਘੰਟਿਆਂ ਤੋਂ ਬਾਅਦ ਪਹੁੰਚੀ। ਪੁਲੀਸ ਅਫਸਰਾਂ ਵੱਲੋਂ ਮਾਸੂਮ ਸਿੱਖਾਂ ਨੂੰ ਬਚਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ ਸਗੋਂ ਕਤਲੇਆਮ ਨੂੰ ਛੁਪਾਉਣ ਅਤੇ ਰਫਾ-ਦਫਾ ਕਰਨ ਦੀ ਭੂਮਿਕਾ ਨਿਭਾਈ ਗਈ। ਅਦਾਲਤ ਨੇ ਹਰਿਆਣਾ ਸਰਕਾਰ, ਡੀ.ਜੀ.ਪੀ. ਹਰਿਆਣਾ, ਸੁਪਰਡੈਂਟ ਆਫ ਪੁਲੀਸ ਰੇਵਾੜੀ, ਰੇਵਾੜੀ ਪੁਲੀਸ ਸਟੇਸ਼ਨ ਸਦਰ, ਸੁਪਰਡੈਂਟ ਸੁਰਿੰਦਰ ਕੁਮਾਰ, ਡੀ.ਐਸ.ਪੀ. ਰਾਮ ਭੱਜ, ਐਸ.ਆਈ ਰਾਮ ਕਿਸ਼ੋਰ, ਅਤੇ ਹੌਲਦਾਰ ਰਾਮ ਕੁਮਾਰ ਨੂੰ ਨੋਟਿਸ ਜਾਰੀ ਕਰਕੇ 26 ਸਤੰਬਰ ਨੂੰ ਪੇਸ਼ ਹੋਣ ਲਈ ਕਿਹਾ ਹੈ। ਹੋਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸਨ ਸਿੰਘ ਘੋਲੀਆ ਨੇ ਕਿਹਾ ਕਿ 32 ਸਾਲਾਂ ਬਾਅਦ ਕਥਿਤ ਦੋਸ਼ੀਆਂ ਨੂੰ ਅਦਾਲਤ ਵੱਲੋਂ ਨੋਟਿਸ ਜਾਰੀ ਹੋਏ ਹਨ। ਹਰਿਆਣਾ ਸਰਕਾਰ ਵੱਲੋਂ ਗਰਗ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨ ਕਾਰਨ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਵਾਉਣ ਲਈ ਹਾਈ ਕੋਰਟ ਵਿੱਚ ਰਿੱਟ ਨੰਬਰ 17337 ਦਾਖਲ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਪੀੜਤਾਂ ਨੂੰ ਇਨਸਾਫ ਮਿਲੇਗਾ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ। ਸੁਣਵਾਈ ਮੌਕੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਤੇ ਕਥਾਵਾਚਕ ਗਿਆਨੀ ਗਿਆਨ ਸਿੰਘ ਆਸਟਰੇਲੀਆ, ਨਰਿੰਦਰ ਸਿੰਘ ਹਾਜ਼ਰ ਸਨ।

## ਆਸਟਰੇਲਿਆਈ ਸਿੱਖ ਖੇਡਾਂ 'ਚ ਖਿਡਾਰੀਆਂ ਵਲੋਂ ਪਾਬੰਦੀਸ਼ੁਦਾ ਪਦਾਰਥਾਂ ਦੀ ਵਰਤੋਂ

**ਸਿਡਨੀ/ਬਿਊਰੋ ਨਿਊਜ਼** : ਆਸਟਰੇਲੀਅਨ ਨੈਸ਼ਨਲ ਸਿੱਖ ਖੇਡਾਂ ਵਿੱਚ ਖਿਡਾਰੀਆਂ ਵੱਲੋਂ ਪਾਬੰਦੀਸ਼ੁਦਾ ਪਦਾਰਥ ਵਰਤ ਕੇ ਖੇਡਣ ਦੀ ਰਿਪੋਰਟ ਸਾਹਮਣੇ ਆਈ ਹੈ। ਇਹ ਖੇਡਾਂ ਹਰ ਸਾਲ ਕੌਮੀ ਪੱਧਰ 'ਤੇ ਆਸਟਰੇਲੀਆ ਦੇ ਵੱਖ-ਵੱਖ ਸ਼ਹਿਰਾਂ ਵਿੱਚ ਦੋ ਦਿਨਾਂ ਲਈ ਕੌਮੀ ਛੁੱਟੀਆਂ ਦੌਰਾਨ ਵਿਸਾਖ ਮਹੀਨੇ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਵਿਚ 50 ਤੋਂ ਵੱਧ ਖੇਡ ਕਲੱਬਾਂ ਦੇ ਕਰੀਬ 1700 ਖਿਡਾਰੀ ਵੱਖ-ਵੱਖ ਖੇਡਾਂ ਵਿੱਚ ਹਿੱਸਾ ਲੈਂਦੇ ਹਨ। ਕਰੀਬ ਚਾਰ ਲੱਖ ਆਸਟਰੇਲੀਅਨ ਡਾਲਰ ਦੀ ਲਾਗਤ ਨਾਲ ਕਰਵਾਈਆਂ ਜਾਂਦੀਆਂ ਇਨ੍ਹਾਂ ਖੇਡਾਂ ਵਿੱਚ ਕੁਝ ਖਿਡਾਰੀਆਂ 'ਤੇ ਪਾਬੰਦੀਸ਼ੁਦਾ ਪਦਾਰਥ ਵਰਤਣ ਦੇ ਦੋਸ਼ ਲੱਗੇ ਸਨ। ਖੇਡ ਕਮੇਟੀ ਨੇ ਇਨ੍ਹਾਂ ਖੇਡਾਂ ਨੂੰ ਡੋਪ ਮੁਕਤ ਕਰਨ ਲਈ ਵਿਸ਼ੇਸ਼ ਡਰੱਗ ਟੈਸਟ ਕਰਵਾਇਆ ਸੀ। ਪ੍ਰਬੰਧਕਾਂ ਮੁਤਾਬਕ ਡਰੱਗ ਟੈਸਟ ਕੌਫ਼ਸ ਹਾਰਬਰ ਖੇਡਾਂ-2015 ਵਿੱਚ ਸ਼ੁਰੂ ਕੀਤਾ ਗਿਆ ਸੀ, ਜਿਸ 'ਤੇ 24 ਹਜ਼ਾਰ ਡਾਲਰ ਖਰਚਾ ਆਇਆ ਸੀ।

## ਸ਼ੁਰੂ ਤੋਂ ਅੰਤ ਤੱਕ ਬੰਨ ਕੇ ਰੱਖਦੀ ਹੈ 'ਦੀ ਬਲੈਕ ਪ੍ਰਿੰਸ' : ਬੀਰ ਦਵਿੰਦਰ

21 ਜੁਲਾਈ ਨੂੰ ਮੈਨੂੰ 'ਦੀ ਬਲੈਕ ਪ੍ਰਿੰਸ' ਦਾ ਪ੍ਰੀਮੀਅਰ ਸ਼ੋਅ ਦੇਖ ਦਾ ਸੱਦਾ ਮਿਲਿਆ। ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਆਧਾਰਤ ਇਹ ਹਾਲੀਵੁੱਡ ਚੰਡੀਗੜ ਦੇ ਪੀ.ਵੀ.ਆਰ. ਐਲਾਂਤੇ ਮੌਲ ਵਿਚ ਦਿਖਾਈ ਗਈ। ਸਿੱਖ ਪਰਿਪੇਖ ਵਿਚ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਫ਼ਿਲਮ ਸੁਪਰ ਹੈ ਅਤੇ ਪੂਰੀ ਫ਼ਿਲਮ ਤੁਹਾਨੂੰ ਅਖ਼ੀਰ ਤੱਕ ਬੰਨ ਕੇ ਰੱਖਦੀ ਹੈ। ਸਕ੍ਰਿਪਟ ਰਾਈਟਰ ਅਤੇ ਡਾਇਰੈਕਟਰ ਕਵੀ ਰਾਜ਼ ਨੇ ਪੰਜਾਬ ਵਿਚ ਸਿੱਖ ਰਾਜ ਦੀ ਚੜਤ ਅਤੇ ਦੁਖਾਂਤਕ ਗਿਰਾਵਟ ਦੀਆਂ ਬਾਰੀਕੀਆਂ ਨੂੰ ਦਰਸਾਇਆ ਹੈ। ਇਹ ਫ਼ਿਲਮ ਸਿੱਖ ਇਤਿਹਾਸ 'ਤੇ ਆਧਾਰਤ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਬਾਅਦ ਦੇ ਦੌਰ ਨੂੰ ਦਰਸ਼ਕਾਂ ਅੱਗੇ ਰੱਖਦੀ ਹੈ। ਫ਼ਿਲਮ ਦਾ ਸੁਨੇਹਾ ਭਾਵਨਾਤਮਕ ਬਹੁਮੰਤਵੀ ਪ੍ਰਭਾਵ ਪੈਦਾ ਕਰਦਾ ਹੈ। ਇਹ 'ਸਿੱਖਾਂ ਦੇ ਸੁਤੰਤਰ ਰਾਜ' ਦੇ ਪ੍ਰੇਰਣਾਦਾਇਕ ਵਿਚਾਰਾਂ ਨੂੰ ਮੁੜ ਜਗਾਉਂਦੀ ਹੈ ਅਤੇ ਸਿੱਖਾਂ ਨੂੰ ਸਹੀ ਰੂਪ ਵਿਚ ਪੇਸ਼ ਕਰਦੀ ਹੈ। ਇਹ ਅੰਗੇਰਜ਼ਾਂ ਦੇ ਅੰਦਰੂਨੀ ਵਿਦਰੋਹ ਨੂੰ ਵੀ ਬਾਖੂਬੀ ਪੇਸ਼ ਕਰਦੀ ਹੈ ਜੋ ਸਿੱਖ ਰਾਜ ਦੇ ਦੁਖਦ ਪਤਨ ਦਾ ਕਾਰਨ ਸੀ।



ਸ਼ਬਾਨਾ ਆਜ਼ਮੀ ਦੀ ਬਿਹਤਰਨੀ ਅਦਾਕਾਰੀ ਨੇ ਮਹਾਰਾਣੀ ਜਿੰਦਾਂ ਦੇ ਕਿਰਦਾਰ ਨੂੰ ਜਿਉਂਦਾ ਕਰ ਦਿੱਤਾ ਹੈ। ਸ਼ਬਾਨਾ ਨੇ ਮਹਾਰਾਣੀ ਜਿੰਦਾਂ ਦੀ ਪੀੜਾ, ਉਸ ਦੀ ਦਲੇਰੀ ਨੂੰ ਦਰਸ਼ਕਾਂ ਸਾਹਮਣੇ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਜੇਕਰ ਅਸੀਂ ਸਿੱਖ ਦ੍ਰਿਸ਼ਟੀਕੋਨ ਪੱਖੋਂ ਇਹ ਫ਼ਿਲਮ ਦੇਖਦੇ ਹਾਂ, ਤਾਂ ਸਿੱਖ ਇਤਿਹਾਸ ਦੇ ਦੁਖਦ ਯੁੱਗ ਨਾਲ ਇਸ ਦਾ ਸਬੰਧ, ਇਸ ਦੇ ਦ੍ਰਿਸ਼ ਸਿੱਖ ਮਨਾਂ 'ਤੇ ਅਮਿਟ ਪ੍ਰਭਾਵ ਛੱਡਦੇ ਹਨ ਜੋ ਕਿ ਸਿੱਖ ਪੁਨਰਜਾਗਰਨ ਦੇ ਨਵੇਂ ਯੁੱਗ ਵਿਚ ਆਉਣ ਦੀ ਸੰਭਾਵਨਾ ਹੈ।

ਫ਼ਿਲਮ ਸਿੱਖਾਂ ਦੀ ਗੁੰਮ ਮਹਿਮਾ ਨੂੰ ਮੜ ਹਾਸਲ ਕਰਨ ਦੇ ਵਿਚਾਰ 'ਤੇ ਧਿਆਨ ਖਿੱਚਦੀ ਹੈ। ਕੁਵੰਰ ਦਲੀਪ ਸਿੰਘ ਦੀ ਮਨੋਦਸ਼ਾ, ਇਸਾਈ ਤੋਂ ਮੁੜ ਸਿੱਖ ਬਣਨ ਦੀ ਲਾਲਸਾ, ਵਤਨ ਵਾਪਸੀ ਦੀ ਤੜਪ, ਸਿੱਖ ਰਾਜ ਮੁੜ ਕਾਇਮ ਕਰਨ ਦੀ ਇੱਛਾ ਨੂੰ ਫ਼ਿਲਮ ਨੇ ਸਾਡੇ ਅੱਗੇ ਰੂਬਰੂ ਕਰਕੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਇਸ ਲਈ ਮੈਂ ਇਮਾਨਦਾਰੀ ਨਾਲ ਸਿੱਖ ਭਾਈਚਾਰੇ ਨੂੰ ਆਪਣੇ ਪਰਿਵਾਰਾਂ ਸਮੇਤ ਇਹ ਫ਼ਿਲਮ ਦੇਖਣ ਲਈ ਕਹਾਂਗਾ। ਤੁਹਾਨੂੰ ਫ਼ਿਲਮ ਬਣਾਉਣ ਵਾਲੀ ਸਮੁੱਚੀ ਟੀਮ ਨੂੰ ਇਸ ਉਦਮ ਲਈ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਮੈਂ ਸੁਪਰਸਟਾਰ ਸ਼ਬਾਨਾ ਆਜ਼ਮੀ ਦਾ ਸ਼ਾਨਦਾਰ ਕਿਰਦਾਰ ਨਿਭਾਉਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਾ ਹਾਂ ਜਿਨਾਂ ਦੀ ਅਦਾਕਾਰੀ ਸਦਕਾ ਉਹ ਸਿੱਖ ਮਨਾਂ ਅੰਦਰ ਮੁੜ ਜੀਵਤ ਹੋ ਗਈ ਹੈ।

# ਇਤਿਹਾਸ ਦੀ ਗੱਲ ਕਰਦੀ ਇਤਿਹਾਸ ਤੋਂ ਅੱਗੇ ਨਿਕਲ ਗਈ ਹੈ 'ਬਲੈਕ ਪ੍ਰਿੰਸ'

- ਜੂਨ 84 ਦੇ ਘੱਲੂਘਾਰੇ ਬਾਰੇ ਫਿਲਮ ਤਿਆਰ ਕਰਨ ਦੇ ਸੰਕੇਤ
- ਪੰਜਾਬੀ-ਹਿੰਦੂਆਂ ਦੀ ਫਿਲਮ ਬਾਰੇ ਬੇਰੁਖੀ
- ਫਿਲਮ ਦਾ ਪ੍ਰਚਾਰ ਕਰਨ ਲਈ ਸੋਸ਼ਲ ਮੀਡੀਆ ਪੱਬਾਂ ਭਾਰ



**ਕਰਮਜੀਤ ਸਿੰਘ**
(ਫੋਨ : 9150-91063)



ਬਲੈਕ ਪ੍ਰਿੰਸ' ਫਿਲਮ ਹੁਣ ਕੇਵਲ ਇਤਿਹਾਸ ਦੇ ਉਸ ਦਰਦਨਾਕ ਸਾਕੇ ਬਾਰੇ ਹੀਨਨਹੀਂ ਦੱਸਦੀ, ਜੋ ਮਹਾਰਾਜਾ ਦਲੀਪ ਸਿੰਘ ਅਤੇ ਸਿੱਖਾਂ ਨਾਲ ਵਾਪਰਿਆ, ਸਗੋਂ ਇਸ ਫਿਲਮ ਨੇ ਹੋਰ ਬਹੁਤ ਕੁੱਝ ਦੱਸਣਾ ਤੇ ਕਹਿਣਾ' ਸ਼ੁਰੂ ਕਰ ਦਿੱਤਾ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਜੋ ਫਿਲਮ ਵਿਚ ਕਿਹਾ ਹੀ ਨਹੀਂ ਗਿਆ, ਸਿੱਖਾਂ ਦਾ ਇਕ ਹਿੱਸਾ ਉਸੇ ਅਣ-ਕਹੇ ਨੂੰ ਹੀ ਸੁਣ ਰਿਹਾ ਹੈ ਜਾਂ ਸੁਣਨਾ ਚਾਹੁੰਦਾ ਹੈ। ਦੂਜੇ ਸ਼ਬਦਾਂ ਵਿਚ ਫਿਲਮ ਸਿੱਖਾਂ ਲਈ ਮਹਿਜ਼ ਇਕ ਸਾਧਨ ਹੀ ਬਣ ਗਈ ਹੈ, ਜਦਕਿ ਇਸ ਫਿਲਮ ਨੂੰ ਉਹ ਆਪਣੇ ਵਰਤਮਾਨ ਨਾਲ ਜੋੜ ਕੇ ਵੇਖ ਰਹੇ ਹਨ ਅਤੇ ਵੱਖਰੇ-ਵੱਖਰੇ ਨਿਰਣੇ ਕਰਨ ਵਿਚ ਲੱਗੇ ਹੋਏ ਹਨ ਉਨ੍ਹਾਂ ਅੰਦਰ ਅਹਿਸਾਸ ਦੀ ਇਕ ਵੱਖਰੀ ਪਰ ਨਵੀਂ ਪਰਤ ਜਾਗ ਪਈ ਹੈ। ਮਿਸਾਲ ਵਜੋਂ ਉਹ ਫਿਲਮ ਦੇਖ ਕੇ ਸੋਚਦੇ ਹਨ ਕਿ ਕਦੇ ਸਾਡਾ ਆਪਣਾ ਰਾਜ ਹੁੰਦਾ ਸੀ। ਇਤਿਹਾਸ ਪੜ੍ਹਨ ਵਾਲੇ ਵਿਦਿਆਰਥੀ ਤਾਂ ਇਹ ਪਹਿਲਾਂ ਹੀ ਜਾਣਦੇ ਹਨ ਕਿ ਜਦੋਂ ਨੈਪੋਲੀਅਨ ਵਾਟਰਲੂ ਦੀ ਲੜਾਈ ਹਾਰ ਗਿਆ ਸੀ ਤਾਂ ਉਸ ਦੇ ਵੱਡੇ ਅਫਸਰਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਵੱਲ ਕੂਚ ਕੀਤਾ ਅਤੇ ਇੰਝ ਉਹ ਖਾਲਸਾ ਫੌਜਾਂ ਦੀ ਨੌਕਰੀ ਕਰਨ ਲੱਗੇ। ਇਹੋ ਜਿਹਾ ਅਹਿਸਾਸ ਉਨ੍ਹਾਂ ਨੂੰ ਅਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਇਕ ਵੱਖਰੀ ਤਰ੍ਹਾਂ ਦਾ ਮਾਣ, ਸਵੈ-ਮਾਣ ਦਿੰਦਾ ਹੈ। ਪਰ ਨਾਲ ਹੀ ਉਨ੍ਹਾਂ ਅੰਦਰ ਇਹ ਅਹਿਸਾਸ ਵੀ ਸਹਿਜ-ਸੁਭਾਅ ਜਾਗ ਉਠਦਾ ਹੈ ਕਿ ਹੁਣ ਸਾਡੇ ਕੋਲ ਆਪਣਾ ਰਾਜ ਨਹੀਂ ਤੇ ਕਿਉਂ ਨਹੀਂ ਹੈ ? ਇਹੋ ਜਿਹੇ ਸਵਾਲਾਂ ਦਾ ਢੁੱਕਵਾਂ ਜਵਾਬ ਉਨ੍ਹਾਂ ਨੂੰ ਨਹੀਂ ਮਿਲਦਾ। ਪਰ ਇਹੋ ਜਿਹੇ ਸਵਾਲ ਉਨ੍ਹਾਂ ਅੰਦਰ ਉਸਲ-ਵੱਟੇ ਜ਼ਰੂਰ ਲੈ ਰਹੇ ਹਨ। ਇਸ ਤਰ੍ਹਾਂ ਇਹੋ ਜਿਹੇ ਰੁਝਾਨ ਦੀ ਵਿਆਖਿਆ ਕੇਵਲ ਨੌਵਿਗਿਆਨੀ ਹੀ ਕਰ ਸਕਦੇ ਹਨ। ਉਘੇ ਵਿਦਵਾਨ ਖੁਸ਼ਵੰਤ ਸਿੰਘ ਨੇ ਕਿਸੇ ਥਾਂ ਕਿਹਾ ਸੀ ਕਿ ਸਿੱਖਾਂ ਦੇ ਅੰਦਰ ਰਾਜ ਕਰਨ ਦੀ ਤਮੰਨਾ ਕਦੇ ਵੀ ਮਰਦੀ ਨਹੀਂ। ਤਾਂ ਕੀ ਸਿੱਖ ਇਸ ਫਿਲਮ ਨੂੰ ਵੇਖ ਕੇ ਆਪਣੇ ਰਾਜ ਦੇ ਸੁਪਨੇ ਲੈਣ ਲੱਗੇ ਪਏ ਹਨ ? ਇਹੋ ਜਿਹੀਆਂ ਕਆਸਅਰਾਈਆਂ ਨੂੰ ਰੱਦ ਵੀ ਨਹੀਂ ਕੀਤਾ ਜਾ ਸਕਦਾ, ਸਗੋਂ ਕਈ ਹਾਲਤਾਂ ਵਿਚ ਉਨ੍ਹਾਂ ਨੂੰ ਇਹੋ ਜਿਹੀਆਂ ਗੱਲਾਂ ਤਾਕਤ ਦਿੰਦੀਆਂ ਹਨ। ਭਾਵੇਂ ਇਹ ਵਰਤਾਰਾ ਪੂਰੀ ਤਰ੍ਹਾਂ ਜਥੇਬੰਦ ਅਤੇ ਇਕਸੁਰ ਨਹੀਂ ਅਤੇ ਇਹੋ ਜਿਹੇ ਰੁਝਾਨ ਖਿੰਡੇ ਹੋਏ ਰੂਪ ਵਿਚ ਹੀ ਵੇਖੇ ਜਾ ਸਕਦੇ ਹਨ। ਪਰ ਸਿੱਖ ਮਨਾਂ ਵਿਚ ਤੇ ਖਾਸ ਕਰਕੇ ਨੌਜਵਾਨ ਪੀੜ੍ਹੀ ਵਿਚ ਇਹੋ ਜਿਹੇ ਵਿਚਾਰਾਂ ਦਾ ਆਉਣਾ ਖੁਫੀਆ ਏਜੰਸੀਆਂ ਲਈ ਵੀ ਵੱਡੀ ਚਿੰਤਾ ਦਾ ਕਾਰਨ ਬਣ ਗਿਆ ਹੈ। ਇਹ ਚਿੰਤਾ ਉਸ ਵੇਲੇ ਹੋਰ ਵੀ ਡੂੰਘੀ ਹੋ ਜਾਂਦੀ ਹੈ, ਜਦੋਂ ਸੋਸ਼ਲ ਮੀਡੀਆ ਇਹੋ ਜਿਹੇ ਵਿਚਾਰਾਂ ਨੂੰ ਪੈਰ ਲਾ ਕੇ ਅੱਗੇ ਤੋਰਨ ਵਿਚ ਵੱਡਾ ਰੋਲ ਅਦਾ ਕਰ ਰਿਹਾ ਹੈ।

ਸੋਸ਼ਲ ਮੀਡੀਏ ਉਤੇ ਬਲੈਕ ਪ੍ਰਿੰਸ' ਫਿਲਮ 'ਤੇ ਭਾਰੀ ਬਹਿਸ ਛਿੜੀ ਹੋਈ ਹੈ। ਕਿਹਾ ਜਾਂਦਾ ਹੈ ਕਿ ਬਰਤਾਨੀਆ ਇਸ ਵੱਡੀ ਬਹਿਸ ਦਾ ਕੇਂਦਰ ਬਣਿਆ ਹੈ। ਭਾਵੇਂ ਆਮ ਕਰਕੇ ਫੇਸਬੁੱਕ 'ਤੇ ਕਿਸੇ ਵੀ ਬਹਿਸ ਦਾ ਪੱਧਰ ਕਾਫੀ ਨੀਵਾਂ ਹੁੰਦਾ ਹੈ ਅਤੇ ਫੇਸਬੁੱਕੀਏ ਕਈ ਵਾਰੀ ਆਪਸ ਵਿਚ ਗਾਲ੍ਹਮ-ਗਾਲੀ ਵੀ ਹੋ ਜਾਂਦੇ ਹਨ ਪਰ ਦਾ ਬਲੈਕ ਪ੍ਰਿੰਸ' ਫਿਲਮ ਦੇ ਮੁੱਦੇ 'ਤੇ ਉਹ ਬਹੁਤਾ ਕਰਕੇ ਗੰਭੀਰ ਹੀ ਵੇਖੇ ਗਏ ਹਨ। ਮਿਸਾਲ ਦੇ ਤੌਰ 'ਤੇ ਇਕ ਫੇਸਬੁੱਕੀਏ ਨੇ ਦਾ ਬਲੈਕ ਪ੍ਰਿੰਸ' ਦੀ ਵਿਆਖਿਆ ਕਰਦਿਆਂ ਕਿਹਾ ਕਿ ਇਹ ਤਾਂ ਵਜੂਦ' ਦੀ ਗੱਲ ਹੈ। ਇਹ ਵਿਅਕਤੀ ਇਕੋ ਹੀ ਲਫਜ਼ ਵਿਚ ਬਹੁਤ ਕੁੱਝ ਕਹਿ ਗਿਆ ਹੈ, ਬਹੁਤ ਕੁੱਝ ਸਮਝਾ ਗਿਆ ਹੈ। ਕੁੱਝ ਵਿਅਕਤੀਆਂ ਨੇ ਦਸਤਾਵੇਜ਼ਾਂ ਦੀ ਸਹਾਇਤਾ ਨਾਲ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਭਾਰਤ ਵਿਚ ਸਿੱਖਾਂ ਨਾਲ ਅਨਿਆ ਹੋ ਰਿਹਾ ਹੈ ਅਤੇ ਇੰਝ ਇਹ ਫਿਲਮ ਅਨਿਆਂ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਨੂੰ ਇਕ ਵੱਖਰੀ ਤਰ੍ਹਾਂ ਦਾ ਸਕੂਨ ਦਿੰਦੀ ਹੈ, ਭਾਵੇਂ ਆਰਜ਼ੀ ਤੌਰ 'ਤੇ ਹੀ ਸਹੀ।

ਦਿਲਚਸਪ ਗੱਲ ਇਹ ਹੈ ਕਿ ਕੁੱਝ ਸਿੱਖ ਵਿਦਵਾਨ ਜਿਨ੍ਹਾਂ ਨੇ ਬਿਨ੍ਹਾ ਸ਼ਰਤ ਇਤਿਹਾਸ ਦਾ ਗੰਭੀਰ ਮੁਤਾਲਿਆ ਕੀਤਾ ਹੈ, ਉਹ ਫਿਲਮ ਦੀ ਆਲੋਚਨਾ ਕਰਦਿਆਂ ਬੜੀ ਦੂਰ ਤੱਕ ਚਲੇ ਗਏ ਹਨ ਅਤੇ ਇਸ ਸਿੱਟੇ 'ਤੇ ਪਹੁੰਚ ਰਹੇ ਹਨ ਕਿ ਇਹ ਫਿਲਮ ਇਕ ਤਰ੍ਹਾਂ ਨਾਲ ਭਾਰਤ ਸਰਕਾਰ ਦੀਆਂ ਪੁਜੀਸ਼ਨਾਂ ਦੇ ਹੱਕ ਵਿਚ ਹੀ ਭੁਗਤਦੀ ਹੈ। ਉਹ ਆਪਣੇ ਵੱਲੋਂ ਇਸ ਦਿਸ਼ਾ ਵਿਚ ਕੁੱਝ ਠੋਸ ਤੱਤ, ਮਹੱਤਵਪੂਰਨ ਤਰਕ ਅਤੇ ਦਲੀਲਾਂ ਵੀ ਪੇਸ਼ ਕਰਦੇ ਹਨ ਪਰ ਆਮ ਦਰਸ਼ਕ ਇਸ ਫਿਲਮ ਨੂੰ ਆਪਣੇ ਹੀ ਹਿਸਾਬ ਨਾਲ ਵੇਖ ਰਿਹਾ ਹੈ। ਸਿੱਖ ਇਸ ਫਿਲਮ ਨੂੰ ਜਜ਼ਬਿਆਂ ਦੇ ਨਜ਼ਰੀਏ ਤੋਂ ਵੇਖ ਰਹੇ ਹਨ। ਵੈਸੇ ਵੀ ਇਤਿਹਾਸਕ ਫਿਲਮਾਂ ਨੂੰ ਤਿਆਰ ਕਰਨਾ ਇੰਨਾ ਆਸਾਨ ਨਹੀਂ ਹੁੰਦਾ, ਇਹੋ ਜਿਹੀਆਂ ਫਿਲਮਾਂ ਵਿਚ ਤੁਹਾਨੂੰ ਫਿਲਮ ਨੂੰ ਦਿਲਚਸਪ ਬਣਾਉਣ ਲਈ ਕਿਵੇਂ ਨਾ ਕਿਵੇਂ ਆਪਣੀ ਕਲਪਨਾ ਦੇ ਰੰਗ ਵੀ ਭਰਨੇ ਪੈਂਦੇ ਹਨ ਪਰ ਬਲੈਕ ਪ੍ਰਿੰਸ ਦਾ ਵੱਡਾ ਹਿੱਸਾ ਤੱਥਾਂ ਨੂੰ ਨਜ਼ਰਅੰਦਾਜ਼ ਨਹੀਂ ਕਰਦਾ। ਉਂਝ ਵੀ ਇਹ ਦਾਸਤਾਨ ਇੰਨੀ ਦਰਦ ਭਰੀ ਹੈ ਕਿ ਦਰਸ਼ਕਾਂ ਲਈ ਆਪਣੇ ਆਪ ਵਿਚ ਇਕ ਉਦਾਸ ਮਨੋਰੰਜਨ ਦਾ ਸਾਧਨ ਬਣਦੀ ਹੈ।

ਇਕ ਹੋਰ ਨੁਕਤਾ ਵੀ ਬੜੇ ਡੂੰਘੇ ਧਿਆਨ ਦੀ ਮੰਗ ਕਰਦਾ ਹੈ। ਉਹ ਨੁਕਤਾ ਇਹ ਹੈ ਕਿ ਫਿਲਮ ਨੂੰ ਕੇਵਲ ਸਿੱਖ ਹੀ ਕਿਉਂ ਵੇਖ ਰਹੇ ਹਨ ? ਪੰਜਾਬੀ ਹਿੰਦੂ ਕਿਉਂ ਇਸ ਫਿਲਮ ਵਿਚ ਦਿਲਚਸਪੀ ਨਹੀਂ ਲੈ ਰਹੇ। ਹਾਲਾਂਕਿ ਜਦੋਂ ਕਦੇ ਵੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਗੱਲ ਚਲਦੀ ਹੈ ਤਾਂ ਇਹ ਪੰਜਾਬੀ ਹਿੰਦੂਆਂ ਦੇ ਆਗੂ ਉਸ ਰਾਜ ਦੀਆਂ ਸਿਫਤਾਂ ਕਰਦੇ ਨਹੀਂ ਥੱਕਦੇ ਪਰ ਬਲੈਕ ਪ੍ਰਿੰਸ ਪ੍ਰਤੀ ਉਨ੍ਹਾਂ ਦੀ ਉਸ ਕਿਸਮ ਦੀ ਖਿੱਚ ਤੇ ਹਮਦਰਦੀ ਕਿਉਂ ਨਹੀਂ ਹੈ, ਜੋ ਸਿੱਖਾਂ ਦੇ ਦਿਲਾਂ ਤੱਕ ਧਸੀ ਪਈ ਹੈ। ਇਸ ਤੋਂ ਕੀ ਅੰਦਾਜ਼ਾ ਲਾਇਆ ਜਾਵੇ ? ਇਕ ਅੰਦਾਜ਼ਾ ਇਹ ਲਾਇਆ ਜਾ ਰਿਹਾ ਹੈ ਕਿ ਅਸਲ ਵਿਚ ਦੋ ਕੌਮਾਂ ਅਰਥਾਤ ਹਿੰਦੂ ਅਤੇ ਸਿੱਖ ਪੰਜਾਬ ਵਿਚ ਅੰਦਰੋਂ ਅੰਦਰੀ ਉਪਰ ਤੋਂ ਹੇਠਾਂ ਤੱਕ ਵੰਡੇ ਹੋਏ ਹਨ। ਤਾਂ ਕੀ ਉਨ੍ਹਾਂ ਦਾ ਆਪਸੀ ਪਿਆਰ ਅਤੇ ਮੋਹ ਕਮਜ਼ੋਰ ਤੰਦਾਂ ਨਾਲ ਹੀ ਜੁੜਿਆ ਹੋਇਆ ਹੈ ? ਤਾਂ ਕੀ ਹਿੰਦੂ ਸਿੱਖ ਏਕਤਾ ਸਿਰਫ ਬਿਆਨਾਂ ਤੱਕ ਹੀ ਸੀਮਤ ਹੈ ਅਤੇ ਇਸ ਦਾ ਦਿਲਾਂ ਨਾਲ ਕੋਈ ਰਿਸ਼ਤਾ ਨਹੀਂ ? ਉਪਰੋਂ-ਉਪਰੋਂ ਸਿਆਸਤਦਾਨ ਮੂੰਹ ਰੱਖਣੇ ਲਈ ਜੋ ਵੀ ਮਰਜ਼ੀ ਕਹੀ ਜਾਣ ਪਰ ਕੌੜੀ ਹਕੀਕਤ ਇਹੋ ਹੀ ਹੈ। ਇਹ ਸਵਾਲ ਸੱਚੀ-ਮੁੱਚੀ ਇਕ ਸਾਰਥਕ ਬਹਿਸ ਦੀ ਮੰਗ ਕਰਦੇ ਹਨ। ਕੇ.ਪੀ.ਐਸ ਗਿੱਲ ਦੀ ਮੌਤ 'ਤੇ ਵੀ ਸ਼ਰਧਾਂਜਲੀ ਭੇਟ ਕਰਨ ਦੇ ਸਵਾਲ 'ਤੇ ਹਿੰਦੂ ਅਤੇ ਸਿੱਖ ਆਪਸ ਵਿਚ ਵੰਡੇ ਹੋਏ ਸਨ। ਇਥੋਂ ਤੱਕ ਕਿ ਆਮ ਆਦਮੀ ਪਾਰਟੀ ਜਿਸ ਨੂੰ ਬਾਹਰਲੇ ਦੇਸ਼ਾਂ ਵਿਚੋਂ ਵਿਦੇਸ਼ੀ ਵੀਰਾਂ ਨੇ ਭਾਰੀ ਹਮਾਇਤ ਕੀਤੀ, ਉਨ੍ਹਾਂ ਦੇ ਆਗੂ ਵੀ ਫਿਲਮ ਬਾਰੇ ਮੂੰਹ ਵਿਚ ਘੁੰਗਣੀਆਂ ਪਾਈ ਬੈਠੇ ਹਨ। ਇਹ ਉਹੋ ਆਮ ਆਦਮੀ ਪਾਰਟੀ ਹੈ, ਜਿਸ ਨੇ ਪਿਛਲੇ ਅਸੈਂਬਲੀ ਸੈਸ਼ਨ ਵਿਚ ਕੇ.ਪੀ.ਐਸ. ਗਿੱਲ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਸਵਾਲ 'ਤੇ ਰੋਸ ਵਜੋਂ ਅਸੈਂਬਲੀ ਵਿਚੋਂ ਵਾਕ ਆਊਟ ਨਹੀਂ ਸੀ ਕੀਤਾ ਜਦਕਿ ਅਕਾਲੀ ਦਲ ਨੇ ਬਕਾਇਦਾ ਵਾਕ ਆਊਟ ਕੀਤਾ। ਇਥੋਂ ਇਹ ਸੰਕੇਤ ਮਿਲਦੇ ਹਨ ਕਿ ਆਮ ਆਦਮੀ ਪਾਰਟੀ ਦੀ ਸਾਖ ਵੀ ਹੌਲੀ-ਹੌਲੀ ਲੋਕਾਂ ਦੇ ਦਿਲਾਂ ਵਿਚੋਂ ਖੁਰਨੀ ਸ਼ੁਰੂ ਹੋ ਗਈ ਹੈ।

ਕੀ ਇਹ ਫਿਲਮ ਭਾਰਤ ਦੀ ਸਰਜ਼ਮੀਨ 'ਤੇ ਤਿਆਰ ਕੀਤੀ ਜਾ ਸਕਦੀ ਸੀ ? ਸਾਰੇ ਹਲਕਿਆਂ ਦਾ ਇਕੋ ਸਾਂਝਾ ਜਵਾਬ ਮਿਲਦਾ ਹੈ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਇਹ ਫਿਲਮ ਇਥੇ ਤਿਆਰ ਹੋ ਸਕਦੀ। ਫਿਲਮ ਦੀ ਸ਼ੂਟਿੰਗ ਦੌਰਾਨ ਹੀ ਕਈ ਤਰ੍ਹਾਂ ਦੇ ਵਿਵਾਦ ਖੜ੍ਹੇ ਹੋ ਜਾਣੇ ਸਨ ਜਾਂ ਖੜ੍ਹੇ ਕਰ ਦਿੱਤੇ ਜਾਣੇ ਸਨ। ਇਸ ਨੂੰ ਮੌਜ ਨਾਲ ਹੀ ਅੱਤਵਾਦੀਆਂ ਨਾਲ ਜੋੜ ਦਿੱਤਾ ਜਾਣਾ ਸੀ। ਹੁਣ ਕਿਉਂਕਿ ਇਹ ਫਿਲਮ ਹਾਲੀਵੁੱਡ ਨਾਲ ਜੁੜੀ ਹੋਈ ਹੈ ਅਤੇ ਕਲਾਤਮਕ ਸਿਖਰਾਂ ਛੂਹਦੀ ਹੈ ਅਤੇ ਕਈ ਅੰਤਰਰਾਸ਼ਟਰੀ ਅਵਾਰਡ ਲੈ ਚੁੱਕੀ ਹੈ, ਇਸ ਲਈ ਇਸ ਫਿਲਮ ਦੀ ਮੁਖਾਲਫਤ ਇੰਨੀ ਆਸਾਨੀ ਨਾਲ ਨਹੀਂ ਕੀਤੀ ਜਾ ਸਕਦੀ। ਇਸ ਤੋਂ ਇਲਾਵਾ ਇਸ 'ਤੇ ਪਾਬੰਦੀ ਵੀ ਨਹੀਂ ਲਾਈ ਜਾ ਸਕਦੀ। ਆਉਣ ਵਾਲੇ ਦਿਨਾਂ ਵਿਚ ਜੇਕਰ ਇਸ ਫਿਲਮ ਨੂੰ ਵੇਖਣ ਲਈ ਲੋਕ ਭਾਰੀ ਗਿਣਤੀ ਵਿਚ ਜਾਂਦੇ ਹਨ ਤਾਂ ਇਸ ਰੁਝਾਨ ਦੇ ਡੂੰਘੇ ਕਾਰਨ ਤਾਂ ਲੱਭਣੇ ਹੀ ਪੈਣਗੇ। ਵੈਸੇ ਭਾਰਤੀ ਆਲੋਚਕ ਅਤੇ ਖਾਸ ਕਰਕੇ ਅੰਗਰੇਜ਼ੀ ਅਤੇ ਹਿੰਦੀ ਅਖਬਾਰਾਂ ਦੇ ਆਲੋਚਕ ਅਤੇ ਵਿਦਵਾਨ ਫਿਲਮ ਨੂੰ ਇਤਿਹਾਸ ਦੀ ਵਿਆਖਿਆ ਤੱਕ ਹੀ ਸੀਮਤ ਕਰਦੇ ਹਨ। ਪਰ ਇਤਿਹਾਸ ਦੇ ਥੱਲ੍ਹੇ ਅਣਦਿਸਦੇ ਇਤਿਹਾਸ' ਨੂੰ ਨਹੀਂ ਵੇਖਦੇ, ਜੋ ਸਿੱਖਾਂ ਦੀ ਤਰਜ਼-ਏ-ਜ਼ਿੰਦਗੀ ਵਿਚ ਫੈਸਲਾਕੁੰਨ ਰੋਲ ਅਦਾ ਕਰਦਾ ਰਿਹਾ ਹੈ। ਕੌਣ ਜਾਣਦਾ ਸੀ ਕਿ 13 ਅਪ੍ਰੈਲ 1978 ਦਾ ਨਿਰੰਕਾਰੀ ਕਾਂਡ ਇਕ ਸੁਹਾਵਣੀ ਸਵੇਰ ਨੂੰ ਖਾਲਿਸਤਾਨ ਦੀ ਮੰਗ ਵੱਲ ਮੁੜ ਜਾਵੇਗਾ ? ਕਿਸੇ ਨੂੰ ਵੀ ਨਹੀਂ ਸੀ ਪਤਾ ਕਿ ਅੰਗਰੇਜ਼ ਹਕੂਮਤ ਦੌਰਾਨ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਇਕ ਦੀਵਾਰ ਢਾਹੇ ਜਾਣ ਦੀ ਘਟਨਾ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦੇਵੇਗੀ ਅਤੇ ਫਿਰ ਅਕਾਲੀ ਦਲ ਦੀ ਸਥਾਪਨਾ ਵੱਲ ਚਲੇ ਜਾਵੇਗੀ ? ਇਸ ਰਾਜ਼ ਨੂੰ ਵੀ ਕੋਈ ਨਹੀਂ ਸੀ ਬੁੱਝ ਸਕਿਆ ਕਿ 19ਵੀਂ ਸਦੀ ਦੇ ਅਖੀਰ 'ਤੇ ਬਾਹਰਲੇ ਮੁਲਕਾਂ ਵਿਚ ਖੱਟਣ ਕਮਾਉਣ ਦੇ ਉਦੇਸ਼ ਨਾਲ ਗਏ ਬਾਬੇ ਆਜ਼ਾਦੀ ਲਈ ਗਦਰ ਕਰਨ ਵੱਲ ਤੁਰ ਪੈਣਗੇ ? ਅਜੇ ਥੋੜ੍ਹੇ ਹੀ ਦਿਨਾਂ ਦੀ ਗੱਲ ਹੈ ਜਦੋਂ ਦਾਰਜੀਲਿੰਗ ਵਿਚ ਬੰਗਾਲੀ ਭਾਸ਼ਾ ਜ਼ਬਰੀ ਲਾਗੂ ਕਰ ਦਿੱਤੀ ਗਈ ਪਰ ਗੋਰਖਿਆਂ ਦਾ ਅੰਦੋਲਨ ਭਾਸ਼ਾ ਤੋਂ ਹੱਟ ਕੇ ਵੱਖਰੇ ਗੋਰਖਾ ਲੈਂਡ ਦੀ ਮੰਗ ਤੱਕ ਜਾ ਪਹੁੰਚਿਆ। ਸਮਾਜ ਵਿਗਿਆਨੀਆਂ ਅਤੇ ਰਾਜਨੀਤਕ ਜੋਤਸ਼ੀਆਂ ਵੱਲੋਂ ਮਨੁੱਖਾਂ ਅਤੇ ਕੌਮਾਂ ਦੇ ਧੁਰ ਅੰਦਰ ਕੀ ਕੁੱਝ ਰਿੱਝ ਪੱਕ ਰਿਹਾ ਹੁੰਦਾ ਹੈ, ਉਸ ਨੂੰ ਦਿੱਬ ਦ੍ਰਿਸ਼ਟੀ ਨਾਲ ਹੀ ਵੇਖਿਆ ਅਤੇ ਸਮਝਿਆ ਜਾ ਸਕਦਾ ਹੈ।

ਬਲੈਕ ਪ੍ਰਿੰਸ ਦੀ ਗੱਲ ਸਿਰਫ ਭਾਰਤ ਵਿਚ ਹੀ ਨਹੀਂ, ਸਗੋਂ ਬਾਹਰਲੇ ਦੇਸ਼ਾਂ ਵਿਚ ਹੀ ਹੋ ਰਹੀ ਹੈ ਅਤੇ ਵਧੇਰੇ ਸਰਗਰਮੀ, ਚਾਅ ਅਤੇ ਉਤਸ਼ਾਹ ਨਾਲ ਹੋ ਰਹੀ ਹੈ। ਲਾਸ ਏਂਜਲਸ ਟਾਈਮਜ਼, ਨਿਊਯਾਰਕ ਟਾਈਮਜ਼, ਵਾਸ਼ਿੰਗਟਨ ਪੋਸਟ ਅਤੇ ਹੋਰ ਅਨੇਕ ਅੰਤਰਰਾਸ਼ਟਰੀ ਅਖਬਾਰਾਂ ਨੇ ਫਿਲਮ ਬਾਰੇ ਹਾਂ-ਪੱਖੀ ਟਿੱਪਣੀਆਂ ਹੀ ਕੀਤੀਆਂ ਹਨ। ਇਥੇ ਹੀ ਬੱਸ ਨਹੀਂ, ਸਗੋਂ ਇਸ ਫਿਲਮ ਨੇ ਸਿੱਖ ਇਤਿਹਾਸ ਬਾਰੇ ਹੋਰ ਫਿਲਮਾਂ ਤਿਆਰ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਸਿੱਖ ਪ੍ਰੋਡਿਊਸਰ ਅਤੇ ਨਿਰਦੇਸ਼ਕ ਇਹ ਸੋਚ ਰਹੇ ਹਨ ਕਿ ਇਹ ਕੰਮ ਵਪਾਰਕ ਪੱਖੋਂ ਵੀ ਬਹੁਤ ਫਾਇਦੇਮੰਦ ਹੈ ਅਤੇ ਸਿੱਖ ਕੌਮ ਨੂੰ ਵੀ ਕਈ ਪਹਿਲੂਆਂ ਤੋਂ ਜਗਾਉਣ ਵਿਚ ਵੀ ਸਹਾਇਤਾ ਕਰੇਗਾ। ਬਾਲੀਵੁੱਡ ਵਿਚ ਤਾਂ ਸਿੱਖ ਨਾਇਕਾਂ ਨੂੰ ਲੈ ਕੇ ਭਾਵੇਂ ਫਿਲਮਾਂ ਬਣ ਰਹੀਆਂ ਹਨ, ਪਰ ਨਿਰਦੇਸ਼ਕ ਸਿੱਖੀ ਦੀ ਰੂਹ ਉਸੇ ਤਰ੍ਹਾਂ ਪੇਸ਼ ਕਰਦੇ ਹਨ, ਜੋ ਭਾਰਤੀ ਰਾਸ਼ਟਰਵਾਦ ਦੇ ਪੁਜਾਰੀ ਚਾਹੁੰਦੇ ਹਨ। ਇੰਝ ਸਿੱਖੀ ਦੀ ਆਜ਼ਾਦ ਆਤਮਾ ਸਿਰਫ ਉਥੇ ਹੀ ਵਿਕਾਸ ਤੇ ਵਿਗਾਸ ਕਰ ਸਕਦੀ ਹੈ ਅਤੇ ਮੁਕੰਮਲ ਖੇੜੇ ਤੇ ਜਾਹੋ-ਜਲਾਲ ਵਿਚ ਆ ਸਕਦੀ ਹੈ, ਜਿਥੇ ਬਲੈਕ ਪ੍ਰਿੰਸ ਵਰਗੀਆਂ ਫਿਲਮਾਂ ਤਿਆਰ ਕਰਨ ਦੀ ਖੁੱਲ੍ਹ ਅਤੇ ਮਾਹੌਲ ਹੋਵੇ।

ਜਰਾ ਸੋਚੋ, ਭਲਾ ਜੇ ਜੂਨ 1984 ਦੇ ਦਰਬਾਰ ਸਾਹਿਬ ਦੇ ਘੱਲੂਘਾਰੇ ਬਾਰੇ ਫਿਲਮ ਤਿਆਰ ਹੋ ਜਾਵੇ ਤਾਂ ਇਹ ਸਿੱਖ ਕੌਮ ਦੇ ਮਨਾਂ ਵਿਚ ਜਿਹੋ ਜਿਹੀ ਜਾਗ ਪੈਦਾ ਕਰੇਗੀ, ਅਸੀਂ ਉਸ ਦੀ ਕਲਪਨਾ ਵੀ ਨਹੀਂ ਕਰ ਸਕਦੇ। ਇਹ ਖਬਰਾਂ ਆ ਰਹੀਆਂ ਹਨ ਕਿ ਕੁੱਝ ਨਿਰਦੇਸ਼ਕ ਇਹੋ ਜਿਹੀ ਫਿਲਮ ਤਿਆਰ ਕਰਨ ਲਈ ਰਾਜ਼ੀ ਵੀ ਹੋ ਗਏ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਬਾਹਰਲੇ ਸਿੱਖ ਵੱਡੀ ਤੋਂ ਵੱਡੀ ਬਜਟ ਵਾਲੀ ਫਿਲਮ ਲਈ ਵੀ ਮਾਇਆ ਦੇ ਸਕਦੇ ਹਨ। ਇਹੋ ਜਿਹੀਆਂ ਫਿਲਮਾਂ ਰਾਜਨੀਤਕ ਚੇਤਨਾ ਦਾ ਇਕ ਇਹੋ ਜਿਹਾ ਮੈਦਾਨ ਤਿਆਰ ਕਰਨਗੀਆਂ, ਜਿਸ ਦੀ ਇਕ ਖਿੜਕੀ ਆਜ਼ਾਦੀ ਦੀ ਮੰਜ਼ਿਲ ਵੱਲ ਖੁੱਲ੍ਹ ਸਕਦੀ ਹੈ। ਜੇ ਭਲਾ ਇਹੋ ਜਿਹੀ ਫਿਲਮ 'ਤੇ ਪਾਬੰਦੀ ਵੀ ਲੱਗ ਜਾਵੇ ਤਾਂ ਵਿਗਿਆਨ ਅਤੇ ਤਕਨੀਕ ਦੇ ਨਵੇਂ ਆਏ ਸਾਧਨ ਕੀ ਇਹੋ ਜਿਹੀਆਂ ਫਿਲਮਾਂ ਨੂੰ ਰੋਕ ਸਕਣਗੇ ? ਬਲੈਕ ਪ੍ਰਿੰਸ ਸਿੱਖਾਂ ਲਈ ਸੱਚਮੁੱਚ ਹੀ ਇਕ ਵਰ ਬਣ ਕੇ ਆਈ ਹੈ, ਜਿਸ ਫਿਲਮ ਤੋਂ ਹੋਰ ਵੱਡੀਆਂ ਸੰਭਾਵਨਾਵਾਂ ਦੇ ਰੋਸ਼ਨ ਅਤੇ ਸਾਕਾਰ ਹੋਣ ਬਾਰੇ ਹੁਣ ਬਹੁਤੀ ਉਡੀਕ ਨਹੀਂ ਕਰਨੀ ਪਵੇਗੀ। ਕੁੱਝ ਲੋਕਾਂ ਦੀ ਇਹ ਰਾਇ ਵੀ ਹੈ ਕਿ ਇਹ ਫਿਲਮ ਖਿੰਡੀ ਹੋਈ ਸਿੱਖ ਕੌਮ ਨੂੰ ਇਕ ਮੰਚ 'ਤੇ ਇਕੱਠੇ ਕਰਨ ਵਿਚ ਅਹਿਮ ਰੋਲ ਅਦਾ ਕਰ ਸਕਦੀ ਹੈ। ਸਿੱਖਾਂ ਦੇ ਰਾਜਨੀਤਕ ਆਗੂ ਸਿਮਰਨਜੀਤ ਸਿੰਘ ਮਾਨ ਨੇ ਤਾਂ ਪਹਿਲਾਂ ਹੀ ਇਸ ਫਿਲਮ ਲਈ ਫਿਲਮ ਤਿਆਰ ਕਰਨ ਵਾਲੀ ਟੀਮ ਨੂੰ ਮੁਬਾਰਕਬਾਦ ਦਿੱਤੀ ਹੈ। ਹਾਲਾਂਕਿ ਇਹ ਗੱਲ ਅਜੇ ਸੁਪਨਾ ਹੀ ਲੱਗਦਾ ਹੈ, ਕਿਉਂਕਿ ਸਿੱਖ ਪੰਥ ਵਿਚ ਇੰਨੇ ਧੜੇ ਬਣ ਚੁੱਕੇ ਹਨ ਕਿ ਹਰ ਧੜਾ ਇਹ ਸਮਝਦਾ ਹੈ ਕਿ ਰਾਜਨੀਤੀ ਦਾ ਅੰਤਮ ਸੱਚ ਸਿਰਫ ਉਸੇ ਕੋਲ ਹੈ। ਇਥੋਂ ਤੱਕ ਕਿ ਰੈਡੀਕਲ ਜਥੇਬੰਦੀਆਂ ਵੀ, ਜਿਨ੍ਹਾਂ ਤੋਂ ਸੰਗਤ ਨੂੰ ਭਾਰੀ ਉਡੀਕ ਸੀ, ਉਹ ਵੀ ਰੁਲ-ਖੁੱਲ੍ਹ ਕੇ ਹੀ ਰਹਿ ਗਈਆਂ ਹਨ ਜਾਂ ਉਨ੍ਹਾਂ ਨੇ ਆਪਣੇ ਆਪ ਨੂੰ ਬਿਆਨਾਂ ਤੱਕ ਹੀ ਸੀਮਤ ਰੱਖਿਆ ਹੋਇਆ ਹੈ। ਜੇ ਇਹ ਫਿਲਮ ਆਪਸੀ ਵਖਰੇਵਿਆਂ ਨੂੰ ਦੂਰ ਕਰਨ ਵਿਚ ਸਹਾਈ ਹੋਈ ਤਾਂ ਇਹ ਰਾਜਨੀਤਕ ਖੇਤਰ ਵਿਚ ਵੱਡੀ ਪ੍ਰਾਪਤੀ ਹੋਵੇਗੀ।

## ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਚੁੱਪ ਛਾ ਜਾਣ ਮਗਰੋਂ ਭਾਈ ਸੂਰਤ ਸਿੰਘ ਖ਼ਾਲਸਾ ਇਕੱਲੇ ਪਏ

**ਮੁੱਲਾਂਪੁਰ-ਦਾਖਾ/ਬਿਊਰੋ ਨਿਊਜ਼ :** ਦੇਸ਼ ਦੀਆਂ ਵੱਖੋ-ਵੱਖ ਜੇਲ੍ਹਾਂ ਅੰਦਰ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਬੈਠੇ ਭਾਈ ਸੂਰਤ ਸਿੰਘ ਖਾਲਸਾ ਦੁਆਰਾ ਸੰਘਰਸ਼ ਨੂੰ ਜਾਰੀ ਰੱਖਣ ਲਈ 13 ਮੈਂਬਰੀ ਸੰਘਰਸ਼ ਕਮੇਟੀ ਦੇ ਕੋਆਰਡੀਨੇਟਰ ਗੁਰਦੀਪ ਸਿੰਘ



ਬਠਿੰਡਾ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਸੀਨੀਅਰ ਮੀਤ ਪ੍ਰਧਾਨ ਵੱਸਣ ਸਿੰਘ ਜ਼ਫਰਵਾਲ ਵੱਲੋਂ ਯੂਨਾਈਟਿਡ ਅਕਾਲੀ ਦਲ ਦੀ ਮੀਟਿੰਗ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਵਾਲੇ ਮਾਮਲੇ ਪ੍ਰਤੀ ਚੁੱਪ ਤੋਂ ਬਾਅਦ ਇਹ ਸਪਸ਼ਟ ਹੋ ਗਿਆ ਕਿ ਧਾਰਮਿਕ ਆਗੂਆਂ ਦੀ ਹੱਲਾਸ਼ੇਰੀ ਨਾਲ ਸੰਘਰਸ਼ ਦੇ ਰਾਹ ਪਿਆ ਭਾਈ ਸੂਰਤ ਸਿੰਘ ਖਾਲਸਾ ਇਕੱਲਾ ਪੈ ਗਿਆ। ਜਲੰਧਰ ਵਿਚ ਯੂਨਾਈਟਿਡ ਅਕਾਲੀ ਦਾ ਨਵਾਂ ਜਥੇਬੰਦਕ ਢਾਂਚਾ ਐਲਾਨਣ ਉਪਰੰਤ ਪ੍ਰੈੱਸ ਕਾਨਫਰੰਸ ਸਮੇਂ ਧਰਮ ਯੁੱਧ ਮੋਰਚੇ ਦੀ ਵਰ੍ਹੇਗੰਢ, ਸਤਲੁਜ-ਯਮੁਨਾ ਸੰਪਰਕ ਨਹਿਰ ਮਾਮਲਾ, ਕੇਂਦਰ ਵੱਲੋਂ ਸਿੱਖਾਂ ਨਾਲ ਆਜ਼ਾਦੀ ਵੇਲੇ ਕੀਤੇ ਵਾਅਦੇ ਪੂਰੇ ਕਰਵਾਉਣ, ਕਈ ਹੋਰ ਮੰਗਾਂ ਦਾ ਐਲਾਨ ਤਾਂ ਹੋਇਆ, ਪਰ ਗੁਰਦੀਪ ਸਿੰਘ ਬਠਿੰਡਾ ਦੀ ਹਾਜ਼ਰੀ ਵਿਚ ਹੋਈ ਪ੍ਰੈੱਸ ਕਾਨਫਰੰਸ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਲਈ 16 ਜਨਵਰੀ 2015 ਤੋਂ ਭੁੱਖ ਹੜਤਾਲ ਉੱਪਰ ਬੈਠੇ ਭਾਈ ਸੂਰਤ ਸਿੰਘ ਖਾਲਸਾ ਦੇ ਸੰਘਰਸ਼ ਬਾਰੇ ਕੋਈ ਖੁਲਾਸਾ ਨਹੀਂ ਹੋਇਆ, ਜਦਕਿ ਉਪਰੋਕਤ ਸਿੱਖ ਆਗੂ ਬੰਦੀ ਸਿੰਘਾਂ ਦੀ ਰਿਹਾਈ ਲਈ ਸੂਰਤ ਸਿੰਘ ਖਾਲਸਾ ਦੁਆਰਾ ਵਿੱਢੇ ਸੰਘਰਸ਼ ਦੇ ਮੋਹਰੀਆਂ ਵਿਚੋਂ ਸਨ। ਜਥੇਬੰਦੀ ਦਾ ਇਹ ਸੰਘਰਸ਼ ਜੇਕਰ ਫਿੱਕਾ ਨਾ ਪੈਂਦਾ ਤਾਂ 1990 ਤੋਂ ਜ਼ੇਲ ਦੀਆਂ ਵੱਖ-ਵੱਖ ਕਾਲ ਕੋਠੜੀਆਂ ਵਿਚ ਬੰਦ ਸਿੱਖ ਕੈਦੀਆਂ ਨੂੰ ਰਾਹਤ ਮਿਲਣ ਦੀ ਸੰਭਾਵਨਾ ਵੱਧ ਜਾਣੀ ਸੀ।

## ਸਾਕਾ ਨੀਲਾ ਤਾਰਾ 'ਚ ਬਰਤਾਨੀਆ ਦੀ ਭੂਮਿਕਾ ਲਈ ਥੈਰੇਸਾ ਮੇਅ 'ਤੇ ਜਾਂਚ ਕਰਾਉਣ ਦਾ ਦਬਾਅ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ 'ਤੇ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਵੱਲੋਂ ਕੀਤੇ ਗਏ ਹਮਲੇ ਵਿਚ ਬਰਤਾਨਵੀ ਸਰਕਾਰ ਦੀ ਭੂਮਕਿਾ ਦੀ ਨਿਰਪੱਖ ਜਾਂਚ ਕਰਵਾਉਣ ਲਈ ਦਿਨੋ-ਦਿਨ ਦਬਾਅ ਵਧਦਾ ਜਾ ਰਿਹਾ ਹੈ। ਨਵੇਂ ਜਾਰੀ ਹੋਏ ਸਰਕਾਰੀ ਦਸਤਾਵੇਜ਼ਾਂ ਨੇ ਇਕ ਵਾਰ ਫਿਰ ਸਰਕਾਰ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕੀਤਾ ਹੈ। ਸਿੱਖ ਫੈਡਰੇਸ਼ਨ ਯੂ.ਕੇ. ਵੱਲੋਂ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੂੰ ਲਿਖੇ ਗਏ ਪੱਤਰ ਵਿਚ ਮੁੜ ਕਿਹਾ ਗਿਆ ਹੈ ਕਿ ਸਿੱਖ ਭਾਈਚਾਰਾ ਇਸ ਘਟਨਾਕ੍ਰਮ ਦੀ ਪੂਰੀ ਨਿਰਪੱਖ ਜਾਂਚ ਦੀ ਮੰਗ ਕਰਦਾ ਹੈ। ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਦੀ ਸਰਕਾਰ ਵੇਲੇ ਸਰ ਜੈਮਰੀ ਹੇਵੁਡ ਵੱਲੋਂ ਫਰਵਰੀ 2014 ਵਿਚ ਬਰਤਾਨਵੀ ਸੰਸਦ ਵਿਚ ਪੇਸ਼ ਕੀਤੀ ਜਾਂਚ ਰਿਪੋਰਟ ਤੋਂ ਸਿੱਖ ਸੰਤੁਸ਼ਟ ਨਹੀਂ, ਇਸ ਰਿਪੋਰਟ ਨੇ ਸੰਸਦ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਈ ਅਮਰੀਕ ਸਿੰਘ ਗਿੱਲ ਚੇਅਰਮੈਨ ਸਿੱਖ ਫੈਡਰੇਸ਼ਨ ਯੂ.ਕੇ. ਦੇ ਦਸਤਖ਼ਤਾਂ ਹੇਠ ਭੇਜੀ ਗਈ ਇਕ ਚਿੱਠੀ ਵਿਚ ਕਿਹਾ ਗਿਆ ਹੈ ਕਿ ਐਫ.ਸੀ.ਓ. ਫਾਈਲਾਂ 1984 ਅਤੇ 1985 ਸਾਬਿਤ ਕਰਦੀਆਂ ਹਨ ਕਿ ਸਰਕਾਰ ਵੱਲੋਂ ਇਸ ਮਾਮਲੇ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿੱਖ ਫੈਡਰੇਸ਼ਨ ਯੂ.ਕੇ. ਨੇ ਕਿਹਾ ਹੈ ਕਿ ਸਿੱਖਾਂ ਦੀ ਇਸ ਮੰਗ ਵਿਚ ਉਨ੍ਹਾਂ ਨੂੰ ਕਰਾਸ ਪਾਰਟੀ ਸੰਸਦ ਮੈਂਬਰਾਂ ਦਾ ਸਹਿਯੋਗ ਹਾਸਲ ਹੈ, ਜਿਸ ਵਿਚ ਲੇਬਰ ਅਤੇ ਐਸ.ਐਨ.ਪੀ. ਦੇ ਸਮੂਹ ਸੰਸਦ ਮੈਂਬਰ ਉਨ੍ਹਾਂ ਨਾਲ ਹਨ।

ਸ.ਫ਼ਾ ਇਕ ਦੀ ਬਾਕੀ

## ਜਲਵਾਯੂ ਦੀ ਤਬਦੀਲੀ ਭਾਰਤ 'ਚ ਲੈ ਰਹੀ ਹੈ ਕਿਸਾਨਾਂ ਦੀ ਜਾਨ

ਦੇਖਣਾ ਸੁੰਨ ਕਰਨ ਅਤੇ ਦਿਲ ਤੋੜਨ ਵਾਲਾ ਹੈ, ਜੋ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਦੇ ਰਾਹ ਪੈਂਦੇ ਹਨ। ਪਰ ਨਿਰਾਸ਼ਾ ਦਾ ਇਹ ਆਲਮ ਆਰਥਿਕ ਕਮਜ਼ੋਰੀ ਕਾਰਨ ਹੈ। ਇਸ ਬਾਰੇ ਅਸੀਂ ਜ਼ਰੂਰ ਕੁੱਝ ਕਰ ਸਕਦੇ ਹਾਂ। ਸਹੀ ਤੇ ਢੁਕਵੀਆਂ ਨੀਤੀਆਂ ਹਜ਼ਾਰਾਂ ਜਾਨਾਂ ਬਚਾਅ ਸਕਦੀਆਂ ਹਨ।'

ਫ਼ਸਲਾਂ ਦੀ ਫੋਟ ਵਾਲੇ ਸੀਜ਼ਨ ਵਿੱਚ ਵੱਧ ਤਾਪਮਾਨ ਤੇ ਘੱਟ ਮੀਂਹ ਪੈਣ ਕਾਰਨ ਸਾਲਾਨਾ ਖ਼ੁਦਕੁਸ਼ੀਆਂ ਦੀ ਦਰ 'ਤੇ ਵੱਡਾ ਅਸਰ ਪੈਂਦਾ ਹੈ। ਪਰ ਇਸ ਤਰ੍ਹਾਂ ਦੇ ਹਾਲਾਤ ਦਾ ਗ਼ੈਰ-ਫ਼ਸਲੀ ਸੀਜ਼ਨ ਦੌਰਾਨ ਕੋਈ ਅਸਰ ਦਿਖਾਈ ਨਹੀਂ ਦਿੱਤਾ। ਰਸਾਲੇ ਪ੍ਰੋਸੀਡਿੰਗਜ਼ ਆਫ ਦਿ ਨੈਸ਼ਨਲ ਅਕੈਡਮੀ ਆਫ ਸਾਇੰਸਿਜ਼' ਵਿੱਚ ਪ੍ਰਕਾਸ਼ਿਤ ਹੋਈ ਇਹ ਖੋਜ ਭਾਰਤ ਵਿੱਚ ਮਹਾਂਮਾਰੀ ਵਾਂਗ ਫੈਲੀਆਂ ਖ਼ੁਦਕੁਸ਼ੀਆਂ ਨੂੰ ਸਮਝਣ ਵਿੱਚ ਮਦਦ ਕਰੇਗੀ, ਜਿਥੇ 1980 ਬਾਅਦ ਖ਼ੁਦਕੁਸ਼ੀਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ ਅਤੇ ਹਰ ਸਾਲ 130,000 ਤੋਂ ਵੱਧ ਵਿਅਕਤੀ ਮੌਤ ਗਲ ਲਾਉਂਦੇ ਹਨ। ਖੋਜਕਾਰਾਂ ਨੇ ਦੱਸਿਆ ਕਿ ਵਿਸ਼ਵ ਭਰ ਵਿੱਚ ਹੁੰਦੀਆਂ ਖ਼ੁਦਕੁਸ਼ੀਆਂ ਵਿੱਚੋਂ 75 ਫ਼ੀਸਦ ਤੋਂ ਵੀ ਵੱਧ ਵਿਕਾਸਸ਼ੀਲ ਮੁਲਕਾਂ ਵਿੱਚ ਹੁੰਦੀਆਂ ਹਨ, ਜਿਨ੍ਹਾਂ 'ਚੋਂ 15 ਫ਼ੀਸਦ ਇਕੱਲੇ ਭਾਰਤ ਵਿੱਚ ਹੁੰਦੀਆਂ ਹਨ। ਹਾਲਾਂਕਿ ਇਸ ਗੱਲ ਦੇ ਥੋੜ੍ਹੇ ਠੋਸ ਸਬੂਤ ਹਨ ਕਿ ਗ਼ਰੀਬ ਵਸੋਂ ਹੀ ਐਨੇ ਜ਼ੋਖ਼ਮ ਹੇਠ ਕਿਉਂ ਹੈ। ਖੋਜਕਾਰਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਤਾਪਮਾਨ ਵਿੱਚ ਵਾਧਾ ਜਾਰੀ ਰਹਿਣ ਕਾਰਨ ਖ਼ੁਦਕੁਸ਼ੀਆਂ ਦੀ ਗਿਣਤੀ ਵਧੇਗੀ।

ਭਾਰਤ 'ਚ ਖ਼ੁਦਕੁਸ਼ੀਆਂ ਵਧਣ ਤੇ ਇਨ੍ਹਾਂ ਦੀ ਉੱਚੀ ਦਰ ਦੇ ਹੱਲ ਬਾਰੇ ਬਹਿਸ ਭਖੀ ਹੋਈ ਹੈ ਅਤੇ ਇਹ ਕਿਸਾਨਾਂ ਦੇ ਵਿੱਤੀ ਜ਼ੋਖ਼ਮ ਘਟਾਉਣ ਦੁਆਲੇ ਕੇਂਦਰਿਤ ਹੈ। ਖੋਜਕਾਰਾਂ ਨੇ ਕਿਹਾ ਕਿ ਖ਼ੁਦਕੁਸ਼ੀਆਂ ਨੂੰ ਠੱਲ੍ਹ ਪਾਉਣ ਲਈ ਸਰਕਾਰ ਵੱਲੋਂ 1.3 ਅਰਬ ਡਾਲਰ ਦੀ ਫ਼ਸਲ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ ਪਰ ਹਾਲੇ ਇਹ ਪਤਾ ਨਹੀਂ ਲੱਗਾ ਹੈ ਕਿ ਇਹ ਯੋਜਨਾ ਖ਼ੁਦਕੁਸ਼ੀਆਂ ਦੇ ਹੱਲ ਲਈ ਕਾਫ਼ੀ ਤੇ ਪ੍ਰਭਾਵਸ਼ਾਲੀ ਵੀ ਹੈ ਜਾਂ ਨਹੀਂ। ਦੱਸਣਯੋਗ ਹੈ ਕਿ ਭਾਰਤ ਦੀ ਅੱਧੀ ਤੋਂ ਵੱਧ ਕੰਮਕਾਜੀ ਵਸੋਂ ਨੂੰ ਮੀਂਹ 'ਤੇ ਨਿਰਭਰ ਖੇਤੀਬਾੜੀ ਸੈਕਟਰ ਰੁਜ਼ਗਾਰ ਦਿੰਦਾ ਹੈ, ਜਿਸ ਨੂੰ ਕਦੇ ਹੜ੍ਹਾਂ, ਕਦੇ ਸੋਕੇ ਤੇ ਕਦੇ ਗਰਮੀ ਦੀ ਮਾਰ ਪੈ ਰਹੀ ਹੈ। ਭਾਰਤ ਦੀ ਕਿਰਤੀ ਜਮਾਤ ਦੀ ਆਮਦਨ ਪਹਿਲਾਂ ਹੀ ਕੌਮਾਂਤਰੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ।

## ਓਬਾਮਾਕੇਅਰ : ਟਰੰਪ ਵਲੋਂ ਬੀਮਾ ਭੁਗਤਾਨ ਬੰਦ ਕਰਨ ਦੀ ਧਮਕੀ

ਹਿੱਸਾ ਲੈਣ ਵਾਲੀਆਂ ਬੀਮਾ ਕੰਪਨੀਆਂ ਨੂੰ। ਇਸ ਵਿੱਚ ਘੱਟ-ਆਮਦਨ ਦੇ ਲੋਕਾਂ ਨੂੰ ਹੈਲਥ ਕਵਰੇਜ ਦੇਣ ਲਈ ਬੀਮਾ ਕੰਪਨੀਆਂ ਨੂੰ ਮਿਲਣ ਵਾਲੀ ਸਬਸਿਡੀ ਦਾ ਹਵਾਲਾ ਸ਼ਾਮਲ ਸੀ। ਅਮਰੀਕਾ ਦੀ ਸਮੂਹ ਸਰਕਾਰ ਵੱਲੋਂ ਸਬਸਿਡੀ ਦੇ ਤੌਰ ਉੱਤੇ ਕਰੀਬ 8 ਬਿਲੀਅਨ ਡਾਲਰ (5.13 ਖਰਬ ਰੁਪਏ) ਦਿੱਤੇ ਜਾਂਦੇ ਹਨ। ਦੂਜੀ ਧਮਕੀ ਕਾਂਗਰਸ ਦੇ ਮੈਂਬਰਾਂ ਲਈ ਸੀ, ਜਿਨ੍ਹਾਂ ਦੇ ਓਬਾਮਾਕੇਅਰ ਹੈਲਥ ਕਵਰੇਜ ਦਾ ਖਰਚ ਸਰਕਾਰ ਭਰਦੀ ਹੈ।2010 ਦੇ ਹੈਲਥਕੇਅਰ ਕਾਨੂੰਨ ਮੁਤਾਬਕ ਕਾਂਗਰਸ ਮੈਂਬਰ ਅਤੇ ਉਨ੍ਹਾਂ ਦੇ ਸਟਾਫ ਵੀ ਓਬਾਮਾਕੇਅਰ ਦੇ ਦਾਇਰੇ ਵਿੱਚ ਸ਼ਾਮਲ ਕੀਤੇ ਗਏ ਹਨ। ਬੀਮਾ ਕੰਪਨੀਆਂ ਸਮੂਹ ਸਰਕਾਰ ਦੀ ਸਬਸਿਡੀ ਮਿਲਦੇ ਰਹਿਣ ਦੇ ਹਵਾਲੇ ਵਿੱਚ ਡੋਨਲਡ ਟਰੰਪ ਅਤੇ ਕਾਨੂੰਨ ਨਿਰਮਾਤਾਵਾਂ ਦਾ ਭਰੋਸਾ ਚਾਹੁੰਦੀਆਂ ਹਨ। ਭਰੋਸਾ ਨਹੀਂ ਮਿਲਣ ਦੀ ਹਾਲਤ ਵਿੱਚ ਕਈ ਬੀਮਾ ਕਪਨੀਆਂ ਬੀਮਾ ਪਲਾਨ ਦੀ ਦਰ 20 ਫੀਸਦੀ ਤੱਕ ਵਧਾਉਣ ਦੀ ਤਿਆਰੀ ਵਿੱਚ ਹਨ। ਬੀਮਾ ਪ੍ਰੀਮਿਅਮ ਵਧਾਉਣ ਦੀ ਡੈੱਡਲਾਇਨ 16 ਅਗਸਤ ਤੈਅ ਕੀਤੀ ਗਈ ਹੈ।

# ਰਾਜ ਮਾਤਾ ਮਹਿੰਦਰ ਕੌਰ ਨੂੰ ਸ਼ਰਧਾਂਜਲੀਆਂ

**ਪਟਿਆਲਾ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮਾਤਾ ਮਹਿੰਦਰ ਕੌਰ (ਰਾਜ ਮਾਤਾ) ਨਮਿਤ ਸ਼ਰਧਾਂਜਲੀ ਸਮਾਗਮ ਇੱਥੇ 'ਨਿਊ ਮੋਤੀ ਬਾਗ ਪੈਲੇਸ' ਕਰਾਇਆ ਗਿਆ, ਜਿਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਮੇਤ ਪੰਜਾਬ ਦੇ ਮੰਤਰੀਆਂ, ਵਿਧਾਇਕਾਂ, ਕਾਂਗਰਸੀ ਆਗੂਆਂ ਤੋਂ ਇਲਾਵਾ ਹੋਰ ਪਾਰਟੀਆਂ ਦੇ ਨੇਤਾ ਵੀ ਪੁੱਜੇ। ਬੁਲਾਰਿਆਂ ਨੇ ਰਾਜ ਮਾਤਾ ਦੀਆਂ ਸਮਾਜ ਪੱਖੀ ਸੇਵਾਵਾਂ ਨੂੰ ਚੇਤੇ ਕਰਦਿਆਂ, ਉਨ੍ਹਾਂ ਨੂੰ ਬਹੁਪੱਖੀ ਸ਼ਖ਼ਸੀਅਤ ਦੀ ਮਾਲਕ ਦੱਸਿਆ। ਉਨ੍ਹਾਂ ਦੇ ਚਲਾਣੇ ਨੂੰ ਇਕ ਯੁੱਗ ਦਾ ਅੰਤ ਦੱਸਿਆ। ਸੰਸਦ ਮੈਂਬਰ ਰਹੇ ਮਾਤਾ ਮਹਿੰਦਰ ਕੌਰ ਪਟਿਆਲਾ ਦੇ ਅੰਤਲੇ ਮਹਾਰਾਜਾ ਯਾਦਵਿੰਦਰ ਸਿੰਘ ਦੀ ਪਤਨੀ ਸਨ।

ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਰਾਜਮਾਤਾ ਨੇ ਪਦਾਰਥਵਾਦੀ ਲਾਭਾਂ ਦੀ ਬਜਾਏ ਜਨਤਕ ਸਰੋਕਾਰਾਂ ਨੂੰ ਵੱਧ ਤਰਜੀਹ ਦਿੱਤੀ। ਉਨ੍ਹਾਂ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੇ ਸ਼ੋਕ ਸੰਦੇਸ਼ ਵੀ ਪਰਿਵਾਰ ਨਾਲ ਸਾਂਝੇ ਕੀਤੇ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਇਕ ਨੇਕ ਰੂਹ ਸਨ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਉਨ੍ਹਾਂ ਦੀ ਸ਼ਖ਼ਸੀਅਤ ਰਾਜ ਮਾਤਾ ਤੇ ਲੋਕ ਮਾਤਾ ਦਾ ਸੰਪੂਰਨ ਮਿਸ਼ਰਨ ਸੀ। ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਉਹ ਪਵਿੱਤਰ ਆਤਮਾ ਤੇ ਮਹਾਨ ਸਮਾਜ ਸੁਧਾਰਕ ਸਨ। ਇਸ ਮੌਕੇ ਸਟੇਜ ਸੰਚਾਲਨ ਡੀਪੀਆਰਓ ਇਸ਼ਵਿੰਦਰ ਸਿੰਘ ਗਰੇਵਾਲ ਨੇ ਕੀਤਾ। ਰਾਜ ਮਾਤਾ ਦੇ ਵੱਡੇ ਪੁੱਤਰ ਵਜੋਂ ਕੈਪਟਨ ਅਮਰਿੰਦਰ ਸਿੰਘ ਨੇ ਦੁੱਖ ਦੀ ਇਸ ਘੜੀ ਵਿੱਚ ਸ਼ਾਮਲ ਹੋਏ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਨੀਤ ਕੌਰ, ਮਾਲਵਿੰਦਰ ਸਿੰਘ, ਹਰਪ੍ਰਿਯਾ ਕੌਰ, ਹੇਮਇੰਦਰ ਕੌਰ, ਕੁਮਾਰੀ ਰੁਪਿੰਦਰ, ਕੰਵਰ ਨਟਵਰ ਸਿੰਘ, ਮੇਜਰ ਕੰਵਲਜੀਤ ਸਿੰਘ ਢਿੱਲੋਂ, ਗੁਰਸ਼ਰਨ ਸਿੰਘ ਜੇਜੀ, ਇੰਦਰਜੀਤ ਸਿੰਘ ਜੇਜੀ ਅਤੇ ਰਣਇੰਦਰ ਸਿੰਘ ਟਿੱਕੂ ਸਮੇਤ ਹੋਰ ਪਰਿਵਾਰਕ ਮੈਂਬਰ ਵੀ ਮੌਜੂਦ ਸਨ। ਰਿਸ਼ਤੇਦਾਰਾਂ ਵਜੋਂ ਸਿਮਰਨਜੀਤ ਸਿੰਘ ਮਾਨ ਤੇ ਇਮਾਨ ਸਿੰਘ ਮਾਨ ਹਾਜ਼ਰ ਰਹੇ। ਮੁੱਖ ਮੰਤਰੀ ਦੇ ਸਲਾਹਕਾਰ ਬੀਆਈਐਸ ਚਾਹਲ, ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਓਐਸਡੀ ਐਮ. ਪੀ ਸਿੰਘ, ਹਨੀ ਸੇਖੋਂ ਤੇ ਜਗਦੀਪ ਸਿੱਧੂ ਸਮੇਤ ਕਈ ਹੋਰ ਪ੍ਰਬੰਧਾਂ ਵਿੱਚ ਰੁੱਝੇ ਨਜ਼ਰ ਆਏ। ਰਾਣਾ ਕੇ.ਪੀ. ਸਿੰਘ, ਸੁਨੀਲ ਜਾਖੜ, ਲਾਲ ਸਿੰਘ, ਰਾਜਿੰਦਰ ਕੌਰ ਭੱਠਲ, ਅੰਬਿਕਾ ਸੋਨੀ, ਸ਼ਮਸ਼ੇਰ ਸਿੰਘ ਦੂਲੋ, ਰਵਨੀਤ ਸਿੰਘ ਬਿੱਟੂ, ਚੌਧਰੀ ਸੰਤੋਖ ਸਿੰਘ, ਬ੍ਰਹਮ ਮਹਿੰਦਰਾ, ਮਨਪ੍ਰੀਤ ਬਾਦਲ, ਰਾਣਾ ਗੁਰਜੀਤ ਸਿੰਘ, ਸਾਧੂ ਸਿੰਘ ਧਰਮਸੋਤ, ਤ੍ਰਿਪਤ ਰਾਜਿੰਦਰ ਬਾਜਵਾ, ਚਰਨਜੀਤ ਚੰਨੀ, ਰਜ਼ੀਆ ਸੁਲਤਾਨਾ ਅਤੇ ਅਰੁਣਾ ਚੌਧਰੀ, ਹਰਦਿਆਲ ਕੰਬੋਜ, ਮਦਨ ਜਲਾਲਪੁਰ, ਰਣਦੀਪ ਸਿੰਘ ਤੇ ਵਿਜੇਇੰਦਰ ਸਿੰਗਲਾ ਨੇ ਵੀ ਸ਼ਰਧਾਂਜਲੀ ਸਮਾਗਮ ਵਿਚ ਸ਼ਿਰਕਤ ਕੀਤੀ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ, ਪਰਮਿੰਦਰ ਸਿੰਘ ਢੀਂਡਸਾ, ਸ਼ੇਰ ਸਿੰਘ ਘੁਬਾਇਆ, ਸਿਕੰਦਰ ਸਿੰਘ ਮਲੂਕਾ, ਅਜੀਤ ਸਿੰਘ ਕੋਹਾੜ, ਸੁਰਜੀਤ ਸਿੰਘ ਰੱਖੜਾ, ਬਿਕਰਮ ਸਿੰਘ ਮਜੀਠੀਆ, ਸ਼ਰਨਜੀਤ ਸਿੰਘ ਢਿੱਲੋਂ, ਕੁਲਦੀਪ ਸਿੰਘ ਵਡਾਲਾ, ਹਰਵਿੰਦਰ ਹਰਪਾਲਪੁਰ, ਮਾਸਟਰ ਮੋਹਨ ਲਾਲ, ਹਰਦੇਵ ਅਰਸ਼ੀ, ਸੁੱਚਾ ਸਿੰਘ ਛੋਟੇਪੁਰ, ਡਾ. ਧਰਮਵੀਰ ਗਾਂਧੀ, ਐਚ.ਐਸ ਫੂਲਕਾ, ਜਗਮੀਤ ਬਰਾੜ, ਬਲਵੰਤ ਸਿੰਘ ਰਾਮੂਵਾਲੀਆ, ਇੰਦਰਜੀਤ ਸਿੰਘ ਜ਼ੀਰਾ ਤੇ ਰਵੀ ਇੰਦਰ ਸਿੰਘ ਵੀ ਪੁੱਜੇ ਹੋਏ ਸਨ। ਉਚ ਅਧਿਕਾਰੀ ਸੁਰੇਸ਼ ਕੁਮਾਰ, ਤੇਜਵੀਰ ਸਿੰਘ ਤੇ ਕਰਨ ਅਵਤਾਰ ਸਿੰਘ ਸਮੇਤ ਡੀ.ਜੀ.ਪੀ. ਸੁਰੇਸ਼ ਅਰੋੜਾ ਤੇ ਸਾਬਕਾ ਡੀਜੀਪੀ ਮਹਿਲ ਸਿੰਘ ਭੁੱਲਰ ਨੇ ਵੀ ਹਾਜ਼ਰੀ ਲਵਾਈ।



ਨਿਊ ਮੋਤੀ ਬਾਗ਼ ਪੈਲੇਸ ਵਿੱਚ ਮਾਤਾ ਮਹਿੰਦਰ ਕੌਰ ਨਮਿੱਤ ਸ਼ਰਧਾਂਜਲੀ ਸਮਾਗਮ ਦੌਰਾਨ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ

### ਖਹਿਰਾ ਨੇ ਕੈਪਟਨ ਨੂੰ ਦੱਸਿਆ ਦਰਵੇਸ਼ ਸਿਆਸਤਦਾਨ

ਕੈਪਟਨ ਅਮਰਿੰਦਰ ਸਿੰਘ ਨੂੰ ਦਰਵੇਸ਼ ਸਿਆਸਤਦਾਨ ਦੱਸਦਿਆਂ 'ਆਪ' ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਹ ਕੁਰਬਾਨੀ ਤੇ ਤਿਆਗ ਦੇ ਪੁੰਜ ਹਨ. ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ 'ਤੇ ਹਮਲੇ ਦੇ ਰੋਸ ਵਜੋਂ 1984 ਵਿੱਚ ਲੋਕ ਸਭਾ ਦੀ ਮੈਂਬਰੀ ਅਤੇ 1986 ਵਿੱਚ ਵਜ਼ੀਰੀ ਤਿਆਗ ਚੁੱਕੇ ਕੈਪਟਨ ਨੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ 2005 ਵਿਚ ਮੁੱਖ ਮੰਤਰੀ ਦੀ ਕੁਰਸੀ ਦਾਅ 'ਤੇ ਲਾ ਦਿੱਤੀ ਸੀ। ਉਮੀਦ ਹੈ ਕਿ ਉਹ ਭਵਿੱਖ ਵਿੱਚ ਵੀ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਤੋਂ ਪਿੱਛੇ ਨਹੀਂ ਹਟਣਗੇ।

# ਰਾਜ-ਮਾਤਾ ਦੇ ਭੋਗ ਮੌਕੇ ਖਹਿਰਾ ਵਲੋਂ ਕੈਪਟਨ ਦੀਆਂ ਸਿ.ਫਤਾਂ

*ਸੰਵੇਦਨਾਮਈ ਸ਼ਬਦਾਂ ਨਾਲ ਸਿਆਸੀ ਪਹੁੰਚ ਨੂੰ ਲੱਗਾ ਸੇਕ*

## ਸੂਬਾਈ ਪ੍ਰਧਾਨ ਭਗਵੰਤ ਮਾਨ ਨੇ ਤੁਰੰਤ ਦਾਗਿਆ ਸਿਆਸੀ ਗੋਲਾ

**ਚੰਡੀਗੜ/ਬਿਊਰੋ ਨਿਊਜ਼:**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮਾਤਾ ਮਹਿੰਦਰ ਕੌਰ ਦਾ ਭੋਗ ਵੀ ਸਿਆਸਤ ਤੋਂ ਵਾਂਝਾ ਨਹੀਂ ਰਹਿ ਸਕਿਆ । ਰਾਜ-ਮਾਤਾ ਦੇ ਭੋਗ ਤੇ ਸਿਆਸੀ ਸਖਸ਼ੀਅਤਾਂ ਵੱਡੀ ਗਿਣਤੀ ਵਿਚ ਪਹੁੰਚੀਆਂ ਤਾਂ ਸਿਆਸਤ ਹੋਣੀ ਸੁਭਾਵਿਕ ਹੀ ਸੀ ਪਰ ਇਸ ਸਿਆਸਤ ਦਾ ਸਭ ਤੋਂ ਵੱਧ ਸੇਕ ਵਿਰੋਧੀ ਧਿਰ ਭਾਵ ਆਮ ਆਦਮੀ ਪਾਰਟੀ ਦੇ ਲੀਡਰਸ਼ਿਪ ਤੱਕ ਜਾਂ ਪੁੱਜਾ।

ਰਾਜ-ਮਾਤਾ ਮਹਿੰਦਰ ਕੌਰ ਦੇ ਭੋਗ ਤੋਂ ਬਾਅਦ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਮੌਕੇ ਵਿਰੋਧੀ ਧਿਰ ਦੇ ਆਗੂ ਤੇ 'ਆਪ' ਵਿਧਾਇਕ ਸੁਖਪਾਲ ਖਹਿਰਾ ਇਸ ਕਦਰ ਭਾਵੁਕ ਹੋਏ ਕਿ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ 'ਸੰਤ ਸਿਆਸਤਦਾਨ' ਦਾ ਖ਼ਿਤਾਬ ਦੇ ਦਿੱਤਾ।

ਸਿਰਫ਼ ਇੱਥੇ ਹੀ ਨਹੀਂ , ਖਹਿਰਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਨੇ ਪੰਜਾਬ ਦੇ ਪਾਣੀਆਂ ਬਾਰੇ ਜੋ ਸਟੈਂਡ ਲਿਆ ਉਹ ਸ਼ਲਾਘਾਯੋਗ ਸੀ ਤੇ ਹੁਣ ਵੀ ਉਨ੍ਹਾਂ ਨੂੰ ਉਮੀਦ ਹੈ ਕਿ ਕੈਪਟਨ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨ ਚ ਸਫਲ ਹੋਣਗੇ .ਖਹਿਰਾ ਦੇ ਇਸ ਬਿਆਨ ਨੂੰ ਪੰਜਾਬ ਦੇ ਲੋਕ ਸੰਪਰਕ ਮਹਿਕਮੇ ਵੱਲੋਂ ਸਰਕਾਰੀ ਤੌਰ ਤੇ ਜਾਰੀ ਕੀਤਾ ਗਿਆ . ਇਹ ਬਿਆਨ ਨਸ਼ਰ ਹੁੰਦੇ ਹੀ ਆਮ ਆਦਮੀ ਪਾਰਟੀ ਡੀ ਲੀਡਰਸ਼ਿਪ ਅੰਦਰ ਭੁਚਾਲ ਵਰਗੀ ਹਿਲਜੁਲ ਸ਼ੁਰੂ ਹੋ ਗਈ . ਪਤਾ ਲੱਗਾ ਹੈ ਕਿ ਕੁੱਝ ਸੀਨੀਅਰ ਨੇਤਾਵਾਂ ਦੀਆਂ ਭਵਾਂ ਤਣ ਗਈਆਂ।

ਸਰਕਾਰ ਵੱਲੋਂ ਖਹਿਰਾ ਦੇ ਬਿਆਨ ਦਾ ਵੱਖਰੇ ਤੌਰ ਤੇ ਪ੍ਰੈਸ ਨੋਟ ਜਾਰੀ ਹੋ ਗਿਆ ਤਾਂ 'ਆਪ' ਦੇ ਸੀਨੀਅਰ ਆਗੂਆਂ ਨੂੰ ਵੀ ਖ਼ਤਰਾ ਹੋ ਗਿਆ ਕਿ ਕਿਤੇ ਕਾਂਗਰਸ ਨਾਲ ਮਿਲੀਭੁਗਤ ਦੇ ਦੋਸ਼ ਹੀ ਨਾਂ ਲੱਗ ਜਾਣ ।

ਵਿਜੈਪਾਲ ਬਰਾੜ ਦੀ ਰਿਪੋਰਟ ਅਨੁਸਾਰ ਤੁਰੰਤ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਹਰਕਤ ਚ ਆਏ ਤੇ ਉਨ੍ਹਾਂ ਵੱਲੋਂ ਕੈਪਟਨ ਸਰਕਾਰ ਨੂੰ ਜਾਬਰ ਕਰਾਰ ਦਿੰਦੇ ਹੋਏ ਬਹੁਤ ਸਖ਼ਤ ਬਿਆਨ ਜਾਰੀ ਕੀਤਾ। ਬਿਆਨ ਵਿਚ ਕਿਹਾ ਗਿਆ ਕਿ ਕੈਪਟਨ ਸਰਕਾਰ ਦੇ ਰਾਜ ' ਚ ਅਮਨ-ਕਾਨੂੰਨ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ ਤੇ ਆਪ' ਵਿਧਾਇਕਾਂ ਦੇ ਖ਼ਿਲਾਫ਼ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਨੇ ਜਿਸ ਦਾ ਉਨ੍ਹਾਂ ਦੀ ਪਾਰਟੀ ਡਟ ਕੇ ਵਿਰੋਧ ਕਰੇਗੀ । ਭਗਵੰਤ ਮਾਨ ਦੇ ਇਸ ਬਿਆਨ ਨੂੰ ਮੀਡੀਆ ਸਫ਼ਾਂ ਵਿਚ ਡੈਮੇਜ ਕੰਟਰੋਲ' ਦੇ ਤੌਰ ਤੇ ਵੇਖਿਆ ਜਾ ਰਿਹਾ ਹੈ । ਹੁਣ ਸਵਾਲ ਇਹ ਹੈ ਕਿ ਖਹਿਰਾ ਭਾਵਨਾਵਾਂ ਚ ਵਹਿ ਗਏ ਜਾਂ ਉਨ੍ਹਾਂ ਦਾ ਪੁਰਾਣਾ ਕੈਪਟਨ ਪ੍ਰੇਮ' ਜਾਗ ਪਿਆ ਪਰ ਖਹਿਰਾ ਦੇ ਬਿਆਨਾਂ ਨੇ ਸੋਸ਼ਲ ਮੀਡੀਆ ਤੇ ਬਹਿਸ ਤਾਂ ਛੇੜ ਹੀ ਦਿੱਤੀ ਹੈ ।

ਇਹ ਵੀ ਹੋ ਸਕਦੈ ਕਿ ਇਸ ਮਾਮਲੇ ਤੇ ਆਪ ਦੀ ਲੀਡਰਸ਼ਿਪ ਵਿਚਕਾਰ ਸਿਆਸੀ ਖਿੱਚੋਤਾਣ ਵੀ ਸ਼ੁਰੂ ਹੋ ਜਾਵੇ ਅਤੇ ਪਾਰਟੀ ਅੰਦਰਲੇ ਖ਼ੈਰ ਵਿਰੋਧੀਆਂ ਨੂੰ ਮੁੱਦਾ ਮਿਲ ਜਾਵੇ।



ਕੈਪਟਨ ਅਮਰਿੰਦਰ ਸਿੰਘ ਤੇ ਸੁਖਪਾਲ ਖਹਿਰਾ ਦੀ ਇੱਕ ਪੁਰਾਣੀ ਤਸਵੀਰ।

# STOCKTON TEEYAN MELA 2017

**Ladies Only Event**

## ਤੀਆਂ ਦਾ ਮੇਲਾ

7th Annual Teeyan Mela
On
Saturday, August 5, 2017
12:00PM to 6:00PM

Venue: Delta Shelter
Micke Grove Park
11793 N. Micke Grove Road
Lodi, CA 95240

**Special Events:**

Miss Punjaban Competition

Age Groups:
Group 1: 1-7 years old
Group 2: 8-13 years old
Group 3: 14-18 years old

**Featuring: Gidha, Poetry, Plays, Bhangra, DJ, and Much More!**



ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ

For More Info Please Contact:
Ashvinder Kaur (Ashu): (209) 298 6454 Simran K Atwal: (209) 993 7978
Email: Stocktonteeyan@gmail.com www.facebook.com/stocktonteeyan

FREE ENTRY PARKING: $6.00 No Cameras Will Be Allowed



# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders





Raja™ SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਪੰਜਾਬ ਅਤੇ ਸਿੱਖੀ ਨੂੰ ਦਰਪੇਸ਼ ਮਸਲਿਆਂ ਦੇ ਮੱਦੇਨਜ਼ਰ ਸਿੱਖ ਪੱਤਰਕਾਰ ਮੰਚ ਉਸਾਰਨ ਦੀ ਲੋੜ ਉੱਤੇ ਜ਼ੋਰ

## ਮੌਜੂਦਾ ਪੰਜਾਬ ਦੇ ਹਾਲਾਤ ਇਤਿਹਾਸ ਵਿਚਲੇ ਪੰਜਾਬ ਤੋਂ ਬਿਲਕੁਲ ਉਲਟ : ਪੱਤਰਕਾਰ ਸੁਰਿੰਦਰ ਸਿੰਘ




**ਯੂਨੀਅਨ ਸਿਟੀ (ਬੇਅ ਏਰੀਆ)/ਬਿਊਰੋ ਨਿਊਜ਼:** ਪੰਜਾਬੀ ਪੱਤਰਕਾਰਾਂ ਨੂੰ ਸਿੱਖ ਮਸਲਿਆਂ ਸਬੰਧੀ ਗੰਭੀਰਤਾ ਵਾਲੀ ਪਹੁੰਚ ਅਪਨਾਉਣ ਲਈ ਪ੍ਰੇਰਿਤ ਕਰਨ ਸਿੱਖ ਪੱਤਰਕਾਰ ਮੰਚ ਉਸਾਰਨ ਖ਼ਾਸ ਪਰਵਾਸੀ ਪੰਜਾਬੀ ਪੱਤਰਕਾਰੀ ਦਾ ਰੁਝਾਣ ਉਸਾਰੂ ਪੱਤਰਕਾਰਤਾ ਵਲ ਕੇਂਦਰਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਸਬੰਧ ਵਿੱਚ ਜਿੱਥੇ ਵੱਕਾਰੀ ਸਿੱਖ ਮੀਡੀਆ ਅਦਾਰੇ ਖ਼ਾਸ ਕਰ ਅਖ਼ਬਾਰਾਂ ਤੇ ਟੀਵੀ ਚੈਨਲਾਂ ਕਾਇਮ ਕਰਨੇ ਚਾਹੀਦੇ ਹਨ ਉੱਥੇ ਸਿਆਸੀ ਤੇ ਧਾਰਮਿਕ ਆਗੂਆਂ ਦੇ ਨਾਲ ਨਾਲ ਪੱਤਰਕਾਰਾਂ ਨੂੰ ਵੀ ਅਪਣੀ ਭਰੋਸੇਯੋਗਤਾ ਵੀ ਕਾਇਮ ਕਰਨੀ ਹੋਵੇਗੀ। ਇਸ ਤਰ੍ਹਾਂ ਦੇ ਵਿਚਾਰ ਪੰਜਾਬ ਦੇ ਸੀਨੀਅਰ









ਪੱਤਰਕਾਰ, ਡੇਅ ਐਂਡ ਨਾਈਟ ਚੈਨਲ ਦੇ ਸਾਬਕਾ ਨਿਊਜ਼ ਐਂਕਰ ਅਤੇ ਅੱਜ ਕਲ੍ਹ ਟਾਕਿੰਗ ਪੰਜਾਬ ਵਾਲੇ ਸੁਰਿੰਦਰ ਸਿੰਘ ਦੀ ਕੈਲੀਫੋਰਨੀਆਂ ਫੇਰੀ ਦੌਰਾਨ ਵੱਖ ਵੱਖ ਸਮਾਗਮਾਂ ਅਤੇ ਮਿਲਣੀਆਂ ਦੌਰਾਨ ਹੋਏ ਵਿਚਾਰ ਵਟਾਂਦਰੇ ਦੌਰਾਨ ਉੱਭਰ ਕੇ ਸਾਹਮਣੇ ਆਏ। ਇਨ੍ਹਾਂ ਮੌਕਿਆਂ ਉੱਤੇ ਸਥਾਨਕ ਸਿੱਖ ਆਗੂਆਂ ਨੇ ਭਖਵੇਂ ਮਸਲਿਆਂ ਬਾਰੇ ਅਹਿਮ ਸਰੋਤਿਆਂ ਨਾਲ ਸਾਂਝੇ ਕੀਤੇ। ਇਨ੍ਹਾਂ ਵਿਚਾਰ ਗੋਸ਼ਟੀਆਂ ਦੌਰਾਨ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਕਿ ਪਿਛਲੇ ਵਰ੍ਹਿਆਂ ਦੌਰਾਨ ਸਿੱਖ ਧਾਰਮਿਕ ਸੰਸਥਾਵਾਂ ਅਤੇ ਸਿਆਸੀ ਜਥੇਬੰਦੀਆਂ ਨੇ ਸਿੱਖ ਮਸਲਿਆਂ ਦੇ ਹੱਲ ਲਈ ਪਹਿਰਾ ਦੇਣ ਦੀ ਥਾਂ ਸਰਕਾਰ ਅਤੇ ਸੱਤਾਧਾਰੀਆਂ ਦੀ ਬੋਲੀ ਬੋਲੀ ਅਤੇ ਉਨ੍ਹਾਂ ਦੇ ਹਿੱਤਾਂ ਅਨੁਸਾਰ ਕੰਮ ਕੀਤਾ ਹੈ। ਖ਼ਾਸ ਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰੋਲ ਸਿੱਖ ਮਸਲਿਆਂ ਬਾਰੇ ਪਹੁੰਚ ਚਿੰਤਾਜਨਕ ਚਲੀ ਆ ਰਹੀ ਹੈ।

**ਵਿਸ਼ੇਸ਼ ਵਿਚਾਰ ਗੋਸ਼ਟੀ 'ਚ ਪੰਜਾਬ ਮਸਲੇ ਵਿਚਾਰੇ**

ਮੌਜੂਦਾ ਪੰਜਾਬ ਦੇ ਹਾਲਾਤਾਂ ਤੇ ਗੰਭੀਰ ਵਿਚਾਰ ਚਰਚਾ ਕਰਨ ਲਈ ਪੰਜਾਬ ਤੋਂ ਆਏ ਵਿਸ਼ੇਸ਼ ਮਹਿਮਾਨ ਸਰਦਾਰ

ਬਾਕੀ ਸਫ਼ਾ 33 'ਤੇ

# ਸ਼੍ਰੋਮਣੀ ਕਮੇਟੀ ਨੂੰ ਸੱਤਧਾਰੀਆਂ ਦੀ ਜਕੜ ਤੋਂ ਮੁਕਤ ਕਰਵਾਏ ਬਿਨਾਂ ਸਿੱਖਾਂ ਦਾ ਭਲਾ ਨਹੀਂ

## ਕੌਮਾਂਤਰੀ ਪੱਧਰ ਦਾ ਟੀ.ਵੀ ਚੈਨਲ ਛੇਤੀ ਸ਼ੁਰੂ ਹੋਵੇਗਾ : ਸੁਰਿੰਦਰ ਸਿੰਘ

**ਫਰੀਮੌਂਟ/ਬਿਊਰੋ ਨਿਊਜ਼:** ਸਿੱਖ ਸੰਘਰਸ਼ ਨਾਲ ਜੁੜੇ ਰਹੇ ਸਰਗਰਮ ਪੱਤਰਕਾਰ ਅਤੇ ਟਾਕਿੰਗ ਪੰਜਾਬ ਦੇ ਮੋਹਰੀ ਸੁਰਿੰਦਰ ਸਿੰਘ ਦਾ ਕਹਿਣਾ ਹੈ ਕਿ ਜਦੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੱਤਧਾਰੀਆਂ ਖ਼ਾਸ ਕਰ ਅਕਾਲੀ ਦਲ (ਬਾਦਲ) ਉੱਤੇ ਕਾਬਜ਼ ਬਾਦਲ ਪਰਿਵਾਰ ਦੇ ਹੱਥਾਂ ਵਿਚੋਂ ਨਹੀਂ ਕੱਢਿਆ ਜਾਂਦਾ ਓਦੋਂ ਤੱਕ ਇਸ ਕੋਲੋਂ ਸਿੱਖਾਂ ਦੇ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਸਿੱਖਾਂ ਦੇ ਭਲੇ ਲਈ ਜਰੂਰੀ ਹੈ ਕਿ ਇਸ ਦਾ ਪ੍ਰਬੰਧ ਆਮ ਸਿੱਖਾਂ ਦੇ ਹੱਥਾਂ ਵਿਚ ਆਵੇ। ਉਨ੍ਹਾਂ ਇਹ ਗੱਲ ਇੰਟਰਨੈਸ਼ਨਲ ਸਿੱਖ ਸਹਿਤ ਸਭਾ ਵੱਲੋਂ ਉਨ੍ਹਾਂ ਦੇ ਸਨਮਾਨ ਵਿਚ ਕਰਵਾਏ ਡਿਨਰ ਸਮਾਗਮ ਵਿੱਚ ਬੋਲਦਿਆਂ ਕਹੀ। ਟੇਸਟ ਆਫ ਇੰਡੀਆ ਰੈਸਟੋਰੈਂਟ ਫਰੀਮਾਂਟ ਵਿਚ ਹੋਏ ਇਸ ਡਿਨਰ ਸਮਾਗਮ ਵਿਚ ਬਹੁਤ ਹੀ ਥੋੜ੍ਹੇ ਸਮੇਂ 'ਤੇ ਦਿੱਤੇ ਗਏ ਸੱਦੇ ਦੇ ਬਾਵਜੂਦ 40 ਤੋਂ ਵਧ ਅਹਿਮ ਸਖਸ਼ੀਅਤਾਂ ਪੁੱਜੀਆਂ। ਸੁਰਿੰਦਰ ਸਿੰਘ ਨੇ ਇਸ ਮੌਕੇ ਅਹਿਮ ਐਲਾਨ ਕਰਦਿਆਂ ਕਿਹਾ ਕਿ ਬਹੁਤ ਛੇਤੀ ਇਕ ਕੌਮਾਂਤਰੀ ਪੱਧਰ ਦਾ ਹਾਈ



ਕੁਆਲਿਟੀ ਟੀ.ਵੀ ਚੈਨਲ ਸ਼ੁਰੂ ਕੀਤਾ ਜਾਵੇਗਾ ਤਾਂ ਜੋ ਸਿੱਖਾਂ ਦੀ ਆਵਾਜ਼ ਕਾਰਗਰ ਢੰਗ ਨਾਲ ਉਠਾਈ ਜਾ ਸਕੇ। ਉਨ੍ਹਾਂ ਨੇ ਆਪਣੇ 20 ਸਾਲਾਂ ਦੇ ਕੌਮੀ ਸੰਘਰਸ਼ ਦਾ ਜ਼ਿਕਰ ਵੀ ਕੀਤਾ। ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫੀ ਮਸਲੇ ਦਾ ਹੱਲ ਨਹੀਂ ਹੈ। ਅਸਲ ਵਿਚ ਫਸਲਾਂ ਦੇ ਵਧੀਆ ਭਾਅ ਦੇ ਕੇ ਖੇਤੀਬਾੜੀ ਨੂੰ ਲਾਹਵੰਦ ਬਣਾਇਆ ਜਾਣਾ ਚਾਹੀਦਾ ਹੈ। ਹੋਰ ਬੁਲਾਰਿਆਂ ਨੇ ਵੀ ਪੰਜਾਬ ਦੇ ਦਰਦ ਦੀ ਗੱਲ ਕੀਤੀ।

ਸਮਾਗਮ ਵਿਚ ਦਲ ਖਾਲਸਾ, ਅਮੈਰੀਕਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਘਨ੍ਹਈਆ ਸੇਵਾ ਸੁਸਾਇਟੀ, ਇੰਟਰਨੈਸ਼ਨਲ ਗਦਰ ਮੈਮੋਰੀਅਲ ਟਰੱਸਟ ਤੇ ਸਾਂਝੀ ਸੋਚ ਅਖ਼ਬਾਰ ਦੇ ਪ੍ਰਤੀਨਿੱਧ ਹਾਜਰ ਸਨ।






PANNU'S
LEGAL SERVICES
G.S. Pannu
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu
(Owner)
VISA IN ONE DAY
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd. FREMONT CA-94538
3810 Eau Claire Ave, Ceres, MODESTO/CERES CA-95307
220 Bush St/Montgomery St, #445 SAN FRANCISCO (OPPOSITE INDIA VISA CENTER)




Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345




GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


$20 Off For Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT $259*
REGULAR RETAIL $324
ROADMASTER TIRES
TRAILER TIRES STARTING AT $289*
REGULAR RETAIL $354
KELLY TIRES
TRAILER TIRES STARTING AT $359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# SAVE $2500
## ON DIESEL PER TRUCK WITH ONE CALL!



# 10¢




# DISCOUNT PER GALLON

✓ No more Pre-Paid Cards ✓ Get Rid of Bank Wires ✓ Low Transaction Fee







TRANS-ALLIANCE
TOGETHER WE SAVE

**(855) 641-6955 • (888) 795-7035**
sales@trans-alliance.com • www.trans-alliance.com

# 'ਆਮ ਆਦਮੀ ਪਾਰਟੀ ਲੋਕ ਹਿੱਤਾਂ ਦੀ ਪਹਿਰੇਦਾਰ ਬਣੇਗੀ'

## • ਪੰਜਾਬ ਵਿਧਾਨ ਸਭਾ 'ਚ ਉਠਾਵਾਂਗੇ ਕਿਸਾਨਾਂ ਦੀਆਂ ਖੁਦਕੁਸ਼ੀਆਂ, ਨਸ਼ੇ, ਭ੍ਰਿਸ਼ਟਾਚਾਰ ਦੇ ਮੱਦੇ : ਖਹਿਰਾ

**ਜਲੰਧਰ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ ਨੇ ਹਮੇਸ਼ਾ ਉਸਾਰੂ ਅਤੇ ਲੋਕ ਪੱਖੀ ਸਿਆਸਤ ਨੂੰ ਤਰਜ਼ੀਹ ਦਿੱਤੀ ਹੈ ਤੇ ਅੱਗੇ ਤੋਂ ਵੀ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਪਾਰਟੀ ਲੋਕ ਹਿੱਤਾਂ ਦੀ ਡੱਟ ਕੇ ਪਹਿਰੇਦਾਰੀ ਕਰੇਗੀ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭੁਲੱਥ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਤੇ ਜਸਪਾਲ ਸਿੰਘ ਨਾਲ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਕੀਤਾ ।

ਉਨ੍ਹਾਂ ਕਿਹਾ ਕਿ ਵਿਧਾਨ ਸਭਾ 'ਚ 'ਆਪ' ਇਕ ਤਾਕਤਵਰ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਂਦੇ ਹੋਏ, ਜਿੱਥੇ ਸਰਕਾਰ ਵਲੋਂ ਲੋਕ ਹਿੱਤਾਂ 'ਚ ਲਏ ਜਾਣ ਵਾਲੇ ਫ਼ੈਸਲਿਆਂ ਦਾ ਸਮਰਥਨ ਕਰੇਗੀ ਤੇ ਸਮੇਂ-ਸਮੇਂ 'ਤੇ ਸਰਕਾਰ ਨੂੰ ਉਸਾਰੂ ਤੇ ਲੋਕ ਪੱਖੀ ਸੁਝਾਅ ਵੀ ਦਿੱਤੇ ਜਾਣਗੇ, ਉੱਥੇ ਲੋਕ ਵਿਰੋਧੀ ਫ਼ੈਸਲਿਆਂ ਖ਼ਲਾਫ਼ ਸਰਕਾਰ ਦੀ ਵਿਰੋਧਤਾ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ ।

**ਵਿਧਾਨ ਸਭਾ ਦੀ ਕਾਰਵਾਈ ਦਾ ਸਿੱਧਾ ਪ੍ਰਸਾਰਣ ਹੋਵੇ**

ਪਿਛਲੇ ਬਜਟ ਸੈਸ਼ਨ 'ਚ ਹੋਏ ਹੰਗਾਮੇ ਨੂੰ ਸੂਬੇ ਦੀ ਸਿਆਸਤ ਅਤੇ ਸਦਨ ਦੀ ਮਰਿਆਦਾ ਲਈ ਮੰਦਭਾਗਾ ਦੱਸਦੇ ਹੋਏ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਅਸਲ ਵਿਚ ਸੱਤਾਧਾਰੀ ਧਿਰ ਵਲੋਂ ਸਦਨ 'ਚ ਵਿਰੋਧੀ ਧਿਰ ਨੂੰ ਲੋੜੀਂਦਾ ਸਮਾਂ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਵਿਰੋਧੀ ਪਾਰਟੀ ਦੇ ਆਗੂ ਆਪਣੀ ਗੱਲ ਲੋਕਾਂ ਸਾਹਮਣੇ ਨਹੀਂ ਰੱਖ ਪਾਉਂਦੇ । ਉਨ੍ਹਾਂ ਲੋਕ ਸਭਾ ਤੇ ਰਾਜ ਸਭਾ ਵਾਂਗ ਵਿਧਾਨ ਸਭਾ ਦੀ ਕਾਰਵਾਈ ਦਾ ਵੀ ਦੂਰਦਰਸ਼ਨ 'ਤੇ ਸਿੱਧਾ ਪ੍ਰਸਾਰਣ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਅਜਿਹਾ ਹੋਣ ਨਾਲ ਹੀ 50 ਫ਼ੀਸਦੀ ਮਸਲਾ ਤਾਂ ਤੁਰੰਤ ਹੱਲ ਹੋ ਜਾਵੇਗਾ ।



**ਕਾਂਗਰਸ ਸਰਕਾਰ ਦੀ ਨਿਰਾਸ਼ਾਜਨਕ**

ਕਾਂਗਰਸ ਸਰਕਾਰ ਦੀ ਪਿਛਲੇ ਕਰੀਬ 4 ਮਹੀਨਿਆਂ ਦੀ ਕਾਰਗੁਜ਼ਾਰੀ ਨੂੰ ਨਿਰਾਸ਼ਾਜਨਕ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਕਾਂਗਰਸ ਸੱਤਾ ਵਿਚ ਆਈ ਸੀ, ਅੱਜ ਉਨ੍ਹਾਂ ਮੁੱਦਿਆਂ ਤੋਂ ਪੂਰੀ ਤਰ੍ਹਾਂ ਨਾਲ ਪਿੱਛੇ ਹਟ ਗਈ ਹੈ । ਉਨ੍ਹਾਂ ਕਿਹਾ ਕਿ ਅਸਲ ਵਿਚ ਦੇਖਿਆ ਜਾਵੇ ਤਾਂ ਸੱਤਾ ਦੇ ਗਲਿਆਰਿਆਂ 'ਚ ਕੇਵਲ ਪੱਗਾਂ ਤੇ ਝੰਡਿਆਂ ਦੇ ਰੰਗ ਹੀ ਬਦਲੇ ਹਨ, ਜਦਕਿ ਸੱਤਾਧਾਰੀ ਕਾਂਗਰਸ ਦੀ ਨੀਤੀ ਤੇ ਨੀਅਤ ਪਿਛਲੀ ਸਰਕਾਰ ਵਾਲੀ ਹੀ ਹੈ ।

ਸੱਤਾਧਾਰੀ ਧਿਰ 'ਤੇ ਵਾਅਦਿਆਂ ਤੋਂ ਭੱਜਣ ਤੇ ਖਾਸਕਰ ਭ੍ਰਿਸ਼ਟਾਚਾਰ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਆਪਣੇ ਕੀਤੇ ਐਲਾਨ ਤੋਂ ਪਿੱਛੇ ਹਟਣ ਦਾ ਦੋਸ਼ ਲਗਾਉਂਦੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕਦੇ ਲੋਕ ਸੇਵਾ ਰਹੀ ਸਿਆਸਤ ਅੱਜ ਇਕ ਧੰਦਾ ਬਣ ਕੇ ਰਹਿ ਗਈ

ਬਾਕੀ ਸਫ਼ਾ 32 'ਤੇ

# ਔਰਤ ਨਾਲ ਬਦਸਲੂਕੀ ਦੇ ਦੋਸ਼ ਹੇਠ 'ਆਪ' ਵਿਧਾਇਕ ਅਮਰਜੀਤ ਸਿੰਘ ਸੰਦੋਆ ਖ਼ਿਲਾਫ਼ ਕੇਸ

## ਸੰਦੋਆ ਵਲੋਂ ਦੋਸ਼ ਬੇਬੁਨਿਆਦ ਕਰਾਰ



ਵਿਧਾਇਕ ਅਮਰਜੀਤ ਸਿੰਘ ਸੰਦੋਆ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

**ਰੂਪਨਗਰ/ਬਿਊਰੋ ਨਿਊਜ਼ :** ਇੱਥੋਂ ਦੀ ਪੁਲੀਸ ਨੇ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਖ਼ਿਲਾਫ਼ ਔਰਤ ਨਾਲ ਬਦਸਲੂਕੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਰੂਪਨਗਰ ਸਿਟੀ ਪੁਲੀਸ ਕੋਲ ਬਿਆਨ ਦਰਜ ਕਰਾਉਂਦਿਆਂ ਇੱਕ ਔਰਤ ਨੇ ਦੱਸਿਆ ਕਿ ਉਹ ਮੁਹਾਲੀ ਵਿੱਚ ਰਹਿ ਰਹੀ ਹੈ। ਉਸ ਨੇ ਅਕਤੂਬਰ 2016 ਵਿੱਚ ਅਮਰਜੀਤ ਸਿੰਘ ਸੰਦੋਆ ਨੂੰ ਰੂਪਨਗਰ ਦੇ ਗਿਆਨੀ ਜ਼ੈਲ ਸਿੰਘ ਨਗਰ ਵਿੱਚ ਆਪਣੀ ਕੋਠੀ ਕਿਰਾਏ 'ਤੇ ਦਿੱਤੀ ਸੀ। ਸ੍ਰੀ ਸੰਦੋਆ ਨੇ ਮਈ 2017 ਨੂੰ ਕੋਠੀ ਛੱਡ ਦਿੱਤੀ ਪਰ ਅਪ੍ਰੈਲ ਦਾ ਕਿਰਾਇਆ ਤੇ ਬਿਜਲੀ-ਪਾਣੀ ਦਾ ਬਿੱਲ ਨਹੀਂ ਦਿੱਤਾ। ਉਹ 28 ਜੁਲਾਈ ਨੂੰ ਆਪਣੇ ਰਿਸ਼ਤੇਦਾਰ ਨਾਲ ਸ੍ਰੀ ਸੰਦੋਆ ਦੀ ਰਿਹਾਇਸ਼ 'ਤੇ ਗਈ ਪਰ ਉਹ ਘਰ ਨਹੀਂ ਸਨ। ਇਸ ਤੋਂ ਬਾਅਦ ਸ਼ਾਮ ਕਰੀਬ 7 ਵਜੇ ਉਹ ਸ੍ਰੀ ਸੰਦੋਆ ਦੇ ਘਰ ਗਏ।

ਔਰਤ ਨੇ ਦੋਸ਼ ਲਾਇਆ ਕਿ ਜਦੋਂ ਉਸ ਨੇ ਸ੍ਰੀ ਸੰਦੋਆ ਤੋਂ ਕਿਰਾਇਆ ਮੰਗਿਆ ਤਾਂ ਉਨ੍ਹਾਂ ਗ਼ਲਤ ਸ਼ਬਦਾਵਲੀ ਵਰਤੀ ਅਤੇ ਗਾਲ੍ਹਾਂ ਕੱਢੀਆਂ। ਇਸ ਮਗਰੋਂ ਉਸ ਨੂੰ ਧੱਕਾ ਮਾਰਿਆ, ਜਿਸ ਕਾਰਨ ਉਹ ਡਿੱਗ ਪਈ। ਰੂਪਨਗਰ ਸਿਟੀ ਪੁਲੀਸ ਨੇ ਔਰਤ ਦੇ ਬਿਆਨਾਂ 'ਤੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਉਧਰ, ਵਿਧਾਇਕ ਸੰਦੋਆ ਨੇ ਦੋਸ਼ਾਂ ਨੂੰ ਬੇਬੁਨਿਆਦ

ਬਾਕੀ ਸਫ਼ਾ 32 'ਤੇ

# ਪੰਜਾਬ ਸਰਕਾਰ ਨੂੰ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ ਰਕਮ ਦਾ ਪ੍ਰਬੰਧ ਖ਼ੁਦ ਕਰਨਾ ਪਵੇਗਾ

## 3600 ਕਰੋੜ ਰੁਪਏ ਦਾ ਕਰਜ਼ਾ ਮਿਲਣ ਦਾ ਰਾਹ ਪੱਧਰਾ, 6000 ਕਰੋੜ ਦਾ ਕਰਨਾ ਪਏਗਾ ਇੰਤਜ਼ਾਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤੀ ਰਿਜ਼ਰਵ ਬੈਂਕ ਅਤੇ ਨਾਬਾਰਡ ਨੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦਾ ਦੋ ਲੱਖ ਤੱਕ ਸਹਿਕਾਰੀ ਬੈਂਕਾਂ ਦਾ ਕਰਜ਼ਾ ਮੁਆਫ਼ ਕਰਨ ਦੀ ਯੋਜਨਾ ਨੂੰ ਸਹਿਮਤੀ ਤਾਂ ਦੇ ਦਿੱਤੀ ਹੈ ਪਰ ਕਰਜ਼ਾ ਮੁਆਫੀ ਲਈ ਪੈਸਾ ਦੇਣ ਦਾ ਬੰਦੋਬਸਤ ਪੰਜਾਬ ਸਰਕਾਰ ਨੂੰ ਖੁਦ ਹੀ ਕਰਨਾ ਪਵੇਗਾ। ਪੰਜਾਬ ਸਰਕਾਰ ਨੂੰ 3600 ਕਰੋੜ ਰੁਪਏ ਦਾ ਕਰਜ਼ਾ ਮਿਲਣ ਦਾ ਰਾਹ ਪੱਧਰਾ ਹੋ ਚੁੱਕਾ ਹੈ, ਪਰ ਇਸ ਨੂੰ 6000 ਕਰੋੜ ਰੁਪਏ ਦਾ ਹੋਰ ਪ੍ਰਬੰਧ ਕਰਨਾ ਪਵੇਗਾ।

ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਮੁੰਬਈ ਵਿੱਚ ਭਾਰਤੀ ਰਿਜ਼ਰਵ ਬੈਂਕ ਅਤੇ ਨਾਬਾਰਡ ਦੇ ਸੀਨੀਅਰ ਅਧਿਕਾਰੀਆਂ ਨਾਲ ਉਨ੍ਹਾਂ ਦੀ ਮੀਟਿੰਗ ਲਾਹੇਵੰਦ ਰਹੀ ਹੈ ਤੇ ਰਾਜ ਸਰਕਾਰ ਕਿਸਾਨਾਂ ਦੇ ਦੋ ਲੱਖ ਰੁਪਏ ਤੱਕ ਕਰਜ਼ੇ ਨੂੰ ਮੁਆਫ਼ ਕਰਨ ਲਈ ਜਲਦੀ ਅਮਲੀ ਕਾਰਵਾਈ ਕਰੇਗੀ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕਰਜ਼ਾ ਮੁਆਫੀ ਦਾ ਸਾਰਾ ਪ੍ਰਬੰਧ ਸਾਨੂੰ ਹੀ ਕਰਨਾ ਪੈਣਾ ਹੈ ਤੇ ਇਸ ਵਿੱਚ ਕਿਸੇ ਨੇ ਕੁਝ ਨਹੀਂ ਕਰਨਾ। ਉਨ੍ਹਾਂ ਦਾ ਇਸ਼ਾਰਾ ਕੇਂਦਰ ਸਰਕਾਰ ਵੱਲ ਸੀ। ਦੋਵੇਂ ਮੰਤਰੀ ਕਾਂਗਰਸ ਪਾਰਟੀ ਦੀਆਂ ਜਥੇਬੰਦਕ ਚੋਣਾਂ ਸਬੰਧੀ ਵਿਧਾਇਕਾਂ ਦੀ ਅੱਜ ਕਾਂਗਰਸ ਭਵਨ ਵਿੱਚ ਸੱਦੀ ਮੀਟਿੰਗ ਵਿਚ ਹਿੱਸਾ ਲੈਣ ਆਏ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਨੈਸ਼ਨਲ ਕੋਆਪ੍ਰੇਟਿਵ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਪੰਜਾਬ ਸਰਕਾਰ ਨੂੰ 3600 ਕਰੋੜ ਰੁਪਏ ਦਾ ਕਰਜ਼ਾ ਮਨਜ਼ੂਰ ਕਰ ਦਿੱਤਾ ਹੈ ਤੇ ਰਾਜ ਸਰਕਾਰ ਇਹ ਕਰਜ਼ਾ ਨਾਬਾਰਡ ਨੂੰ ਦੇਵੇਗੀ ਤਾਂ ਜੋ ਸਹਿਕਾਰੀ ਬੈਂਕਾਂ ਵੱਲੋਂ ਕਰਜ਼ਾ ਦੇਣ ਦਾ ਕੰਮ ਚਲਦਾ ਰੱਖਿਆ ਜਾ ਸਕੇ। ਰਾਜ ਸਰਕਾਰ ਨੇ ਕਿਸਾਨਾਂ ਦਾ ਕੁੱਲ 9600 ਕਰੋੜ ਦਾ ਕਰਜ਼ਾ ਮੁਆਫ ਕਰਨਾ ਹੈ ਤੇ ਇਸ ਲਈ ਹੁਣ ਇਸ ਨੂੰ 6000 ਕਰੋੜ ਰੁਪਏ ਦਾ ਹੋਰ ਇੰਤਜ਼ਾਮ ਕਰਨਾ ਪਵੇਗਾ। ਰਾਜ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬੈਂਕਾਂ ਨੂੰ ਸਬੰਧਤ ਕਿਸਾਨਾਂ ਦਾ ਕਰਜ਼ਾ ਦੱਸਣ ਲਈ ਸਹਿਮਤੀ ਪੱਤਰਾਂ 'ਤੇ ਦਸਤਖਤ ਕਰਵਾਉਣੇ ਹੋਣਗੇ। ਤਕਰੀਬਨ ਸਵਾ ਦੱਸ ਲੱਖ ਕਿਸਾਨਾਂ ਦੀ ਸਹਿਮਤੀ ਲੈਣ ਦਾ ਕੰਮ ਕਾਫੀ ਵੱਡਾ ਹੈ ਤੇ ਇਸ ਵਿਚ ਕੁਝ ਸਮਾਂ ਲੱਗ ਜਾਵੇਗਾ। ਦੂਜੇ ਪਾਸੇ ਅਜੇ ਕਰਜ਼ਾ ਮੁਆਫੀ ਬਾਰੇ ਡਾ. ਟੀ ਹੱਕ ਦੀ ਅਗਵਾਈ ਹੇਠ ਬਣੀ ਕਮੇਟੀ ਦੀ ਰਿਪੋਰਟ ਵੀ ਅਜੇ ਆਉਣੀ ਹੈ। ਭਾਰਤੀ ਰਿਜ਼ਰਵ ਬੈਂਕ ਦੇ ਅਧਿਕਾਰੀਆਂ ਨੇ ਪੰਜਾਬ ਦੇ ਵਫਦ ਨੂੰ ਭਰੋਸਾ ਦਿੱਤਾ ਹੈ ਕਿ ਕਰਜ਼ਾ ਮੁਆਫੀ ਦੇ ਚੱਕਰ ਵਿੱਚ ਜਿਹੜੇ ਕਿਸਾਨ ਫਸਲੀ ਕਰਜ਼ੇ ਦੀਆਂ ਕਿਸ਼ਤਾਂ ਅਦਾ ਕਰਨ ਵਿਚ ਪੱਛੜ ਗਏ ਹਨ, ਉਨ੍ਹਾਂ ਦੇ ਫਸਲੀ ਕਰਜ਼ੇ ਨੂੰ ਡੁੱਬੇ ਕਰਜ਼ਾ ਨਹੀਂ ਐਲਾਨਿਆ ਜਾਵੇ। ਇਸ ਸਹਿਮਤੀ ਦਾ ਕਿਸਾਨਾਂ ਨੂੰ ਕਾਫੀ ਫਾਇਦਾ ਹੋਵੇਗਾ ਤੇ ਉਨ੍ਹਾਂ ਨੂੰ ਚਾਰ ਫੀਸਦੀ ਵਿਆਜ਼ ਦਰ 'ਤੇ ਪੈਸਾ ਮਿਲਦਾ ਰਹੇਗਾ।

# ਰੇਤ ਖੱਡਾਂ ਦੀ ਨਿਲਾਮੀ ਦੇ ਸਬੰਧ 'ਚ ਜਸਟਿਸ ਨਾਰੰਗ ਨੇ 'ਆਪ' ਵਫਦ ਨੂੰ ਬੇਰੰਗ ਮੋੜਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਰੇਤ ਦੀਆਂ ਖੱਡਾਂ ਦੀ ਨਿਲਾਮੀ ਵਿਚ ਹੋਏ ਕਥਿਤ ਘਪਲੇ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਜਸਟਿਸ ਜੇਐੱਸ ਨਾਰੰਗ ਨੇ ਆਮ ਆਦਮੀ ਪਾਰਟੀ ਦੇ ਵਫ਼ਦ ਨੂੰ ਬੇਰੰਗ ਮੋੜ ਦਿੱਤਾ ਹੈ। ਜਸਟਿਸ ਨਾਰੰਗ ਨੇ ਕਥਿਤ ਘਪਲੇ ਨਾਲ ਸਬੰਧਤ ਹੋਰ ਦਸਤਾਵੇਜ਼ ਲੈਣ ਤੋਂ ਨਾਂਹ ਕਰ ਦਿੱਤੀ ਹੈ। ਰੇਤਾ ਦੀਆਂ ਖੱਡਾਂ ਦੀ ਨਿਲਾਮੀ ਘਪਲੇ ਦੀ ਜਾਂਚ ਜਸਟਿਸ ਨਾਰੰਗ ਕਮਿਸ਼ਨ ਨੂੰ ਦਿੱਤੀ ਗਈ ਹੈ ਅਤੇ 'ਆਪ' ਦਾ ਵਫਦ ਕਮਿਸ਼ਨ ਨੂੰ ਇਸ ਜਾਂਚ ਨਾਲ ਸਬੰਧਤ ਦਸਤਾਵੇਜ਼ ਦੇਣ ਲਈ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ 'ਆਪ' ਦੇ ਸੀਨੀਅਰ ਨੇਤਾ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਜਸਟਿਸ ਨਾਰੰਗ ਤੋਂ ਮਿਲਣ ਲਈ ਸਮਾਂ ਲਿਆ ਸੀ ਅਤੇ ਕੈਬਨਿਟ ਮੰਤਰਾ ਰਾਣਾ ਗੁਰਜੀਤ ਸਿੰਘ ਦੀ ਘਪਲੇ 'ਚ ਕਥਿਤ ਸ਼ਮੂਲੀਅਤ ਨਾਲ ਸਬੰਧਤ ਕਾਗ਼ਜ਼ ਦੇਣੇ ਚਾਹੇ ਸਨ। ਸ੍ਰੀ ਖਹਿਰਾ ਨੇ ਇਸ ਮੁਲਾਕਾਤ ਤੋਂ ਬਾਅਦ ਦੱਸਿਆ ਕਿ ਜਸਟਿਸ ਨਾਰੰਗ ਨੇ ਨਿਰਪੱਖ ਜਾਂਚ ਦਾ ਭਰੋਸਾ ਤਾਂ ਦਿੱਤਾ ਹੈ ਪਰ ਉਨ੍ਹਾਂ ਵੱਲੋਂ ਦਿੱਤੇ ਗਏ ਕਾਗ਼ਜ਼ਾਤ ਰਿਕਾਰਡ 'ਤੇ ਲਿਆਉਣ ਤੋਂ ਨਾਂਹ ਕਰ ਦਿੱਤੀ ਹੈ। ਸ੍ਰੀ ਖਹਿਰਾ ਨੇ ਕਿਹਾ ਹੈ ਕਿ ਨਿਰਪੱਖ ਜਾਂਚ ਨਾ ਹੋਣ ਦੀ ਸੂਰਤ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜ੍ਹਕਾਇਆ ਜਾਵੇਗਾ। ਦੂਜੇ ਪਾਸੇ ਸੂਤਰਾਂ ਦਾ ਦੱਸਣਾ ਹੈ ਕਿ ਰਾਣਾ ਗੁਰਜੀਤ ਦੇ ਜਿਨ੍ਹਾਂ ਮੁਲਾਜ਼ਮਾਂ ਨੂੰ ਖੱਡਾਂ ਨਿਲਾਮ ਕੀਤੀਆਂ ਗਈਆਂ ਹਨ ਉਨ੍ਹਾਂ ਤੋਂ ਪਹਿਲਾਂ ਹੀ ਪੁੱਛ-ਗਿੱਛ ਹੋ ਚੁੱਕੀ ਹੈ। ਇਸ ਦੇ ਉਲਟ ਮੰਤਰੀ ਰਾਣਾ ਨੇ ਉਨ੍ਹਾਂ ਨੂੰ ਮੁਲਾਜ਼ਮ ਮੰਨਣ ਤੋਂ ਨਾਂਹ ਕੀਤੀ ਹੈ। ਇਸ ਮਾਮਲੇ ਦੀ ਜਾਂਚ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 29 ਮਈ ਨੂੰ ਇੱਕ ਮੈਂਬਰੀ ਜਾਂਚ ਕਮਿਸ਼ਨ ਬਣਾਇਆ ਗਿਆ ਸੀ ਜਿਸ ਦੀ ਮਿਆਦ ਵਿੱਚ ਵਾਧਾ ਵੀ ਕੀਤਾ ਜਾ ਚੁੱਕਾ ਹੈ।



# ਜੇਠਮਲਾਨੀ ਨੇ ਕੇਜਰੀਵਾਲ ਦਾ ਕੇਸ ਲੜਨ ਤੋਂ ਕੀਤਾ ਇਨਕਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦੇਸ਼ ਦੇ ਸਭ ਤੋਂ ਵੱਡੇ ਵਕੀਲਾਂ ਵਿਚੋਂ ਇਕ ਰਾਮ ਜੇਠਮਲਾਨੀ ਹੁਣ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਮਣਹਾਨੀ ਕੇਸ ਨਹੀਂ ਲੜਨਗੇ। ਜੇਠਮਲਾਨੀ ਦਾ ਕਹਿਣਾ ਹੈ ਕਿ ਕੇਜਰੀਵਾਲ ਨੇ ਦਿੱਲੀ ਹਾਈਕੋਰਟ ਵਿਚ ਝੂਠ ਬੋਲਿਆ ਹੈ, ਉਸ ਨੇ ਜੇਤਲੀ ਬਾਰੇ ਬਹੁਤ ਕੁਝ ਕਿਹਾ ਸੀ ਪਰ ਅਦਾਲਤ ਵਿਚ ਇਸ ਤੋਂ ਇਨਕਾਰ ਕਰ ਦਿੱਤਾ, ਇਸ ਲਈ ਹੁਣ ਉਹ ਉਸ ਦਾ ਕੇਸ ਨਹੀਂ ਲੜਨਗੇ। ਇਸ ਦੇ ਨਾਲ ਹੀ ਜੇਠਮਲਾਨੀ ਨੇ ਕਿਹਾ ਕਿ ਉਨ੍ਹਾਂ ਦੀ ਫ਼ੀਸ 2 ਕਰੋੜ ਰੁਪਏ ਹੈ ਪਰ ਜੇਕਰ ਕੇਜਰੀਵਾਲ ਫ਼ੀਸ ਨਹੀਂ ਦੇਵੇਗਾ ਤਾਂ ਵੀ ਕੋਈ ਗੱਲ ਨਹੀਂ ਕਿਉਂਕਿ ਉਨ੍ਹਾਂ ਹਜ਼ਾਰਾਂ ਲੋਕਾਂ ਦੇ ਕੇਸ ਬਿਨਾਂ ਫ਼ੀਸ ਦੇ ਲੜੇ ਹਨ। ਇਕ ਟੀ.ਵੀ. ਚੈਨਲ ਨਾਲ ਗੱਲਬਾਤ ਦੌਰਾਨ ਜੇਠਮਲਾਨੀ ਨੇ ਕੇਜਰੀਵਾਲ 'ਤੇ ਅਰੁਣ ਜੇਤਲੀ ਨਾਲ ਮਿਲੇ ਹੋਣ ਦਾ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ਉਸ ਨੇ ਆਪ ਜਾ ਕੇ ਜੇਤਲੀ ਨਾਲ ਸੈਟਲਮੈਂਟ ਕਰ ਲਈ ਹੈ ਤਾਂ ਕਿ ਉਹ ਕੇਸ ਵਾਪਸ ਲੈ ਲਵੇ। ਜ਼ਿਕਰਯੋਗ ਹੈ ਕਿ ਜੇਤਲੀ ਵੱਲੋਂ ਕੇਜਰੀਵਾਲ ਖ਼ਿਲਾਫ਼ ਕੀਤੇ ਮਾਣਹਾਨੀ ਮਾਮਲੇ ਦੀ ਪੈਰਵਾਈ ਜੇਠਮਲਾਨੀ ਕਰ ਰਹੇ ਸਨ ਤੇ 17 ਮਈ 2017 ਦੀ ਸੁਣਵਾਈ ਦੌਰਾਨ ਕੇਜਰੀਵਾਲ ਵੱਲੋਂ ਦਲੀਲ ਦਿੰਦਿਆਂ ਜੇਠਮਲਾਨੀ ਨੇ ਜੇਤਲੀ ਲਈ 'ਬਦਮਾਸ਼' ਸ਼ਬਦ ਵਰਤਿਆ ਸੀ ਅਤੇ ਜੇਤਲੀ ਨੇ ਉਨ੍ਹਾਂ ਤੋਂ ਪੁੱਛਿਆ ਸੀ ਕਿ ਅਜਿਹੇ ਭੱਦੇ ਸ਼ਬਦ ਦੀ ਵਰਤੋਂ ਉਨ੍ਹਾਂ ਕੇਜਰੀਵਾਲ ਦੇ ਕਹਿਣ 'ਤੇ ਕੀਤੀ ਹੈ ਤਾਂ ਜੇਠਮਲਾਨੀ ਇਸ ਦਾ ਜਵਾਬ ਹਾਂ ਵਿਚ ਦਿੱਤਾ ਸੀ। ਜਦੋਂ ਕਿ 25 ਜੁਲਾਈ ਨੂੰ ਅਦਾਲਤ ਵਿਚ ਸੁਣਵਾਈ ਦੌਰਾਨ ਕੇਜਰੀਵਾਲ ਨੇ ਕਿਹਾ ਹੈ ਕਿ ਉਨ੍ਹਾਂ ਕਦੇ ਵੀ ਆਪਣੇ ਵਕੀਲ (ਜੇਠਮਲਾਨੀ) ਨੂੰ ਜੇਤਲੀ ਖ਼ਿਲਾਫ ਅਪਮਾਨਜਨਕ ਸ਼ਬਦ ਵਰਤਣ ਲਈ ਨਹੀਂ ਕਿਹਾ ਸੀ।



# ਜਵਾਬ ਦਾਖ਼ਲ ਨਾ ਕਰਨ 'ਤੇ ਕੇਜਰੀਵਾਲ ਨੂੰ 10 ਹਜ਼ਾਰ ਰੁਪਏ ਜੁਰਮਾਨਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਮੰਤਰੀ ਅਰੁਣ ਜੇਤਲੀ ਵੱਲੋਂ ਦਾਇਰ ਕੀਤੇ 10 ਕਰੋੜ ਰੁਪਏ ਦੇ ਨਵੇਂ ਮਾਣਹਾਨੀ ਕੇਸ ਵਿੱਚ ਜਵਾਬ ਦਾਖ਼ਲ ਕਰਨ ਵਿੱਚ ਨਾਕਾਮ ਰਹਿਣ ਉਤੇ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਹਾਈ ਕੋਰਟ ਨੇ ਖਰਚੇ ਵਜੋਂ 10 ਹਜ਼ਾਰ ਰੁਪਏ ਜੁਰਮਾਨਾ ਲਗਾਇਆ ਹੈ। ਦਿੱਲੀ ਦੇ ਮੁੱਖ ਮੰਤਰੀ ਦੇ ਵਕੀਲ ਰਾਮ ਜੇਠਮਲਾਨੀ ਵੱਲੋਂ ਕਥਿਤ ਤੌਰ 'ਤੇ ਇਤਰਾਜ਼ਯੋਗ ਸ਼ਬਦ ਵਰਤੇ ਜਾਣ ਉਤੇ ਸ੍ਰੀ ਜੇਤਲੀ ਨੇ ਇਹ ਕੇਸ ਠੋਕਿਆ ਸੀ। ਜੁਆਇੰਟ ਰਜਿਸਟਰਾਰ ਪੰਕਜ ਗੁਪਤਾ ਨੇ ਜਵਾਬ ਦਾਖ਼ਲ ਕਰਨ ਲਈ ਦੋ ਹਫ਼ਤੇ ਹੋਰ ਦਿੰਦਿਆਂ ਮੁੱਖ ਮੰਤਰੀ ਨੂੰ ਖਰਚ ਅਦਾ ਕਰਨ ਦਾ ਹੁਕਮ ਦਿੱਤਾ ਹੈ। ਹਾਈ ਕੋਰਟ ਨੇ 23 ਮਈ ਨੂੰ ਕੇਜਰੀਵਾਲ ਤੋਂ ਜਵਾਬ ਮੰਗਿਆ ਸੀ ਕਿ ਕਿਉਂ ਨਾ ਉਸ ਖ਼ਿਲਾਫ਼ ਮਾਣਹਾਣੀ ਮੁਕੱਦਮਾ ਚਲਾਇਆ ਜਾਵੇ। ਸ੍ਰੀ ਕੇਜਰੀਵਾਲ ਦੇ ਵਕੀਲ ਰਿਸ਼ੀਕੇਸ਼ ਕੁਮਾਰ ਨੇ ਜਵਾਬ ਦਾਖ਼ਲ ਕਰਨ ਲਈ ਹੋਰ ਸਮਾਂ ਮੰਗਿਆ, ਜਿਸ ਦਾ ਕੇਂਦਰੀ ਮੰਤਰੀ ਦੇ ਵਕੀਲ ਮਾਨਿਕ ਡੋਗਰਾ ਨੇ ਵਿਰੋਧ ਕੀਤਾ। ਦੱਸਣਯੋਗ ਹੈ ਕਿ ਸ੍ਰੀ ਜੇਤਲੀ ਨੇ ਆਮ ਆਦਮੀ ਪਾਰਟੀ ਦੇ ਮੁਖੀ ਤੇ ਪੰਜ ਹੋਰ ਆਗੂਆਂ ਰਾਘਵ ਚੱਢਾ, ਕੁਮਾਰ ਵਿਸ਼ਵਾਸ, ਆਸ਼ੂਤੋਸ਼, ਸੰਜੈ ਸਿੰਘ ਤੇ ਦੀਪਕ ਬਾਜਪਾਈ ਖ਼ਿਲਾਫ਼ ਮਾਣਹਾਨੀ ਕੇਸ ਦਰਜ ਕਰਾਇਆ ਸੀ ਅਤੇ ਇਸ 'ਤੇ ਖੁੱਲ੍ਹੀ ਅਦਾਲਤ ਵਿਚ ਸੁਣਵਾਈ ਦੌਰਾਨ ਕੇਜਰੀਵਾਲ ਦੇ ਵਕੀਲ ਰਾਮ ਜੇਠਮਲਾਨੀ ਵੱਲੋਂ ਕਥਿਤ ਤੌਰ 'ਤੇ 'ਮੰਦੇ ਸ਼ਬਦ' ਬੋਲੇ ਜਾਣ ਉਤੇ ਸ੍ਰੀ ਜੇਤਲੀ ਨੇ ਮਾਣਹਾਨੀ ਦਾ ਇਕ ਹੋਰ ਕੇਸ ਠੋਕ ਦਿੱਤਾ ਸੀ।

# ਪੰਜਾਬ ਦੇ ਅਮੀਰ ਵਿਰਸੇ ਅਤੇ ਗੌਰਵਮਈ ਸਿੱਖ ਇਤਿਹਾਸ ਦਾ ਮੇਰੇ 'ਤੇ ਪ੍ਰਭਾਵ ਰਿਹਾ : ਤਨਮਨਜੀਤ ਸਿੰਘ ਢੇਸੀ

**ਜਲੰਧਰ/ਬਿਊਰੋ ਨਿਊਜ਼ :** ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਅਤੇ ਛੋਟੀ ਉਮਰ ਦੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਆਪਣੀ ਸਫ਼ਲਤਾ ਨੂੰ ਪ੍ਰਮਾਤਮਾ ਦੀ ਬਖਸ਼ਿਸ਼ ਦੱਸਦੇ ਹੋਏ ਕਿਹਾ ਕਿ ਉਹ ਲੋਕਾਂ ਵੱਲੋਂ ਮਿਲੇ ਪਿਆਰ ਤੇ ਸਹਿਯੋਗ ਨਾਲ ਹੀ ਅੱਜ ਇਸ ਮੁਕਾਮ 'ਤੇ ਪੁੱਜ ਸਕਿਆ ਹੈ। ਜਲੰਧਰ ਵਿਚ 'ਅਜੀਤ' ਦੇ ਸੀਨੀਅਰ ਪੱਤਰਕਾਰਾਂ ਸਤਨਾਮ ਸਿੰਘ ਮਾਣਕ, ਜਸਪਾਲ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਦੌਰਾਨ ਉਨ੍ਹਾਂ ਕਿਹਾ ਕਿ ਉਸ ਦਾ ਜਨਮ ਬੇਸ਼ੱਕ ਇੰਗਲੈਂਡ ਦੀ ਧਰਤੀ 'ਤੇ ਹੋਇਆ ਪਰ ਆਪਣੇ ਵਤਨ ਨਾਲ ਉਸ ਦੀ ਹਮੇਸ਼ਾ ਡੂੰਘੀ ਸਾਂਝ ਰਹੀ ਹੈ। ਉਸ ਨੇ ਆਪਣੀ ਮੁੱਢਲੀ ਸਿੱਖਿਆ ਪੰਜਾਬ ਤੋਂ ਹਾਸਲ ਕਰਨ ਤੋਂ ਇਲਾਵਾ ਬਿਹਤਰ ਜ਼ਿੰਦਗੀ ਜਿਊਣ ਦਾ ਹੁਨਰ ਵੀ ਪੰਜਾਬ ਦੀ ਧਰਤੀ ਤੋਂ ਹੀ ਸਿੱਖਿਆ ਹੈ। ਲੰਬਾ ਸਮਾਂ ਇੰਗਲੈਂਡ ਵਿਚ ਰਹਿ ਕੇ ਵੀ ਪੰਜਾਬੀ ਸਭਿਆਚਾਰ ਤੇ ਸਿੱਖੀ ਨਾਲ ਜੁੜੇ ਰਹਿਣ ਬਾਰੇ ਤਨਮਨਜੀਤ ਸਿੰਘ

ਬਾਕੀ ਸਫ਼ਾ 32 'ਤੇ



## ਸਿੱਖ ਮਸਲਿਆਂ 'ਤੇ ਕੌਮ ਦੀ ਅਵਾਜ਼ ਬਣਨ ਦਾ ਯਤਨ ਕਰਾਂਗਾ

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ:** ਇੰਗਲੈਂਡ 'ਚ ਪਹਿਲੇ ਸਿੱਖ ਸਾਂਸਦ ਬਣੇ ਤਨਮਨਜੀਤ ਸਿੰਘ ਢੇਸੀ ਦਾ ਮੰਗਲਵਾਰ (1 ਅਗਸਤ) ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਗੁਰਦੁਆਰਾ ਰਕਾਬਗੰਜ ਸਾਹਿਬ ਦੇ ਕਮੇਟੀ ਦਫ਼ਤਰ ਵਿਖੇ ਪੁੱਜੇ ਢੇਸੀ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼ਾਲ, ਕ੍ਰਿਪਾਨ ਅਤੇ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸ. ਢੇਸੀ ਦਾ ਸਨਮਾਨ ਕਰਨ ਵਾਲਿਆਂ 'ਚ ਬਾਦਲ ਦਲ ਦੇ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ,

ਬਾਕੀ ਸਫ਼ਾ 32 'ਤੇ

## ਭਾਰਤ ਸਰਕਾਰ ਸਿੱਖਾਂ ਦੀ ਕਾਲੀ ਸੂਚੀ ਨੂੰ ਛੋਟੀ ਕਰੇ: ਢੇਸੀ

**ਜਲੰਧਰ/ਬਿਊਰੋ ਨਿਊਜ਼:** ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਸਿੱਖ ਐਮ.ਪੀ. ਸ੍ਰੀ ਤਨਮਨਜੀਤ ਸਿੰਘ ਢੇਸੀ ਨੇ ਭਾਰਤ ਸਰਕਾਰ ਤੋਂ ਕਾਲੀ ਸੂਚੀ ਛਾਂਗਣ ਦੀ ਮੰਗ ਕੀਤੀ ਹੈ। ਪੰਜਾਬ ਦੇ ਦੌਰੇ ਉੱਤੇ ਆਏ ਹੋਏ ਸ੍ਰੀ ਢੇਸੀ ਨੇ ਬੀਤੇ ਦਿਨ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆ ਕੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣਾ ਚਾਹੁੰਦੇ ਹਨ ਤੇ ਆਪਣੇ ਪਰਿਵਾਰਾਂ ਨੂੰ ਮਿਲਣਾ ਚਾਹੁੰਦੇ ਹਨ। ਸ੍ਰੀ ਢੇਸੀ ਨੇ ਕਿਹਾ ਕਿ ਸੂਚੀ 'ਚ ਕਾਫੀ ਬੇਕਸੂਰ ਲੋਕਾਂ ਦੇ ਨਾਂ ਵੀ ਹਨ, ਜਿਨ੍ਹਾਂ ਦਾ ਕਿਸੇ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਲਈ ਭਾਰਤ ਸਰਕਾਰ ਨੂੰ ਦਰਿਆਦਿਲੀ ਦਿਖਾਉਣੀ ਚਾਹੀਦੀ ਹੈ ਅਤੇ ਸੂਚੀ ਨੂੰ ਛਾਂਗ ਕੇ ਛੋਟਾ ਕਰ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਤਨਮਨਜੀਤ ਸਿੰਘ ਢੇਸੀ ਨੇ ਸਿੱਖ ਕੈਦੀਆਂ ਨੂੰ ਵੀ ਰਿਹਾਅ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਏਨੇ ਸਾਲ ਜੇਲ੍ਹਾਂ 'ਚ ਬਿਤਾਉਣ ਵਾਲੇ ਕਈ ਲੋਕਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਉਹ ਕਿਸ ਕਰਕੇ ਜੇਲ੍ਹ 'ਚ ਹਨ। ਉਹ ਬਜ਼ੁਰਗ ਹੋ ਚੁੱਕੇ ਹਨ, ਅਜਿਹੇ ਵਿੱਚ ਸਰਕਾਰ ਨੂੰ ਹੁਣ ਉਨ੍ਹਾਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਅੰਮ੍ਰਿਤਸਰ ਹਵਾਈ ਅੱਡੇ ਤੋਂ ਇੰਗਲੈਂਡ ਲਈ ਸਿੱਧੀਆਂ ਫਲਾਈਟਾਂ ਚਲਾਉਣ ਦੀ ਮੰਗ ਵੀ ਕੀਤੀ ਹੈ। ਸ੍ਰੀ ਢੇਸੀ ਨੇ ਦੱਸਿਆ ਕਿ ਕੰਜ਼ਰਵੇਟਿਵ ਪਾਰਟੀ ਸੱਜੇ ਪੱਖੀ ਵਿਚਾਰਧਾਰਾ ਵਾਲੀ ਹੈ, ਇਸ ਲਈ ਇੰਗਲੈਂਡ 'ਚੋਂ ਪਰਵਾਸੀਆਂ ਨੂੰ ਘਟਾਉਣ ਵਾਲੀਆਂ ਨੀਤੀਆਂ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਧੋਖੇਬਾਜ਼ ਏਜੰਟਾਂ ਦੇ ਜਾਲ ਨਾ ਫਸਣ ਅਤੇ ਪੂਰੀ ਪੁੱਛ-ਪੜਤਾਲ ਕਰਕੇ ਹੀ ਇੰਗਲੈਂਡ ਆਉਣ।

## ਬਰਤਾਨੀਆ ਦੇ ਸਿੱਖ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਦਰਬਾਰ ਸਾਹਿਬ ਹੋਏ ਨਤਮਸਤਕ

### *ਕਿਹਾ-ਸਾਕਾ ਨੀਲਾ ਤਾਰਾ 'ਚ ਬਰਤਾਨੀਆ ਦੀ ਭੂਮਿਕਾ ਉਜਾਗਰ ਕਰਨ ਦੇ ਯਤਨ ਜਾਰੀ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਬਰਤਾਨੀਆ ਦੀ ਪਾਰਲੀਮੈਂਟ ਦੇ ਪਹਿਲੇ ਸਿੱਖ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਆਖਿਆ ਕਿ ਜੂਨ 1984 ਸਾਕਾ ਨੀਲਾ ਤਾਰਾ ਵੇਲੇ ਬਰਤਾਨੀਆ ਸਰਕਾਰ ਦੀ ਕੀ ਭੂਮਿਕਾ ਸੀ, ਨੂੰ ਉਜਾਗਰ ਕਰਨ ਲਈ ਯਤਨ ਜਾਰੀ ਹਨ। ਉਹ ਇੱਥੇ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਆਏ ਸਨ, ਜਿੱਥੇ ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸ੍ਰੀ ਢੇਸੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੇ ਕੀਰਤਨ ਸੁਣਨ ਤੋਂ ਬਾਅਦ ਜੋੜਾ ਘਰ ਅਤੇ ਲੰਗਰ ਘਰ ਵਿੱਚ ਸੇਵਾ ਵੀ ਕੀਤੀ। ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀ ਢੇਸੀ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੀ ਜਥੇਬੰਦੀ ਲੇਬਰ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਇਸ ਗੱਲ ਨੂੰ ਸ਼ਾਮਲ ਕੀਤਾ ਸੀ ਕਿ ਜੇਕਰ ਲੇਬਰ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ ਤਾਂ ਇਹ ਪਤਾ ਲਾਇਆ ਜਾਵੇਗਾ ਕਿ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫੌਜੀ ਹਮਲੇ ਵਿੱਚ ਬਰਤਾਨਵੀ ਸਰਕਾਰ ਦੀ ਕੀ ਭੂਮਿਕਾ ਸੀ। ਬਰਤਾਨੀਆ ਦੇ ਨਿਯਮਾਂ ਮੁਤਾਬਕ ਕਿਸੇ ਵੀ ਘਟਨਾ ਦੇ 25 ਵਰ੍ਹਿਆਂ ਬਾਅਦ ਘਟਨਾ ਸਬੰਧੀ ਭੇਤਾਂ ਨੂੰ ਜਨਤਕ ਕੀਤਾ ਜਾ ਸਕਦਾ ਹੈ। ਉਹ ਸਰਕਾਰ 'ਤੇ ਦਬਾਅ ਬਣਾਉਣਗੇ ਕਿ ਇਸ ਘਟਨਾ ਸਬੰਧੀ ਭੇਤ ਜੱਗ ਜ਼ਾਹਰ ਕੀਤੇ ਜਾਣ।

ਵਿਦੇਸ਼ਾਂ ਵਿੱਚ ਸਿੱਖਾਂ ਨਾਲ ਹੋ ਰਹੇ ਨਸਲੀ ਵਿਤਕਰੇ ਨੂੰ ਰੋਕਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਉਹ ਆਪਣੀ ਸੰਸਦ ਵਿੱਚ ਇਸ ਸਬੰਧੀ ਆਵਾਜ਼ ਬੁਲੰਦ ਕਰਨਗੇ ਅਤੇ ਸਿੱਖਾਂ ਪ੍ਰਤੀ ਨਫ਼ਰਤ ਖਤਮ ਕਰਨ ਲਈ ਯਤਨ ਕੀਤੇ ਜਾਣਗੇ। ਫਰਾਂਸ ਵਿੱਚ ਦਸਤਾਰ 'ਤੇ ਰੋਕ ਬਾਰੇ ਉਨ੍ਹਾਂ ਕਿਹਾ ਕਿ ਉਹ ਇਹ ਮਾਮਲਾ ਯੂ.ਕੇ. ਦੀ ਸੰਸਦ ਵਿੱਚ ਉਠਾ ਚੁੱਕੇ ਹਨ ਅਤੇ ਇਸ ਦੇ ਹੱਲ ਲਈ ਯਤਨਸ਼ੀਲ ਹਨ। ਆਪਣੀ ਜਿੱਤ ਬਾਰੇ ਉਨ੍ਹਾਂ ਕਿਹਾ ਕਿ ਇਸ ਜਿੱਤ ਵਿਚ ਸਲੋਅ ਸੰਸਦੀ ਇਲਾਕੇ ਦੇ ਸਿਰਫ ਸਿੱਖ ਭਾਈਚਾਰੇ ਦਾ ਹੀ ਸਹਿਯੋਗ ਨਹੀਂ ਸਗੋਂ ਉਥੇ ਵਸਦੇ ਇਸਾਈ, ਮੁਸਲਿਮ ਤੇ ਹੋਰਨਾਂ ਫਿਰਕਿਆਂ ਦੇ ਲੋਕਾਂ ਦਾ ਵੀ ਸਹਿਯੋਗ ਮਿਲਿਆ ਹੈ।

ਇਸ ਤੋਂ ਪਹਿਲਾਂ ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਰੱਖੇ ਸਨਮਾਨ ਸਮਾਗਮ ਵਿੱਚ ਵੀ ਸੰਬੋਧਨ ਕੀਤਾ। ਸ਼੍ਰੋਮਣੀ ਕਮੇਟੀ ਦੇ ਮੁਖ ਦਫਤਰ ਵਿੱਚ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ ਤੇ ਹੋਰ ਮੈਂਬਰਾਂ ਨੇ ਸ੍ਰੀ ਢੇਸੀ ਨੂੰ ਸ੍ਰੀ ਸਾਹਿਬ, ਸਿਰੋਪਾ, ਲੋਈ, ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਦੇ ਪਿਤਾ ਜਸਪਾਲ ਸਿੰਘ ਢੇਸੀ ਅਤੇ ਚਾਚਾ ਪਰਮਜੀਤ ਸਿੰਘ ਰਾਏਪੁਰ ਮੈਂਬਰ ਸ਼੍ਰੋਮਣੀ ਕਮੇਟੀ ਵੀ ਹਾਜ਼ਰ ਸਨ। ਸ੍ਰੀ ਢੇਸੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਭਾਈ ਸੁਲਤਾਨ ਸਿੰਘ ਨੇ ਸਿਰੋਪਾ ਦੇ ਕੇ ਸਨਮਾਨਤ ਕੀਤਾ।



ਪਾਂਡੂਚੇਰੀ ਦੇ ਸਾਬਕਾ ਰਾਜਪਾਲ ਇਕਬਾਲ ਸਿੰਘ, ਇੰਗਲੈਂਡ ਦੇ ਐਮ.ਪੀ. ਤਨਮਨਜੀਤ ਸਿੰਘ ਢੇਸੀ ਦਾ ਸਨਮਾਨ ਕਰਦੇ ਹੋਏ। ਫੋਟੋ: ਸਰਬਜੀਤ ਸਿੰਘ

## 'ਦਾ ਬਲੈਕ ਪ੍ਰਿੰਸ' ਦਾ ਅਸਰ: ਮਹਾਰਾਜਾ ਦਲੀਪ ਸਿੰਘ ਦੀਆਂ ਅੰਤਮ ਰਸਮਾਂ ਪੰਜਾਬ ਵਿੱਚ ਕੀਤੇ ਜਾਣ ਲਈ ਯਤਨ ਕਰਨ ਦਾ ਫ਼ੈਸਲਾ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਵੱਖ-ਵੱਖ ਖੇਤਰਾਂ ਵਿਚ ਕੰਮ ਕਰਦੀਆਂ ਸਿੱਖ ਹਸਤੀਆਂ ਨੇ ਮੰਗ ਕੀਤੀ ਹੈ ਕਿ ਖ਼ਾਲਸਾ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ, ਜਿਸ ਨੂੰ ਐਲਵੀਡਨ (ਇੰਗਲੈਂਡ) ਵਿਖੇ 120 ਸਾਲ ਪਹਿਲਾਂ ਈਸਾਈ ਪ੍ਰੰਪਰਾ ਅਨੁਸਾਰ ਦਫ਼ਨਾਇਆ ਗਿਆ ਸੀ, ਦੀਆਂ ਅੰਤਿਮ ਰਸਮਾਂ ਸਿੱਖ ਰਹੁ-ਰੀਤਾਂ ਅਨੁਸਾਰ ਪੰਜਾਬ ਵਿਚ ਕੀਤੀਆਂ ਜਾਣ। ਇਸ ਸਬੰਧੀ ਚੰਡੀਗੜ੍ਹ ਵਿਖੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਕੰਪਲੈਕਸ ਵਿਚ ਹੋਏ ਸਿੱਖਾਂ ਦੇ ਇਕ ਅਹਿਮ ਇਕੱਠ 'ਚ ਇਸ ਗੱਲ ਬੜੇ ਜ਼ੋਰਦਾਰ ਢੰਗ ਨਾਲ ਉਭਾਰੀ ਗਈ ਕਿ ਮਹਾਰਾਜਾ ਦਲੀਪ ਸਿੰਘ ਤੋਂ ਅੰਗਰੇਜ਼ਾਂ ਵੱਲੋਂ ਧੋਖੇ ਨਾਲ ਸਿਰਫ਼ ਰਾਜ ਹੀ ਨਹੀਂ ਖੋਹਿਆ ਗਿਆ, ਸਗੋਂ ਅਣਭੋਲ ਉਮਰ ਵਿਚ ਉਸ ਨੂੰ ਇਸਾਈ ਵੀ ਬਣਾ ਦਿੱਤਾ ਗਿਆ ਸੀ। ਵੱਡੇ ਹੋਏ ਦਲੀਪ ਸਿੰਘ ਨੂੰ ਜਦੋਂ ਇਸ ਸਾਰੀ ਧੋਖਾਧੜੀ ਦਾ ਅਹਿਸਾਸ ਹੋਇਆ ਤਾਂ ਉਹ ਦੁਬਾਰਾ ਅੰਮ੍ਰਿਤ ਛਕ ਕੇ ਸਿੱਖ ਬਣਿਆ ਤੇ ਅਖੀਰਲੇ ਦਮ ਤੱਕ ਆਪਣੇ ਖੁੱਸੇ ਹੋਏ ਰਾਜ ਨੂੰ ਪ੍ਰਾਪਤ ਕਰਨ ਲਈ ਜੱਦੋ-ਜਹਿਦ ਕਰਦਾ ਰਿਹਾ। ਮੀਟਿੰਗ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਮਹਾਰਾਜੇ ਨੂੰ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਉਸ ਦੀਆਂ ਅਸਥੀਆਂ ਨੂੰ ਪੰਜਾਬ ਲਿਆਂਦਾ ਜਾਵੇ ਅਤੇ ਉਨ੍ਹਾਂ ਨੂੰ ਸਿੱਖ ਰਸਮਾਂ ਅਨੁਸਾਰ ਕੀਤਾ ਜਾਵੇ। ਇਹ ਫ਼ੈਸਲਾ ਵੀ ਹੋਇਆ ਕਿ ਮਹਾਰਾਜੇ ਦੀ ਇਕ ਸ਼ਾਨਦਾਰ ਯਾਦਗਾਰ ਕਾਇਮ ਕੀਤੀ ਜਾਵੇ। ਇਸ ਇਕੱਠ ਵਿਚ ਸਾਬਕਾ ਡੀ.ਜੀ.ਪੀ. ਜੀ.ਐਸ. ਔਜਲਾ, ਗੁਰਪ੍ਰੀਤ ਸਿੰਘ, ਗੁਰਤੇਜ ਸਿੰਘ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਅਜਮੇਰ ਸਿੰਘ ਇਤਿਹਾਸਕਾਰ, ਲੈਫ.ਜਨ.(ਰਿਟਾ.) ਕਰਤਾਰ ਸਿੰਘ ਗਿੱਲ, ਮੇਜਰ ਜਨ. (ਰਿਟਾ.) ਚਰਨਜੀਤ ਸਿੰਘ ਪਨਾਗ, ਪੁਸ਼ਪਿੰਦਰ ਸਿੰਘ ਪ੍ਰਧਾਨ ਸਿੱਖ ਫੋਰਮ ਨਵੀਂ ਦਿੱਲੀ, ਅਮਰਜੀਤ ਸਿੰਘ ਫਿਲਮ ਪ੍ਰੋਡਿਊਸਰ, ਕਰਮਜੀਤ ਸਿੰਘ, ਜਸਪਾਲ ਸਿੰਘ ਸਿੱਧੂ, ਹਰਜੋਤ ਕੌਰ, ਦਵਿੰਦਰਪਾਲ ਸਿੰਘ ਨਾਨਕਸ਼ਾਹੀ ਟਰੱਸਟ, ਡਾ. ਸਵਰਾਜ ਸਿੰਘ ਪਟਿਆਲਾ ਤੇ ਖ਼ੁਸ਼ਹਾਲ ਸਿੰਘ ਜਨਰਲ ਸੈਕਟਰੀ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਸ਼ਾਮਲ ਸਨ।

## ਮਹਾਰਾਜਾ ਦਲੀਪ ਸਿੰਘ ਦੀਆਂ ਨਿਸ਼ਾਨੀਆਂ ਤੇ ਕੋਹਿਨੂਰ ਲਈ ਜਦੋਜਹਿਦ ਜਾਰੀ

**ਜਲੰਧਰ/ਬਿਊਰੋ ਨਿਊਜ਼:** ਪਾਂਡੂਚੇਰੀ ਦੇ ਸਾਬਕਾ ਗਵਰਨਰ ਇਕਬਾਲ ਸਿੰਘ ਨੇ ਭਾਰਤ ਦੌਰੇ 'ਤੇ ਆਏ ਇੰਗਲੈਂਡ ਦੇ ਪਹਿਲੇ ਦਸਤਾਰਧਾਰੀ ਸਿੱਖ ਐਮ.ਪੀ. ਤਨਮਨਜੀਤ ਸਿੰਘ ਨੂੰ ਸਿੱਖ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਦੀਆਂ ਨਿਸ਼ਾਨੀਆਂ ਅਤੇ ਕੋਹਿਨੂਰ ਹੀਰਾ ਭਾਰਤ ਲਿਆਉਣ ਲਈ ਜੱਦੋ-ਜਹਿਦ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਇਕਬਾਲ ਸਿੰਘ ਨੇ ਇੰਗਲੈਂਡ ਜਾ ਕੇ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਆ ਰਹੀਆਂ ਸਮੱਸਿਆਵਾਂ ਹੱਲ ਕਰਨ ਲਈ ਵੀ ਕਿਹਾ। ਇੰਗਲੈਂਡ ਦੇ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਸਾਬਕਾ ਗਵਰਨਰ ਦੇ ਘਰ ਪਹੁੰਚੇ ਅਤੇ ਇਸ ਮੌਕੇ ਢੇਸੀ ਦਾ ਸਨਮਾਨ ਕੀਤਾ ਗਿਆ। ਸ੍ਰੀ ਇਕਬਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਸ੍ਰੀ ਢੇਸੀ ਨੂੰ ਮਹਾਰਾਜਾ ਦਲੀਪ ਸਿੰਘ ਦੀ ਦੇਹ ਨੂੰ ਕਬਰ 'ਚੋਂ ਕੱਢ ਕੇ ਸਸਕਾਰ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਸਿੱਖ ਸਨ ਅਤੇ ਸਾਡਾ ਸਭਿਆਚਾਰ ਉਨ੍ਹਾਂ ਦੀ ਕਬਰ ਬਣਾਉਣ ਦੀ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਨੇ ਸ੍ਰੀ ਢੇਸੀ ਅੱਗੇ ਦਲੀਪ ਸਿੰਘ ਦੇ ਜੀਵਨ ਨਾਲ ਜੁੜੀਆਂ ਹੋਰ ਨਿਸ਼ਾਨੀਆਂ ਨੂੰ ਵੀ ਪੰਜਾਬ ਲਿਆਉਣ ਲਈ ਜੱਦੋ-ਜਹਿਦ ਕਰਨ ਦੀ ਮੰਗ ਰੱਖੀ ਹੈ। ਸਾਬਕਾ ਗਵਰਨਰ ਨੇ ਕੋਹਿਨੂਰ ਹੀਰੇ ਨੂੰ ਵੀ ਵਾਪਸ ਭਾਰਤ ਲਿਆਉਣ ਲਈ ਕੋਸ਼ਿਸ਼ ਕਰਨ ਦੀ ਮੰਗ ਕੀਤੀ ਹੈ।ਇਸ ਤੋਂ ਇਲਾਵਾ ਉਨ੍ਹਾਂ ਨੇ ਇੰਗਲੈਂਡ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਨੂੰ ਆ ਰਹੀਆਂ ਸਮੱਸਿਆਵਾਂ ਬਦੇ ਹੱਲ ਲਈ ਠੋਸ ਕਦਮ ਚੁੱਕਣ ਲਈ ਕਿਹਾ। ਸ੍ਰੀ ਇਕਬਾਲ ਸਿੰਘ ਨੇ ਦੱਸਿਆ ਕਿ ਕੋਹਿਨੂਰ ਦੀ ਮੰਗ 'ਤੇ ਤਨਮਨਜੀਤ ਸਿੰਘ ਢੇਸੀ ਖੁੱਲ੍ਹ ਕੇ ਨਹੀਂ ਬੋਲੇ ਜਦਕਿ ਬਾਕੀ ਮੰਗਾਂ ਲਈ ਉਨ੍ਹਾਂ ਯਤਨ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਤਨਮਨਜੀਤ ਸਿੰਘ ਦੇ ਚਾਚਾ ਤੇ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਏਪੁਰ ਵੀ ਹਾਜ਼ਰ ਸਨ।

## ਤਖ਼ਤ ਦਮਦਮਾ ਸਾਹਿਬ ਦੇ ਇਤਿਹਾਸਕ ਗੁਰੂਸਰ ਸਰੋਵਰ ਦੀ ਕਾਰ ਸੇਵਾ ਸ਼ੁਰੂ

**ਤਲਵੰਡੀ ਸਾਬੋ/ਬਿਊਰੋ ਨਿਊਜ਼ :** ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਇਤਿਹਾਸਕ ਗੁਰੂਸਰ ਸਰੋਵਰ ਵਿਚੋਂ ਗਾਰ ਕੱਢਣ ਦੀ ਕਾਰਸੇਵਾ ਸ਼ੁਰੂ ਕੀਤੀ ਗਈ। ਕਾਰਸੇਵਾ ਤੋਂ ਪਹਿਲਾਂ ਇੱਥੇ ਸਥਿਤ ਸੰਤ ਸੇਵਕ ਬੁੰਗਾ ਮਸਤੂਆਣਾ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ ਵਿਖੇ ਪਿਛਲੇ ਦੋ ਦਿਨਾਂ ਤੋਂ ਪ੍ਰਕਾਸ਼ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਅਤੇ ਰਾਗੀ ਜਥੇ ਨੇ ਕੀਰਤਨ ਕੀਤਾ। ਉਪਰੰਤ ਸ਼ੁਰੂ ਹੋਏ ਧਾਰਮਿਕ ਸਮਾਗਮਾਂ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਦਮਦਮਾ ਸਾਹਿਬ ਦੇ ਇਤਿਹਾਸ ਅਤੇ ਗੁਰੂ ਸਾਹਿਬਾਨਾਂ ਵੱਲੋਂ ਤਿਆਰ ਕਰਵਾਏ ਸਰੋਵਰਾਂ ਅਤੇ ਬਾਉਲੀਆਂ ਦੀ ਮਹੱਤਤਾ ਬਾਰੇ ਦੱਸਿਆ। ਬੁੰਗਾ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਬਾਬਾ ਛੋਟਾ ਸਿੰਘ ਅਤੇ ਬਾਬਾ ਕਾਕਾ ਸਿੰਘ ਨੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪੇ ਅਤੇ ਕੰਬਲੀਆਂ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਗਿਆਨੀ

ਬਾਕੀ ਸਫ਼ਾ 32 'ਤੇ

## ਹੱਥ ਲਿਖਤ ਸਰੂਪ ਦੀ ਲਿਖਣਸ਼ੈਲੀ ਅਪ੍ਰਵਾਨ: ਗਿਆਨੀ ਹਰਪ੍ਰੀਤ ਸਿੰਘ

ਮਲੇਸ਼ੀਆ ਵਾਸੀ ਸ਼ਰਧਾਲੂ ਜਸਵੰਤ ਸਿੰਘ ਖੋਸਾ ਵੱਲੋਂ ਲਿਖੇ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬਾਰੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕਿਹਾ ਕਿ ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਇਸ ਸਰੂਪ ਦੀ ਲਿਖਣ ਸ਼ੈਲੀ ਨੂੰ ਅਪ੍ਰਵਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਸਰੂਪ ਦੇ ਦਰਸ਼ਨ ਕੀਤੇ ਤਾਂ ਜੋ ਤਿੰਨ ਗੱਲਾਂ ਸਾਹਮਣੇ ਆਈਆਂ। ਉਨ੍ਹਾਂ ਵਿਚੋ ਇੱਕ ਤਾਂ ਇਸ ਦੇ 1430 ਅੰਗ ਹਨ। ਇਹ ਸਰੂਪ ਅਕਾਰ ਵਿੱਚ ਵੱਡਾ ਹੈ। ਇਸ ਦੀ ਲਿਖਣ ਸ਼ੈਲੀ ਵਿਲੱਖਣ ਹੈ। ਅੱਖਰ ਤੋਂ ਅੱਖਰ ਸਪੇਸ ਜ਼ਿਆਦਾ ਹੈ। ਲਗਾਂ-ਮਾਤਰਾਂ ਦੀਆਂ ਗਲਤੀਆਂ ਵੀ ਸਾਹਮਣੇ ਆਈਆਂ। ਉਨ੍ਹਾਂ ਕਿਹਾ ਕਿ 7 ਜੁਲਾਈ ਨੂੰ ਇਹੀ ਜਾਣਕਾਰੀ ਦਲ ਖ਼ਾਲਸਾ ਦੇ ਆਗੂਆਂ ਨੂੰ ਦਿੱਤੀ ਗਈ ਸੀ ਪਰ ਮੀਡੀਆ ਦੇ ਇੱਕ ਹਿੱਸੇ ਨੇ ਦਿੱਤੀ ਜਾਣਕਾਰੀ ਨੂੰ ਤੋੜ-ਮਰੋੜ ਕੇ ਛਾਪ ਦਿੱਤਾ।

## ਜਪੁਜੀ ਸਾਹਿਬ ਦੀ ਛਪਾਈ ਪੰਜਾਹ ਭਾਸ਼ਾਵਾਂ ਵਿੱਚ ਹੋਵੇਗੀ : ਜਥੇਦਾਰ ਗੁਰਬਚਨ ਸਿੰਘ

**ਲੁਧਿਆਣਾ/ਬਿਊਰੋ ਨਿਊਜ਼ :** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇੱਥੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸਿੱਖ ਸੰਸਥਾਵਾਂ ਵੱਲੋਂ 'ਜਪੁਜੀ ਸਾਹਿਬ' ਨੂੰ ਵਿਸ਼ਵ ਦੀਆਂ ਵੱਖ-ਵੱਖ ਭਾਸ਼ਾਵਾਂ ਵਿੱਚ ਛਪਵਾ ਕੇ ਵੰਡਿਆ ਜਾਵੇਗਾ। ਉਹ ਰਾਮਗੜ੍ਹੀਆ ਐਜੂਕੇਸ਼ਨ ਕੌਂਸਲ ਦੇ ਪ੍ਰਧਾਨ ਅਤੇ ਉੱਘੇ ਫੋਟੋਗ੍ਰਾਫਰ ਰਣਜੋਧ ਸਿੰਘ ਵੱਲੋਂ ਤਿਆਰ 'ਜਪੁਜੀ ਸਾਹਿਬ-ਏ ਪ੍ਰੇਅਰ ਬੁੱਕ' ਰਿਲੀਜ਼ ਕਰਨ ਪੁੱਜੇ ਸਨ। ਜਥੇਦਾਰ ਗੁਰਬਚਨ ਸਿੰਘ ਨੇ ਕਿਹਾ ਕਿ ਗੁਰਬਾਣੀ ਦੀ ਇੱਕ-ਇੱਕ ਤੁਕ ਗਿਆਨ ਭਰਪੂਰ ਹੈ ਅਤੇ ਇਹ ਕਦਮ ਕਦਮ 'ਤੇ ਮਨੁੱਖ ਲਈ ਰਾਹ ਦਸੇਰਾ ਹੈ। ਉਨ੍ਹਾਂ ਕਿਹਾ ਕਿ 'ਜਪੁਜੀ ਸਾਹਿਬ' ਦਾ 50 ਭਾਸ਼ਾਵਾਂ ਵਿੱਚ ਤਰਜਮਾ ਕਰਵਾ ਕੇ ਵੰਡਿਆ ਜਾਵੇਗਾ ਤਾਂ ਜੋ ਵਿਸ਼ਵ ਭਰ ਦੇ ਲੋਕ ਇਸ ਬਾਣੀ ਤੋਂ ਸੇਧ ਲੈ ਸਕਣ। ਉਨ੍ਹਾਂ ਕਿਹਾ ਕਿ ਰਣਜੋਧ ਸਿੰਘ ਨੇ 'ਜਪੁਜੀ ਸਾਹਿਬ' ਦੀ ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਛਪਾਈ ਕਰਵਾ ਕੇ ਸਾਰਥਕ ਉਪਰਾਲਾ ਕੀਤਾ ਹੈ।

# ਖ਼ੁਦਕੁਸ਼ੀਆਂ ਦੀ ਫ਼ਸਲ : ਬੀਤੇ ਹਫ਼ਤੇ 10 ਕਿਸਾਨਾਂ ਵਲੋਂ ਖ਼ੁਦਕੁਸ਼ੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਲੋਂ ਕਿਸਾਨਾਂ ਦੇ ਕਰਜ਼ੇ ਮੁਆਫ਼ੀ ਦੇ ਐਲਾਨ ਦੇ ਬਾਵਜੂਦ ਕਿਸਾਨਾਂ ਵਲੋਂ ਖ਼ੁਦਕੁਸ਼ੀਆਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਬੁੱਧਵਾਰ 26 ਜੁਲਾਈ ਤੋਂ ਲੈ ਕੇ ਇਸ ਹਫ਼ਤੇ ਦੌਰਾਨ 10 ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ।

ਕੌਹਰੀਆਂ : ਕਰਜ਼ੇ ਦੇ ਦੈਂਤ ਨੇ ਇਕ ਕੌਹਰੀਆਂ ਦੇ ਕਿਸਾਨ ਨੂੰ ਆਪਣੇ ਮੌਤ ਰੂਪੀ ਕਲਾਵੇ ਵਿਚ ਲੈ ਲਿਆ ਹੈ। ਕਰਮਜੀਤ ਸਿੰਘ (30) ਪੁੱਤਰ ਬਲਵੀਰ ਸਿੰਘ ਪਿੰਡ ਕੌਹਰੀਆਂ ਨੇ ਕਰਜ਼ੇ ਦੀ ਮਾਰ ਹੇਠ ਖੇਤ ਵਿਚ ਜਾ ਕੇ ਸਪਰੇਅ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਮ੍ਰਿਤਕ ਕਿਸਾਨ ਦੇ ਪਿਤਾ ਬਲਵੀਰ ਸਿੰਘ ਨੇ ਦੱਸਿਆ ਕਿ ਕਰਮਜੀਤ ਸਿੰਘ ਹਮੇਸ਼ਾ ਸਰਕਾਰੀ ਅਤੇ ਗ਼ੈਰ-ਸਰਕਾਰੀ ਵਧ ਰਹੇ ਕਰਜ਼ੇ ਤੋਂ ਪ੍ਰੇਸ਼ਾਨ ਰਹਿੰਦਾ ਸੀ। ਜ਼ਮੀਨ ਕਾਫ਼ੀ ਵਿਕ ਚੁੱਕੀ ਸੀ ਅਤੇ ਕੁਝ ਦਿਨ ਪਹਿਲਾਂ ਉਸ ਨੇ ਖੇਤ ਜਾ ਕੇ ਸਪਰੇਅ ਪੀ ਲਈ। ਜਿੱਥੋਂ ਉਸ ਨੂੰ ਇਲਾਜ ਲਈ ਕੌਹਰੀਆਂ ਦਾਖਲ ਕਰਵਾਇਆ ਗਿਆ ਪਰ ਉਸ ਦੀ ਹਾਲਤ ਵਿਚ ਕੁਝ ਸੁਧਾਰ ਨਾ ਹੁੰਦਾ ਦੇਖ ਸੰਗਰੂਰ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ, ਜਿੱਥੇ ਉਹ ਬੀਤੀ ਰਾਤ ਦਮ ਤੋੜ ਗਿਆ। ਮ੍ਰਿਤਕ ਆਪਣੇ ਪਿੱਛੇ ਆਪਣੀ ਪਤਨੀ ਤੋਂ ਇਲਾਵਾ ਇਕ ਚਾਰ ਸਾਲ ਦਾ ਲੜਕਾ ਛੱਡ ਗਿਆ ਹੈ।

ਤਲਵੰਡੀ ਸਾਬੋ : ਨੇੜਲੇ ਪਿੰਡ ਜਗਾ ਰਾਮ ਤੀਰਥ ਵਿਖੇ ਕਰਜ਼ੇ ਦੇ ਬੋਝ ਤੋਂ ਦੁਖੀ ਇਕ ਨੌਜਵਾਨ ਕਿਸਾਨ ਨੇ ਆਪਣੇ ਹੀ ਪੁਰਾਣੇ ਘਰ ਵਿਚ ਰਾਤ ਸਮੇਂ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪਿੰਡ ਜਗਾ ਰਾਮ ਤੀਰਥ ਦੇ 6 ਏਕੜ ਦੇ ਕਰੀਬ ਜ਼ਮੀਨ ਦੇ ਮਾਲਕ ਨੌਜਵਾਨ ਕਿਸਾਨ ਨਿਰਭੈ ਸਿੰਘ (32) ਪੁੱਤਰ ਨਿਰੰਜਨ ਸਿੰਘ ਦੇ ਸਿਰ ਲਗਭਗ 12 ਲੱਖ ਰੁਪਏ ਦਾ ਬੈਂਕਾਂ ਅਤੇ ਆੜਤੀਆਂ ਦਾ ਕਰਜ਼ਾ ਸੀ। ਉਹ ਅਕਸਰ ਹੀ ਕਰਜ਼ੇ ਨੂੰ ਲੈ ਕੇ ਪਿਛਲੇ ਕਾਫ਼ੀ ਸਮੇਂ ਤੋਂ ਪ੍ਰੇਸ਼ਾਨ ਰਹਿੰਦਾ ਸੀ। ਮ੍ਰਿਤਕ ਕਿਸਾਨ ਦਾ ਕਰੀਬ 9 ਸਾਲ ਪਹਿਲਾਂ ਵਿਆਹ ਹੋਇਆ ਸੀ ਜਿਸ ਦੇ ਤਿੰਨ ਬੱਚੇ ਦੋ ਲੜਕੀਆਂ ਅਤੇ ਇਕ ਲੜਕਾ ਸੀ। ਕਿਸਾਨ ਦੇ ਖ਼ੁਦਕੁਸ਼ੀ ਕਰਨ ਦਾ ਪਤਾ ਉਸ ਸਮੇਂ ਲੱਗਿਆ ਜਦੋਂ ਰਾਤ ਨੂੰ ਕਰੀਬ ਗਿਆਰਾਂ ਵਜੇ ਪਰਿਵਾਰ ਦਾ ਕੋਈ ਮੈਂਬਰ ਉੱਠਿਆ ਤਾਂ ਉਨਾਂ ਨਿਰਭੈ ਦਾ ਮੰਜਾ ਖ਼ਾਲੀ ਦੇਖਿਆ, ਕਾਫ਼ੀ ਭਾਲ ਕਰਨ 'ਤੇ ਜਦੋਂ ਪਰਿਵਾਰ ਨੇ ਪੁਰਾਣੇ ਘਰ ਜਾ ਕੇ ਦੇਖਿਆ ਤਾਂ ਉਸ ਨੇ ਕਮਰੇ ਵਿਚ ਰੱਸੀ ਦੀ ਸਹਾਇਤਾ ਨਾਲ ਫਾਹਾ ਲਿਆ ਹੋਇਆ ਸੀ।

ਮਾਨਸਾ : ਜ਼ਿਲੇ ਦੇ ਪਿੰਡ ਬੁਰਜ ਢਿੱਲਵਾਂ ਦੇ ਕਰਜ਼ੇ ਤੋਂ ਪ੍ਰੇਸ਼ਾਨ ਨੌਜਵਾਨ ਕਿਸਾਨ ਗੁਰਪ੍ਰੀਤ ਸਿੰਘ (35) ਪੁੱਤਰ ਬਲਦੇਵ ਸਿੰਘ ਦੀ ਦਯਾਨੰਦ ਹਸਪਤਾਲ ਲੁਧਿਆਣਾ ਵਿਖੇ ਮੌਤ ਹੋ ਗਈ ਹੈ। ਜ਼ਿਕਰਯੋਗ ਹੈ ਕਿ ਇਸ ਕਿਸਾਨ ਨੇ 21 ਜੁਲਾਈ ਨੂੰ ਕਰਜ਼ੇ ਤੇ ਬਿਮਾਰੀ ਦੀ ਪ੍ਰੇਸ਼ਾਨ ਦੇ ਚੱਲਦਿਆਂ ਆਪਣੇ ਖੇਤ ਵਿਚ ਜ਼ਹਿਰੀਲੀ ਦਵਾਈ ਨਿਗਲ ਲਈ ਸੀ। ਉਹ ਪਿਛਲੇ ਕਈ ਦਿਨਾਂ ਤੋਂ ਉਪਰੋਕਤ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਸੀ। ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਆਗੂ ਹਰਦੇਵ ਸਿੰਘ ਕੋਟਧਰਮੂ ਨੇ ਦੱਸਿਆ ਕਿ ਮ੍ਰਿਤਕ ਜੋ 7 ਏਕੜ ਦੇ ਕਰੀਬ ਜ਼ਮੀਨ ਦਾ ਮਾਲਕ ਸੀ, ਦੇ ਸਿਰ 20 ਲੱਖ ਦੇ ਕਰੀਬ ਕਰਜ਼ਾ ਸੀ। ਉਨਾਂ ਦੱਸਿਆ ਕਿ ਫ਼ਸਲ ਦੀ ਬਰਬਾਦੀ ਹੋਣ ਦੇ ਨਾਲ ਹੀ ਬਿਮਾਰੀ ਕਾਰਨ ਕਰਜ਼ੇ ਦੀ ਪੰਡ ਭਾਰੀ ਹੋਣ ਕਰ ਕੇ ਗੁਰਪ੍ਰੀਤ ਨੇ ਮੌਤ ਨੂੰ ਗ਼ਲੇ ਲਗਾ ਲਿਆ। ਮ੍ਰਿਤਕ ਆਪਣੇ ਪਿੱਛੇ ਵਿਧਵਾ ਅਤੇ 2 ਲੜਕੇ ਛੱਡ ਗਿਆ ਹੈ।

ਤਪਾ ਮੰਡੀ : ਤਹਿਸੀਲ ਤਪਾ ਦੇ ਪਿੰਡ ਧੌਲਾ ਦੇ ਇੱਕ ਕਿਸਾਨ ਨੇ ਆਰਥਿਕ ਤੰਗੀ ਕਾਰਨ ਖ਼ੁਦਕੁਸ਼ੀ ਕਰ ਲਈ ਹੈ। ਜਾਣਕਾਰੀ ਅਨੁਸਾਰ ਕਿਸਾਨ ਅਜੈਬ ਸਿੰਘ ਪੁੱਤਰ ਬਾਬੂ ਸਿੰਘ ਵਾਸੀ ਸਲੇਮਾ ਪੱਤੀ ਪਿੰਡ ਧੌਲਾ ਕੋਲ ਇੱਕ ਕਿੱਲਾ



ਜ਼ਮੀਨ ਸੀ। ਬਿਮਾਰੀ ਅਤੇ ਕਬੀਲਦਾਰੀ ਦੇ ਖ਼ਰਚੇ ਵੱਧ ਹੋਣ ਕਾਰਨ ਕਿਸਾਨ ਸਿਰ ਕਰਜ਼ੇ ਦਾ ਕਾਫ਼ੀ ਭਾਰ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ। ਉਸ ਨੇ ਪੱਖੇ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੇ ਦੋ ਪੁੱਤਰ ਹਨ। ਥਾਣਾ ਤਪਾ ਦੇ ਥਾਣੇਦਾਰ ਕਰਮਜੀਤ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਧਾਰਾ 174 ਅਧੀਨ ਕਾਰਵਾਈ ਕੀਤੀ ਗਈ ਹੈ।

ਫਤਿਹਗੜ੍ਹ ਚੂੜੀਆਂ : ਪਿੰਡ ਤਲਵੰਡੀ ਨਾਹਰ ਦੇ ਵਸਨੀਕ ਕਿਸਾਨ ਰਣਧੀਰ ਸਿੰਘ ਪੁੱਤਰ ਕਿਰਪਾਲ ਸਿੰਘ ਨੇ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕਸ਼ੀ ਕਰ ਲਈ ਹੈ। ਕਿਸਾਨ ਪਿਛਲੇ ਕਾਫ਼ੀ ਸਮੇਂ ਤੋਂ ਕਰਜ਼ੇ ਕਾਰਨ ਪ੍ਰੇਸ਼ਾਨ ਸੀ। ਮ੍ਰਿਤਕ ਦੇ ਪੁੱਤਰ ਪ੍ਰਗਟ ਸਿੰਘ ਅਤੇ ਕਰਮਜੀਤ ਸਿੰਘ ਨੇ ਦੱਸਿਆ ਕਿ ਜ਼ਮੀਨ ਘੱਟ ਹੋਣ ਕਾਰਨ ਉਹ ਕਰਜ਼ਾ ਮੋੜਨ ਤੋਂ ਅਸਮਰੱਥ ਸਨ।

ਮਹਿਲ ਕਲਾਂ : ਪਿੰਡ ਕਲਾਲਾ ਦੇ ਕਿਸਾਨ ਸੁਖਦੇਵ ਸਿੰਘ (24) ਪੁੱਤਰ ਗੁਰਜੰਟ ਸਿੰਘ ਨੇ ਕਰਜ਼ੇ ਕਾਰਨ ਮਾਨਸਿਕ ਪ੍ਰੇਸ਼ਾਨੀ ਵਿਚ ਘਰ ਦੀ ਛੱਤ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਪਰਿਵਾਰ ਨੇ ਦੱਸਿਆ ਕਿ ਦੋ ਭਰਾਵਾਂ ਕੋਲ ਪੰਜ ਏਕੜ ਜ਼ਮੀਨ ਸੀ ਤੇ ਕਰਜ਼ਾ ਕਰੀਬ 30 ਲੱਖ ਰੁਪਏ ਸੀ। ਥਾਣਾ ਮਹਿਲ ਕਲਾਂ ਦੀ ਪੁਲੀਸ ਨੇ ਕਾਰਵਾਈ ਤੋਂ ਬਾਅਦ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ।

ਲਹਿਰਾਗਾਗਾ : ਪਿੰਡ ਗਿਦੜਿਆਣੀ ਵਿਖੇ ਇਕ ਕਿਸਾਨ ਸ਼ਿੰਦਰ ਸਿੰਘ ਦੇ ਨੌਜਵਾਨ ਕਿਸਾਨ ਪੁੱਤਰ ਗੁਰਦੀਪ ਸਿੰਘ (22) ਨੇ ਆਪਣੇ ਘਰ ਰੱਸੀ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੋ ਭੈਣਾਂ ਦਾ ਇਕੱਲਾ ਭਰਾ ਸੀ ਅਤੇ ਪਿਛਲੇ ਮਹੀਨੇ ਇਸ ਦੀ ਮਾਤਾ ਗੁਰਜੀਤ ਕੌਰ ਦਾ ਵੀ ਦਿਹਾਂਤ ਹੋ ਗਿਆ ਸੀ। ਮ੍ਰਿਤਕ ਗੁਰਦੀਪ ਸਿੰਘ ਆਰਥਿਕ ਤੌਰ 'ਤੇ ਕਾਫ਼ੀ ਤੰਗ ਸੀ ਉਸ ਕੋਲੋਂ ਸਿਰਫ਼ 2 ਏਕੜ ਜ਼ਮੀਨ ਸੀ। ਮਾਂ ਅਤੇ ਆਪ ਕਾਫ਼ੀ ਪ੍ਰੇਸ਼ਾਨ ਸੀ। ਉਸ ਨੇ ਆਪਣੀ ਜ਼ਮੀਨ ਵੇਚ ਕੇ ਆਪਣੀ ਮਾਂ ਦੇ ਇਲਾਜ ਉੱਪਰ ਖ਼ਰਚ ਕੀਤੇ ਅਤੇ ਆਪ ਮਜ਼ਦੂਰੀ ਕਰ ਕੇ ਗੁਜ਼ਾਰਾ ਕਰਦਾ ਸੀ। ਮ੍ਰਿਤਕ ਗੁਰਦੀਪ ਸਿੰਘ ਆਰਥਿਕ ਤੌਰ 'ਤੇ ਤੰਗ ਹੋਣ ਕਰ ਕੇ ਕਾਫ਼ੀ ਪ੍ਰੇਸ਼ਾਨ ਰਹਿੰਦਾ ਸੀ ਜਿਸ ਕਾਰਨ ਉਸ ਨੇ ਰੱਸੀ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ 8 ਕੁ ਮਹੀਨਿਆਂ ਦਾ ਬੱਚਾ ਛੱਡ ਗਿਆ ਹੈ।

ਮਲੇਰਕੋਟਲਾ : ਆਪਣੇ ਸਿਰ ਚੜ੍ਹੇ ਬੈਂਕਾਂ ਤੇ ਹੋਰ ਕਰਜ਼ੇ ਤੋਂ ਪ੍ਰੇਸ਼ਾਨ ਨੇੜਲੇ ਪਿੰਡ ਕੁਠਾਲਾ ਦੇ ਇਕ ਨੌਜਵਾਨ ਕਿਸਾਨ ਕੁਲਦੀਪ ਸਿੰਘ ਚੌਧਰੀ ਪੁੱਤਰ ਮਹਿੰਦਰ ਸਿੰਘ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਖ਼ੁਦਕੁਸ਼ੀ ਕਰ ਲਈ। ਪੁਲੀਸ ਥਾਣਾ ਸੰਦੌੜ ਵਿਚ ਦਰਜ ਕਰਵਾਏ ਬਿਆਨਾਂ ਵਿਚ ਮ੍ਰਿਤਕ ਕੁਲਦੀਪ ਸਿੰਘ ਦੇ ਪੁੱਤਰ ਅਰਸ਼ਦੀਪ ਸਿੰਘ ਨੇ ਭਾਵੇਂ ਇਸ ਮੌਤ ਲਈ ਕਿਸੇ ਨੂੰ ਵੀ ਦੋਸ਼ੀ ਨਹੀਂ ਦੱਸਿਆ ਪਰ ਕਰਜ਼ੇ ਦੀ ਭੇਟ ਚੜ੍ਹੇ ਬਾਪ ਤੋਂ ਬਾਅਦ ਭਵਿੱਖ ਦੀ ਡਰਾਉਣੀ ਤਸਵੀਰ ਪਰਿਵਾਰ ਨੂੰ ਵੱਢ-ਵੱਢ ਜ਼ਰੂਰ ਖਾ ਰਹੀ ਹੈ। ਜਾਣਕਾਰੀ ਮੁਤਾਬਕ ਕੁਝ ਵਰੇ ਪਹਿਲਾਂ ਤੱਕ ਇਲਾਕੇ ਵਿਚ ਸੈਂਕੜੇ ਬਿੱਘੇ ਜ਼ਮੀਨ ਦੇ ਮਾਲਕ ਵੱਡੇ ਜ਼ਿੰਮੀਂਦਾਰ ਵਜੋਂ ਚੌਧਰੀ ਅਖਵਾਉਂਦੇ ਇਸ ਪਰਿਵਾਰ ਦੀ ਮੌਜੂਦਾ ਆਰਥਿਕ ਹਾਲਤ ਇਹ ਹੈ ਕਿ ਪਰਿਵਾਰ ਕੋਲ ਕੇਵਲ ਇਕ ਕਿੱਲਾ ਜ਼ਮੀਨ ਹੀ ਬਚੀ ਹੈ। ਕੁਲਦੀਪ ਸਿੰਘ ਦੇ ਬੇਟੇ ਅਰਸ਼ਦੀਪ ਨੇ ਦੱਸਿਆ ਕਿ ਉਸ ਦੇ ਪਿਤਾ ਸਿਰ ਬੈਂਕਾਂ ਦਾ ਕਾਫ਼ੀ ਕਰਜ਼ਾ ਸੀ ਅਤੇ ਇਸ ਵਿਚੋਂ ਵੱਡਾ ਹਿੱਸਾ ਜ਼ਮੀਨ ਵੇਚ ਕੇ ਚੁਕਾ ਵੀ ਦਿੱਤਾ ਗਿਆ ਪਰ ਹਾਲੇ ਵੀ ਸਿਰ ਚੜ੍ਹੇ ਕਰਜ਼ੇ ਦੀ ਚਿੰਤਾ ਕਾਰਨ ਉਸ ਦਾ ਪਿਤਾ ਸ਼ਰਾਬ ਦਾ ਆਦੀ ਹੋ ਗਿਆ ਸੀ।

ਰੂੜੇਕੇ ਕਲਾਂ: ਜ਼ਿਲਾ ਬਰਨਾਲਾ ਦੇ ਪਿੰਡ ਧੌਲਾ ਦੇ ਇਕ ਕਿਸਾਨ ਨੇ ਆਰਥਿਕ ਤੰਗੀ ਕਾਰਨ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਕਿਸਾਨ ਅਜੈਬ ਸਿੰਘ ਪੁੱਤਰ ਬਾਬੂ ਸਿੰਘ ਵਾਸੀ ਸਲੇਮਾ ਪੱਤੀ ਧੌਲਾ ਪਾਸ ਕਰੀਬ ਇਕ ਏਕੜ ਜ਼ਮੀਨ ਸੀ। ਬਿਮਾਰੀ ਤੇ ਘਰੇਲੂ ਖਰਚਿਆਂ ਕਰਕੇ ਉਕਤ ਕਿਸਾਨ ਦੇ ਪਰਿਵਾਰ ਸਿਰ ਕਰਜ਼ੇ ਦਾ ਕਾਫ਼ੀ ਭਾਰ ਸੀ। ਜ਼ਮੀਨ ਘੱਟ ਹੋਣ ਕਰਕੇ ਕਰਜ਼ਾਈ ਕਿਸਾਨ ਕਰਜ਼ਾ ਮੋੜਨ ਤੋਂ ਅਸਮਰਥ ਸੀ। ਪਰਿਵਾਰ ਕੋਲ ਜ਼ਮੀਨ ਤੋਂ ਆਮਦਨ ਦਾ ਹੋਰ ਕੋਈ ਸਾਧਨ ਨਹੀਂ ਸੀ। ਪਰਿਵਾਰ ਸਿਰ ਚੜ੍ਹੇ ਕਰਜ਼ੇ ਕਾਰਨ ਕਿਸਾਨ ਅਜੈਬ ਸਿੰਘ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਮਾਨਸਿਕ ਪ੍ਰੇਸ਼ਾਨੀ ਦੇ ਚਲਦਿਆਂ ਉਸ ਨੇ ਘਰ ਅੰਦਰ ਪੱਖੇ ਨਾਲ ਲਟਕ ਕੇ ਫਾਹਾ ਲੈ ਲਿਆ। ਮ੍ਰਿਤਕ ਕਿਸਾਨ ਦੇ ਦੋ ਪੁੱਤਰ ਹਨ। ਪਿੰਡ ਵਾਸੀਆਂ ਨੇ ਪੀੜਤ ਪਰਿਵਾਰ ਲਈ ਸਰਕਾਰ ਤੋਂ ਸਹਾਇਤਾ ਦੀ ਮੰਗ ਕੀਤੀ ਹੈ।

ਸੁਨਾਮ : ਪਿੰਡ ਛਾਜਲੀ ਦੇ ਕਿਸਾਨ ਨਿਰਮਲ ਸਿੰਘ ਉਰਫ਼ ਭੋਲਾ (ਤਕਰੀਬਨ 42) ਨੇ ਕਰਜ਼ੇ ਤੋਂ ਪਰੇਸ਼ਾਨ ਹੋ ਕੇ ਕੋਈ ਜ਼ਹਿਰੀਲੀ ਚੀਜ਼ ਨਿਗਲ ਕੇ ਜਾਨ ਦੇ ਦਿੱਤੀ। ਉਸ ਕੋਲ ਕੇਵਲ ਡੇਢ ਏਕੜ ਜ਼ਮੀਨ ਸੀ ਅਤੇ ਕੁਝ ਜ਼ਮੀਨ ਠੇਕੇ 'ਤੇ ਲੈ ਕੇ ਉਹ ਘਰ ਦਾ ਗੁਜ਼ਾਰਾ ਚਲਾਉਂਦਾ ਸੀ। ਉਸ 'ਤੇ ਤਕਰੀਬਨ 7 ਲੱਖ ਕਰਜ਼ਾ ਸੀ। ਭਾਰਤੀ ਕਿਸਾਨ ਯੂਨੀਅਨ ਆਗੂ ਦਰਬਾਰਾ ਸਿੰਘ ਛਾਜਲਾ ਅਤੇ ਹੋਰਾਂ ਨੇ ਪੰਜਾਬ ਸਰਕਾਰ ਨੂੰ ਪੀੜਤ ਪਰਿਵਾਰ ਦੀ ਮਾਲੀ ਮਦਦ ਕਰਨ ਦੀ ਅਪੀਲ ਕੀਤੀ ਹੈ।

ਫ਼ਾਜ਼ਿਲਕਾ : ਪਿੰਡ ਪੱਕਾ ਚਿਸ਼ਤੀ ਦੇ ਇਕ ਕਿਸਾਨ ਨੇ ਕਰਜ਼ੇ ਤੋਂ ਦੁਖੀ ਹੋ ਕੇ ਕੀਟਨਾਸ਼ਕ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਪਿੰਡ ਪੱਕਾ ਚਿਸ਼ਤੀ ਦੇ ਕਿਸਾਨ ਕਸ਼ਮੀਰ ਸਿੰਘ (60) ਪੁੱਤਰ ਸੋਹਣ ਸਿੰਘ ਨੇ ਮੰਗਲਵਾਰ ਤੜਕੇ ਆਪਣੇ ਖੇਤ ਜਾ ਕੇ ਕੀਟਨਾਸ਼ਕ ਦਵਾਈ ਪੀ ਲਈ। ਜਦੋਂ ਵਾਰਸਾਂ ਨੂੰ ਪਤਾ ਚੱਲਿਆ ਤਾਂ ਉਹ ਉਸ ਨੂੰ ਫ਼ਾਜ਼ਿਲਕਾ ਸਿਵਲ ਹਸਪਤਾਲ ਲੈ ਕੇ ਆਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਕਸ਼ਮੀਰ ਸਿੰਘ ਦੇ ਪੁੱਤਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਕੋਲ 8-10 ਏਕੜ ਸਰਹੱਦ ਨਾਲ ਲਗਦੀ ਜ਼ਮੀਨ ਹੈ। ਪਹਿਲਾਂ ਉਸ ਦੀ ਮਾਤਾ ਸੁਖਵਿੰਦਰ ਕੌਰ ਕੈਂਸਰ ਦੀ ਬਿਮਾਰੀ ਨਾਲ ਪੀੜਤ ਸੀ ਜਿਸ 'ਤੇ 15-20 ਲੱਖ ਰੁਪਏ ਇਲਾਜ 'ਤੇ ਲੱਗੇ ਪਰ ਉਹ ਬਚ ਨਹੀਂ ਸਕੀ। ਉਸ ਨੇ ਦੱਸਿਆ ਕਿ ਹੁਣ ਉਨਾਂ 'ਤੇ 30 ਲੱਖ ਰੁਪਏ ਦੇ ਕਰੀਬ ਕਰਜ਼ਾ ਸੀ। ਉਨਾਂ ਦੱਸਿਆ ਕਿ ਉਸ ਦਾ ਪਿਤਾ ਕਸ਼ਮੀਰ ਸਿੰਘ ਪਿਛਲੇ 2-3 ਦਿਨਾਂ ਤੋਂ ਫ਼ਾਜ਼ਿਲਕਾ ਸ਼ਹਿਰ ਆਉਂਦਾ ਸੀ। ਝੋਨੇ ਲਈ ਖਾਦ ਅਤੇ ਸਪਰੇਅ ਕਿਸੇ ਤੋਂ ਉਧਾਰ 'ਤੇ ਨਹੀ ਮਿਲ ਰਿਹਾ ਸੀ ਅਤੇ ਪ੍ਰੇਸ਼ਾਨ ਹੋ ਕੇ ਘਰ ਪਰਤ ਜਾਂਦਾ ਸੀ।

## ਸ਼ਾਹੂਕਾਰਾ ਕਰਜ਼ਾ ਕਿਸਾਨਾਂ ਲਈ ਬਣਿਆ ਵੱਡੀ ਆਫ਼ਤ

**ਜਲੰਧਰ/ਬਿਊਰੋ ਨਿਊਜ਼ :**
ਵਿਧਾਨ ਸਭਾ ਚੋਣਾਂ ਦੌਰਾਨ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ ਕਰਨ ਦਾ ਲਾਰਾ ਲਾ ਕੇ ਸੱਤਾ ਵਿਚ ਆਈ ਕਾਂਗਰਸ ਸਰਕਾਰ ਹੁਣ ਕਿਸਾਨਾਂ ਦਾ ਮਹਿਜ਼ 9600 ਕਰੋੜ ਰੁਪਏ ਦਾ ਫਸਲੀ ਕਰਜ਼ਾ ਮੁਆਫ ਕਰਕੇ ਬੁੱਤਾ ਸਾਰਨ ਦੇ ਰਾਹ ਪੈ ਰਹੀ ਹੈ। ਸੀਨੀਅਰ ਪੱਤਰਕਾਰ ਮੇਜਰ ਸਿੰਘ ਦੀ ਰਿਪੋਰਟ ਅਨੁਸਾਰ ਖੇਤੀ ਆਰਥਿਕਤਾ ਨਾਲ ਜੁੜੇ ਮਾਹਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਕਿਸਾਨਾਂ ਸਿਰ ਚੜ੍ਹੇ ਬੈਂਕਾਂ ਦੇ ਕਰਜ਼ਿਆਂ ਨਾਲੋਂ ਆੜਤੀਆਂ ਤੇ ਸ਼ਾਹੂਕਾਰਾਂ ਦਾ ਕਰਜ਼ਾ ਵਧੇਰੇ ਜੀਅ ਦਾ ਜੰਜਾਲ ਬਣਿਆ ਹੋਇਆ ਹੈ। ਸਭਨਾਂ ਬੈਂਕਾਂ ਦੇ ਕਰਜ਼ੇ ਉੱਪਰ ਵਿਆਜ ਦੀ ਦਰ ਨਿਸਚਿਤ ਹੈ ਤੇ ਇਹ ਕਿਸੇ ਥਾਂ ਵੀ 11-12 ਫੀਸਦੀ ਤੋਂ ਵਧੇਰੇ ਨਹੀਂ, ਪਰ ਆੜਤੀਆਂ, ਸ਼ਾਹੂਕਾਰਾਂ ਤੇ ਹੋਰ ਵਿਆਜਖੋਰਾਂ ਤੋਂ ਲਏ ਗਏ ਕਰਜ਼ੇ ਉੱਪਰ ਵਿਆਜ ਦਰ 24 ਫੀਸਦੀ ਤੋਂ ਕਿਤੇ ਵੀ ਘੱਟ ਨਹੀਂ, ਸਗੋਂ ਬਹੁਤਿਆਂ ਵੱਲੋਂ ਤਾਂ 48 ਫੀਸਦੀ ਤੱਕ ਵੀ ਵਿਆਜ ਲਿਆ ਜਾਂਦਾ ਹੈ। ਮਾਲਵਾ ਖੇਤਰ ਦੀ ਕਿਸਾਨ ਆਤਮਹੱਤਿਆ ਵਾਲੀ ਪੱਟੀ ਸ਼ਾਹੂਕਾਰਾ ਕਰਜ਼ੇ ਤੋਂ ਵਧੇਰੇ ਪ੍ਰਭਾਵਤ ਹੈ। ਪੰਜਾਬ ਸਰਕਾਰ ਵੱਲੋਂ ਸ਼ਾਹੂਕਾਰਾ ਕਰਜ਼ਿਆਂ ਤੋਂ ਕਿਸਾਨਾਂ ਦੀ ਮੁਕਤੀ ਲਈ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ। ਵਧੇਰੇ ਮਾਹਰਾਂ ਦਾ ਕਹਿਣਾ ਹੈ ਕਿ ਕਿਸਾਨ ਆਤਮ-ਹੱਤਿਆਵਾਂ ਦੇ ਨਿਰੰਤਰ ਜਾਰੀ ਰਹਿਣ ਦਾ ਵੱਡਾ ਕਾਰਨ ਸ਼ਾਹੂਕਾਰਾ ਕਰਜ਼ਿਆਂ ਦਾ ਬੋਝ ਹੈ। ਦੋ ਸਾਲ ਪਹਿਲਾਂ ਇੰਡੀਆ ਕੌਂਸਲ ਫਾਰ ਸੋਸ਼ਲ ਸਾਇੰਸ ਰਿਸਰਚ ਵੱਲੋਂ ਕਰਵਾਏ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਸੀ ਕਿ ਮਾਰਚ 2015 ਤੱਕ ਪੰਜਾਬ ਦੇ ਕਿਸਾਨਾਂ ਸਿਰ ਸ਼ਾਹੂਕਾਰਾਂ ਤੇ ਆੜਤੀਆਂ ਦਾ ਕੁਲ ਕਰਜ਼ਾ 12874 ਕਰੋੜ ਰੁਪਏ ਸੀ। ਖੇਤ ਮਜ਼ਦੂਰਾਂ ਬਾਰੇ ਰਾਜ ਪੱਧਰੀ ਅੰਕੜਾ ਇਕੱਠਾ ਕਰਨਾ ਤਾਂ ਮੁਸ਼ਕਲ ਹੈ, ਕਿਉਂਕਿ ਪੇਂਡੂ ਖੇਤਰ




ਦੇ ਬਹੁਤ ਸਾਰੇ ਮਜ਼ਦੂਰਾਂ ਦੀ ਆਮਦਨ ਦਾ ਵੱਡਾ ਸੋਮਾ ਗ਼ੈਰ ਖੇਤੀ ਵਾਲਾ ਹੈ, ਪਰ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਸੀ ਕਿ ਮੁੱਖ ਤੌਰ 'ਤੇ ਖੇਤੀ ਉੱਪਰ ਨਿਰਭਰ ਮਜ਼ਦੂਰਾਂ ਸਿਰ ਔਸਤਨ ਪ੍ਰਤੀ ਪਰਿਵਾਰ 68000 ਦੇ ਕਰੀਬ ਕਰਜ਼ਾ ਹੈ। ਸਰਵੇਖਣ ਵਿਚ ਇਹ ਗੱਲ ਵੀ ਸਾਹਮਣੇ ਆਈ ਸੀ ਕਿ ਵੱਡੇ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਹੌਲੀ ਹੈ, ਪਰ ਘੱਟ ਜ਼ਮੀਨੇ ਕਿਸਾਨ ਕਰਜ਼ੇ ਤੋਂ ਵਧੇਰੇ ਪੀੜਤ ਹਨ। ਸਰਵੇਖਣ ਮੁਤਾਬਕ ਢਾਈ ਏਕੜ ਤੱਕ ਜ਼ਮੀਨ ਵਾਲੇ ਕਿਸਾਨਾਂ ਸਿਰ ਪ੍ਰਤੀ ਏਕੜ ਕਰਜ਼ਾ 1 ਲੱਖ 40 ਹਜ਼ਾਰ ਰੁਪਏ ਦੇ ਕਰੀਬ ਹੈ, ਜਦਕਿ 15 ਏਕੜ ਤੋਂ ਵਧੇਰੇ ਜ਼ਮੀਨ ਵਾਲੇ ਸਿਰ ਇਹ ਦਰ ਪ੍ਰਤੀ ਏਕੜ 57 ਹਜ਼ਾਰ ਰੁਪਏ ਤੱਕ ਹੈ। ਸਰਵੇਖਣ ਹੋਇਆਂ ਦੋ ਸਾਲ ਬੀਤੇ ਗਏ ਹਨ। ਖੇਤੀ ਅਰਥਸ਼ਾਸਤਰੀ ਡਾ. ਗਿਆਨ ਸਿੰਘ ਦਾ ਕਹਿਣਾ ਹੈ ਕਿ ਦੋ ਸਾਲ ਵਿਚ ਕਰਜ਼ੇ ਦਾ 15-20 ਫੀਸਦੀ ਵਧ ਜਾਣਾ ਕੁਦਰਤੀ ਗੱਲ ਹੈ। ਉਨਾਂ ਦਾ ਅੰਦਾਜ਼ਾ ਹੈ ਕਿ ਕਿਸਾਨਾਂ ਸਿਰ ਸ਼ਾਹੂਕਾਰਾਂ ਦੇ ਕਰਜ਼ੇ ਦੀ ਪੰਡ 15 ਹਜ਼ਾਰ ਕਰੋੜ ਰੁਪਏ ਤੋਂ ਵਧੇਰੇ ਹੈ।

**ਸਰਕਾਰ ਤੋਂ ਟੁੱਟ ਰਿਹਾ ਹੈ ਕਿਸਾਨਾਂ ਦਾ ਭਰੋਸਾ :**
ਸਿਰਫ 9600 ਕਰੋੜ ਦਾ ਕਰਜ਼ਾ ਮੁਆਫ਼ ਕਰਨ ਨਾਲ ਕਿਸਾਨਾਂ ਦਾ ਕਿਸੇ ਵੀ ਪੱਧਰ 'ਤੇ ਮਸਲਾ ਹੱਲ ਨਹੀਂ ਹੋਣਾ। ਅਜਿਹੇ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਕਿਸਾਨਾਂ ਦੀ ਕੁਰਕੀ ਰੋਕਣ ਲਈ ਸਹਿਕਾਰਤਾ ਕਾਨੂੰਨ ਦੀ ਧਾਰਾ 67 ਏ ਖਤਮ ਕਰਨਾ ਮਹਿਜ਼ ਅੱਖਾਂ ਪੂੰਝਣ ਵਾਲੀ ਗੱਲ ਹੈ। ਕਿਸਾਨਾਂ ਦੀਆਂ ਜ਼ਮੀਨਾਂ ਇਸ ਧਾਰਾ ਹੇਠ ਕਦੇ ਵੀ ਕੁਰਕ ਨਹੀਂ ਹੋਈਆਂ, ਸਗੋਂ ਸ਼ਾਹੂਕਾਰਾਂ ਤੇ ਬੈਂਕਾਂ ਦੁਆਰਾ ਜ਼ਮੀਨ ਕੁਰਕ ਕਰਨ ਲਈ ਕਾਨੂੰਨ ਵੱਖਰੇ ਹਨ। ਮਾਲਵਾ ਖੇਤਰ ਦੇ ਛੋਟੇ ਜਿਹੇ ਜ਼ਿਲਾ ਫਰੀਦਕੋਟ ਵਿਚ ਹੀ ਪਿਛਲੇ ਸਮੇਂ ਦੌਰਾਨ 200 ਦੇ ਕਰੀਬ ਕਿਸਾਨਾਂ ਦੀਆਂ ਜ਼ਮੀਨਾਂ ਸ਼ਾਹੂਕਾਰਾਂ ਦੇ ਅਦਾਲਤਾਂ ਵਿਚ ਜਾਣ 'ਤੇ ਕੁਰਕ ਕਰਨ ਦੇ ਹੁਕਮ ਜਾਰੀ ਹੋਏ ਹਨ। ਇਸ ਤਰਾਂ ਬਠਿੰਡਾ, ਮਾਨਸਾ ਤੇ ਬਰਨਾਲਾ ਜ਼ਿਲਿਆਂ ਵਿਚ ਕਿਸਾਨਾਂ ਦੀ ਜ਼ਮੀਨ ਕੁਰਕੀ ਦੇ ਬਹੁਤ ਸਾਰੇ ਕੇਸ ਚੱਲ ਰਹੇ ਹਨ ਜਾਂ ਹੁਕਮ ਜਾਰੀ ਹੋਏ ਹਨ। ਉਂਝ ਹੇਠਲੀਆਂ ਅਦਾਲਤਾਂ ਸਰਕਾਰੀ ਬਿਆਨਾਂ ਅਤੇ ਕਰਜ਼ਾ ਮੁਆਫੀ ਦੇ ਚੱਲ ਰਹੇ ਮਾਹੌਲ ਵਿਚ ਕਾਨੂੰਨੀ ਕਾਰਵਾਈ ਕਰਨ ਵਿਚ ਅਜੇ ਢਿੱਲ ਵਰਤ ਰਹੀਆਂ ਹਨ। ਹੁਣ ਪੰਜਾਬ ਦੇ ਵਿੱਤ ਮੰਤਰੀ ਤੇ ਹੋਰ ਅਧਿਕਾਰੀਆਂ ਵੱਲੋਂ ਰਿਜ਼ਰਵ ਬੈਂਕ ਦੇ ਅਧਿਕਾਰੀਆਂ ਕੋਲ ਸਿਰਫ 9600 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਲਈ ਲੰਮੇ ਸਮੇਂ ਦਾ ਕਰਜ਼ਾ ਲੈਣ ਦੀ ਕੀਤੀ ਮੰਗ ਨੇ ਕਿਸਾਨਾਂ ਦੇ ਕਰਜ਼ੇ ਮੁਆਫੀ ਵਾਲੇ ਸਾਰੇ ਭੁਲੇਖੇ ਹੀ ਚੁੱਕ ਦਿੱਤੇ ਹਨ। ਕਿਸਾਨ ਸੰਗਠਨਾਂ ਦੇ ਆਗੂਆਂ ਵਿਚ ਇਹ ਚਰਚਾ ਹੈ ਕਿ ਸ਼ਾਹੂਕਾਰਾਂ ਦੇ ਕਰਜ਼ਿਆਂ ਬਾਰੇ ਕੋਈ ਕਦਮ ਚੁੱਕੇ ਬਗੈਰ ਗਰੀਬ ਤੇ ਛੋਟੇ ਕਿਸਾਨਾਂ ਦਾ ਮਸਲਾ ਹੱਲ ਨਹੀਂ ਹੋਣਾ। ਪਿਛਲੀ ਸਰਕਾਰ ਸਮੇਂ ਸ਼ਾਹੂਕਾਰਾ ਕਰਜ਼ੇ ਬਾਰੇ ਕਾਨੂੰਨ ਬਣਾਉਣ ਦਾ ਯਤਨ ਕੀਤਾ ਗਿਆ ਸੀ, ਪਰ ਮੂਲ ਨਾਲੋਂ ਦੁੱਗਣੀ ਰਕਮ ਵਾਪਸ ਕਰਨ ਵਾਲੇ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਬਾਰੇ ਨਾ ਕੋਈ ਅਥਾਰਟੀ ਬਣਾਈ ਤੇ ਨਾ ਹੀ ਕਾਨੂੰਨ। ਨਾ ਹੀ ਵਿਆਜ ਦੀ ਦਰ ਬਾਰੇ ਹੀ ਕੋਈ ਨਿਬੇੜਾ ਕੀਤਾ ਗਿਆ। ਨਵੀਂ ਸਰਕਾਰ ਨੇ ਤਾਂ ਇਸ ਬਾਰੇ ਸੋਚਣਾ ਵੀ ਸ਼ੁਰੂ ਨਹੀਂ ਕੀਤਾ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਦਿਨੋਂ-ਦਿਨ ਕਿਸਾਨਾਂ ਦਾ ਸਰਕਾਰ ਤੋਂ ਭਰੋਸਾ ਟੁੱਟ ਰਿਹਾ ਹੈ ਤੇ 9600 ਕਰੋੜ ਦੀ ਕਰਜ਼ਾ ਮੁਆਫ਼ੀ ਤਾਂ ਊਠ ਤੋਂ ਛਾਣਨੀ ਲਾਹੁਣ ਦੇ ਬਰਾਬਰ ਹੀ ਹੈ।

# ਹਜੂਮੀ ਕਤਲਾਂ ਲਈ ਵਿਰੋਧੀ ਧਿਰ ਨੇ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ

## ਲੋਕ ਸਭਾ ਵਿੱਚ 1984 ਦੇ ਕਤਲੇਆਮ ਦਾ ਮੁੱਦਾ ਵੀ ਉਠਿਆ

**ਨਵੀਂ ਦਿੱਤੀ/ਬਿਊਰੋ ਨਿਊਜ਼ :** ਹਜੂਮੀ ਕਤਲਾਂ ਦੇ ਮੁੱਦੇ 'ਤੇ ਲੋਕ ਸਭਾ ਵਿਚ ਵਿਰੋਧੀ ਧਿਰ ਅਤੇ ਸਰਕਾਰ ਆਹਮੋ ਸਾਹਮਣੇ ਆ ਗਏ। ਵਿਰੋਧੀ ਪਾਰਟੀਆਂ ਨੇ ਹਜੂਮੀ ਕਤਲਾਂ ਲਈ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਤਾਂ ਹਾਕਮ ਧਿਰ ਨੇ ਕਿਹਾ ਕਿ ਅਜਿਹੇ ਅਪਰਾਧਾਂ ਨਾਲ ਸਿੱਝਣ ਲਈ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ। ਸੋਮਵਾਰ ਨੂੰ ਸਦਨ ਵਿਚ ਜਦੋਂ ਹਜੂਮੀ ਕਤਲਾਂ ਦੇ ਮੁੱਦੇ 'ਤੇ ਬਹਿਸ ਸ਼ੁਰੂ ਹੋਈ ਤਾਂ ਸਾਰੀਆਂ ਪਾਰਟੀਆਂ ਨੇ ਗਊ ਦੇ ਨਾਮ 'ਤੇ ਕਤਲਾਂ ਦੀ ਜ਼ੋਰਦਾਰ ਨਿਖੇਧੀ ਕੀਤੀ। ਕਾਂਗਰਸ ਅਤੇ ਤ੍ਰਿਣਾਮੂਲ ਕਾਂਗਰਸ ਨੇ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਹਿੰਸਾ ਲਈ ਜ਼ਿੰਮੇਵਾਰ ਗਊ ਰੱਖਿਅਕਾਂ ਨੂੰ ਸ਼ਹਿ ਦੇ ਰਹੀ ਹੈ। ਹਾਕਮ ਧਿਰ ਨੇ ਰਮਾਇਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਕੁਝ ਰਾਖ਼ਸ਼ਾਂ ਨੇ ਪਵਿੱਤਰਤਾ ਦਾ ਚੋਲਾ ਪਾ ਕੇ ਸਰਕਾਰ ਨੂੰ ਬਦਨਾਮ ਕਰਨ ਦਾ ਕੰਮ ਫੜ ਲਿਆ ਹੈ ਅਤੇ ਹਿੰਸਾ 'ਤੇ ਕਾਬੂ ਪਾਉਣਾ ਸੂਬਾ ਸਰਕਾਰਾਂ ਦਾ ਫਰਜ਼ ਬਣਦਾ ਹੈ। ਕਾਂਗਰਸ ਆਗੂ ਮਲਿਕਾਰਜੁਨ ਖੜਗੇ ਨੇ ਬਹਿਸ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ 'ਹਿੰਦੁਸਤਾਨ' ਨੂੰ ਹਜੂਮੀ ਕਤਲਾਂ ਦਾ ਮੁਲਕ ਨਹੀਂ ਬਣਨਾ ਚਾਹੀਦਾ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਘੱਟ ਗਿਣਤੀਆਂ, ਦਲਿਤਾਂ ਅਤੇ ਮਹਿਲਾਵਾਂ ਖ਼ਿਲਾਫ਼ ਹੈ ਅਤੇ ਇਨ੍ਹਾਂ ਵਰਗਾਂ ਨੂੰ ਹਜੂਮੀ ਹਿੰਸਾ ਦਾ ਸਭ ਤੋਂ ਵਧ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਅਜਿਹੀ ਹਿੰਸਾ ਦੀ ਖ਼ਿਲਾਫ਼ਤ ਕੀਤੀ ਹੈ ਪਰ ਕਾਰਵਾਈ ਕੁਝ ਨਹੀਂ ਕੀਤੀ। ਉਨ੍ਹਾਂ ਵੀਐਚਪੀ ਅਤੇ ਬਜਰੰਗ ਦਲ ਵਰਗੀਆਂ ਜਥੇਬੰਦੀਆਂ 'ਤੇ ਦੋਸ਼ ਲਾਇਆ ਕਿ ਉਹ ਹਜੂਮੀ ਹਿੰਸਾ ਵਿਚ ਸ਼ਾਮਲ ਹਨ। ਭਾਜਪਾ ਹਕੂਮਤ ਵਾਲੇ ਝਾਰਖੰਡ ਅਤੇ ਮੱਧ ਪ੍ਰਦੇਸ਼ ਨੂੰ ਹਜੂਮੀ ਕਤਲਾਂ ਦਾ ਕੇਂਦਰ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਦੇਸ਼ ਦੀ ਏਕਤਾ ਲਈ ਸਭ ਤੋਂ ਵੱਡਾ ਖ਼ਤਰਾ ਬਣ ਗਈਆਂ ਹਨ। ਸੂਬਿਆਂ ਦੇ ਮਾਮਲੇ ਅਦਾਲਤਾਂ ਵਿਚ ਵਿਚਾਰ ਅਧੀਨ ਹੋਣ ਦਾ ਹਵਾਲਾ ਦਿੰਦਿਆਂ ਭਾਜਪਾ ਨੇ ਰੌਲਾ ਪਾਇਆ। ਸੰਸਦੀ ਮਾਮਲਿਆਂ ਬਾਰੇ ਮੰਤਰੀ ਅਨੰਤ ਕੁਮਾਰ ਨੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਭਾਸ਼ਣ ਦਾ ਹਵਾਲਾ ਦੇਣ 'ਤੇ ਵੀ ਇਤਰਾਜ਼ ਕੀਤਾ ਅਤੇ ਕਿਹਾ ਕਿ ਇਹ ਨਿਯਮਾਂ ਵਿਰੁੱਧ ਹੈ। ਸ੍ਰੀ ਖੜਗੇ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਭਾਜਪਾ ਮੈਂਬਰ ਹੁਕਮਦੇਵ ਨਰਾਇਣ ਯਾਦਵ ਨੇ ਸਦਨ ਦਾ ਧਿਆਨ 1984 ਦੇ ਸਿੱਖ ਵਿਰੋਧੀ ਦੰਗਿਆਂ ਵਲ ਦਿਵਾਇਆ ਅਤੇ ਕੇਰਲਾ ਵਿਚ ਆਰਐਸਐਸ ਵਰਕਰ ਦੇ ਕਤਲ ਦਾ ਮੁੱਦਾ ਉਠਾਇਆ। ਤ੍ਰਿਣਮੂਲ ਕਾਂਗਰਸ ਦੇ ਸੌਗਾਤਾ ਰਾਏ ਨੇ ਰਸਾਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ 2010 ਤੋਂ 2017 ਦਰਮਿਆਨ ਗਊ ਰੱਖਿਆ ਦੇ ਨਾਮ 'ਤੇ 63 ਹਿੰਸਕ ਘਟਨਾਵਾਂ ਵਾਪਰੀਆਂ ਹਨ। ਉਨ੍ਹਾਂ 'ਮਾਨਵ ਸੁਰੱਕਸ਼ਾ ਕਾਨੂੰਨ' ਬਣਾਉਣ ਦੀ ਮੰਗ ਕੀਤੀ। ਗ੍ਰਹਿ ਰਾਜ ਮੰਤਰੀ ਕਿਰਨ ਰਿਜਿਜੂ ਨੇ ਉਨ੍ਹਾਂ ਦੀਆਂ ਟਿੱਪਣੀਆਂ 'ਤੇ ਇਤਰਾਜ਼ ਜਤਾਇਆ ਅਤੇ ਕਿਹਾ ਕਿ ਸਦਨ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ। ਭਾਜਪਾ ਦੇ ਐਸ ਐਸ ਆਹਲੂਵਾਲੀਆ ਅਤੇ ਹੋਰ ਮੈਂਬਰਾਂ ਤੇ ਕਲਿਆਣ ਬੈਨਰਜੀ ਤੇ ਟੀਐਮਸੀ ਮੈਂਬਰਾਂ ਵਿਚਕਾਰ ਗਰਮਾ ਗਰਮ ਬਹਿਸ ਹੋਈ। ਸੌਗਾਤਾ ਰਾਏ ਨੇ ਮੁਹੰਮਦ ਅਖ਼ਲਾਕ, ਪਹਿਲੂ ਖ਼ਾਨ ਅਤੇ ਜੁਨੈਦ ਖ਼ਾਨ ਦੇ ਕਤਲਾਂ ਦਾ ਜ਼ਿਕਰ ਕੀਤਾ। ਲੋਕ ਜਨਸ਼ਕਤੀ ਪਾਰਟੀ ਆਗੂ ਅਤੇ ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਕਿਹਾ ਕਿ ਸ੍ਰੀ ਮੋਦੀ ਨੇ ਹਜੂਮੀ ਕਤਲਾਂ ਦੀ ਨਿਖੇਧੀ ਕੀਤੀ ਹੈ ਪਰ ਤਤਕਾਲੀ ਪ੍ਰਧਾਨ ਮੰਤਰੀ (ਰਾਜੀਵ ਗਾਂਧੀ) ਨੇ ਤਾਂ 1984 ਦੇ ਸਿੱਖ ਵਿਰੋਧੀ ਦੰਗਿਆਂ ਵੇਲੇ ਇਹ ਟਿੱਪਣੀ ਕੀਤੀ ਸੀ ਕਿ ਜਦੋਂ ਕੋਈ ਵੱਡਾ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੈ। ਉਂਜ ਪਾਸਵਾਨ ਨੇ ਸੁਝਾਅ ਦਿੱਤਾ ਕਿ ਬਹਿਸ ਤੋਂ ਬਾਅਦ ਸਦਨ ਹਜੂਮੀ ਕਤਲਾਂ ਦੀ ਨਿਖੇਧੀ ਕਰੇ ਅਤੇ ਸਾਰੀਆਂ ਪਾਰਟੀਆਂ ਤੇ ਮੁੱਖ ਮੰਤਰੀਆਂ ਨੂੰ ਅਪੀਲ ਕੀਤੀ ਜਾਵੇ ਕਿ ਅਜਿਹੇ ਮਾਮਲਿਆਂ ਦੀ ਜਾਂਚ 24 ਘੰਟਿਆਂ ਵਿਚ ਕੀਤੀ ਜਾਵੇ। ਸ੍ਰੀ ਖੜਗੇ ਨੇ ਕਿਹਾ ਕਿ ਬਹਿਸ ਮੌਜੂਦਾ ਸਰਕਾਰ ਸਮੇਂ ਵਾਪਰੀਆਂ ਘਟਨਾਵਾਂ ਨੂੰ ਲੈ ਕੇ ਹੋ ਰਹੀ ਹੈ ਅਤੇ ਉਸ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ ਨਾ ਕਿ 1984 ਦਾ ਮੁੱਦਾ ਉਠਾਇਆ ਜਾਣਾ ਚਾਹੀਦਾ ਹੈ ਜਿਸ 'ਤੇ ਸਦਨ ਵਿਚ ਬਹਿਸ ਹੋ ਚੁੱਕੀ ਹੈ।



ਕਾਂਗਰਸ ਆਗੂ ਮਲਿਕਾਰਜੁਨ ਖੜਗੇ ਲੋਕ ਸਭਾ ਵਿਚ ਹਜੂਮੀ ਕਤਲਾਂ ਸਬੰਧੀ ਹੋਈ ਬਹਿਸ ਵਿੱਚ ਹਿੱਸਾ ਲੈਂਦੇ ਹੋਏ।

## ਗੁਜਰਾਤ ਦੇ ਕਾਂਗਰਸੀ ਵਿਧਾਇਕਾਂ ਦੇ ਮਾਮਲੇ 'ਤੇ ਵੀ ਹੰਗਾਮਾ

ਗੁਜਰਾਤ ਵਿਚ ਕਾਂਗਰਸ ਵਿਧਾਇਕਾਂ ਨੂੰ ਰਾਜ ਸਭਾ ਚੋਣਾਂ ਲਈ ਭਾਜਪਾ ਉਮੀਦਵਾਰ ਦੇ ਹੱਕ ਵਿਚ ਭੁਗਤਣ ਦਾ ਮਾਮਲਾ ਲੋਕ ਸਭਾ ਅਤੇ ਰਾਜ ਸਭਾ ਵਿਚ ਗੂੰਜਿਆ। ਕਾਂਗਰਸ ਨੇ ਦੋਵੇਂ ਸਦਨਾਂ ਵਿਚ ਦੋਸ਼ ਲਾਇਆ ਕਿ ਭਾਜਪਾ ਵੱਲੋਂ ਕਾਂਗਰਸ ਵਿਧਾਇਕਾਂ ਨੂੰ ਤੋੜਨ ਲਈ 15-15 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਲੋਕ ਸਭਾ ਵਿਚ ਇਹ ਮਾਮਲਾ ਕਾਂਗਰਸ ਆਗੂ ਮਲਿਕਾਰਜੁਨ ਖੜਗੇ ਨੇ ਉਠਾਇਆ ਅਤੇ ਦੋਸ਼ ਲਾਇਆ ਕਿ ਕਾਂਗਰਸ ਵਿਧਾਇਕਾਂ ਉਪਰ ਦਬਾਅ ਬਣਾਇਆ ਜਾ ਰਿਹਾ ਹੈ। ਸ੍ਰੀ ਖੜਗੇ ਅਤੇ ਕਾਂਗਰਸ ਚੀਫ਼ ਵ੍ਹਿਪ ਜੋਤੀਰਾਦਿਤਿਆ ਸਿੰਧੀਆ ਨੇ ਸਦਨ ਵਿਚ ਇਸ ਮੁੱਦੇ 'ਤੇ ਬਹਿਸ ਮੰਗੀ ਪਰ ਸਪੀਕਰ ਸੁਮਿੱਤਰਾ ਮਹਾਜਨ ਨੇ ਸੂਬੇ ਦਾ ਮਾਮਲਾ ਹੋਣ ਕਰ ਕੇ ਸਦਨ ਵਿਚ ਬਹਿਸ ਕਰਾਉਣ ਤੋਂ ਇਨਕਾਰ ਕਰ ਦਿੱਤਾ। ਉਧਰ ਰਾਜ ਸਭਾ ਵਿਚ ਕਾਂਗਰਸ ਅਤੇ ਭਾਜਪਾ ਮੈਂਬਰ ਇੱਕ ਦੂਜੇ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਰਹੇ। ਹੰਗਾਮਾ ਹੁੰਦਿਆਂ ਦੇਖ ਕੇ ਉਪ ਸਭਾਪਤੀ ਪੀ ਜੇ ਕੁਰੀਅਨ ਨੇ ਸਦਨ ਦੀ ਕਾਰਵਾਈ 10 ਮਿੰਟਾਂ ਲਈ ਮੁਲਤਵੀ ਕਰ ਦਿੱਤੀ।

# ਸੁਪਰੀਮ ਕੋਰਟ ਨੇ ਪਾਈ ਝਾੜ-ਸਰਕਾਰਾਂ ਗਊ ਰੱਖਿਆਂ ਦੀ ਨਾ ਕਰਨ ਰਾਖੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਕਿਹਾ ਕਿ ਉਹ ਕਿਸੇ ਵੀ ਤਰੀਕੇ ਨਾਲ ਗਊ ਰੱਖਿਅਕਾਂ ਦਾ ਬਚਾਓ ਨਾ ਕਰਨ ਅਤੇ ਇਸ ਦੇ ਨਾਂ ਉਤੇ ਹੋ ਰਹੀਆਂ ਹਿੰਸਕ ਘਟਨਾਵਾਂ ਬਾਰੇ ਜਵਾਬ ਦੇਣ।

ਕੇਂਦਰ ਸਰਕਾਰ ਨੇ ਜਸਟਿਸ ਦੀਪਕ ਮਿਸਰਾ ਦੀ ਅਗਵਾਈ ਵਾਲੇ ਬੈਂਚ ਨੂੰ ਦੱਸਿਆ ਕਿ ਕਾਨੂੰਨ ਵਿਵਸਥਾ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਅਤੇ ਜਿੱਥੋਂ ਤੱਕ ਕੇਂਦਰ ਦਾ ਸਬੰਧ ਹੈ, ਉਹ ਗਊ ਰੱਖਿਆ ਦੇ ਨਾਂ ਉਤੇ ਕਿਸੇ ਵੀ ਤਰ੍ਹਾਂ ਦੀ ਹਿੰਸਾ ਦੀ ਹਮਾਇਤ ਨਹੀਂ ਕਰਦੀ। ਜਸਟਿਸ ਏ.ਐਮ. ਖਨਵਾਲੀਕਰ ਅਤੇ ਐਮ.ਐਮ. ਸ਼ਾਂਤਨਾਗੌਡਰ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ, "ਤੁਸੀਂ ਕਹਿ ਰਹੇ ਹੋ ਕਿ ਕਾਨੂੰਨ ਵਿਵਸਥਾ ਰਾਜਾਂ ਦਾ ਮਾਮਲਾ ਹੈ ਅਤੇ ਰਾਜ ਸਰਕਾਰਾਂ ਕਾਨੂੰਨ ਅਨੁਸਾਰ ਕਦਮ ਚੁੱਕ ਰਹੀਆਂ ਹਨ। ਤੁਸੀਂ ਕਿਸੇ ਵੀ ਤਰ੍ਹਾਂ ਗਊ ਰੱਖਿਅਕਾਂ ਦਾ ਬਚਾਅ ਨਹੀਂ ਕਰ ਰਹੇ।"

ਅਦਾਲਤ ਨੇ ਸੋਸ਼ਲ ਮੀਡੀਆ ਉਤੇ ਅਪਲੋਡ ਗਊ ਰੱਖਿਆ ਨਾਲ ਸਬੰਧਤ ਹਿੰਸਕ ਤੱਤ ਹਟਾਉਣ ਲਈ ਵੀ ਕੇਂਦਰ ਤੇ ਰਾਜਾਂ ਸਰਕਾਰ ਦੇ ਸਹਿਯੋਗ ਦੀ ਮੰਗ ਕੀਤੀ। ਸਾਲਿਸਟਰ ਜਨਰਲ ਰਣਜੀਤ ਕੁਮਾਰ ਨੇ ਕਿਹਾ ਕਿ ਕਾਨੂੰਨ ਵਿਵਸਥਾ ਰਾਜਾਂ ਦਾ ਮਸਲਾ ਹੈ ਅਤੇ ਕੇਂਦਰ ਸਰਕਾਰ ਦੀ ਇਸ ਵਿੱਚ ਕੋਈ ਭੂਮਿਕਾ ਨਹੀਂ। ਫਿਰ ਵੀ ਕੇਂਦਰ ਸਰਕਾਰ ਦਾ ਇਹ ਮੱਤ ਹੈ ਕਿ ਕਾਨੂੰਨ ਮੁਤਾਬਕ ਦੇਸ਼ ਵਿੱਚ ਗਊ ਰੱਖਿਆ ਦੇ ਨਾਂ ਉਤੇ ਕਿਸੇ ਵੀ ਹਿੰਸਕ ਗਰੁੱਪ ਲਈ ਕੋਈ ਥਾਂ ਨਹੀਂ। ਕੇਂਦਰ ਸਰਕਾਰ ਪ੍ਰਾਈਵੇਟ ਵਿਅਕਤੀਆਂ ਵੱਲੋਂ ਗਊ ਰੱਖਿਆ ਦੀ ਹਮਾਇਤ ਨਹੀਂ ਕਰਦੀ। ਭਾਜਪਾ ਸ਼ਾਸਤ ਸੂਬੇ ਗੁਜਰਾਤ ਤੇ ਝਾਰਖੰਡ ਵੱਲੋਂ ਪੇਸ਼ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਗਊ ਰੱਖਿਆ ਦੇ ਨਾਂ ਉਤੇ ਹਿੰਸਕ ਘਟਨਾਵਾਂ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਢੁਕਵੇਂ ਕਦਮ ਚੁੱਕੇ ਗਏ ਹਨ। ਬੈਂਚ ਨੇ ਉਨ੍ਹਾਂ ਦੀ ਬੇਨਤੀ ਨੂੰ ਰਿਕਾਰਡ ਕੀਤਾ ਅਤੇ ਕੇਂਦਰ ਤੇ ਹੋਰ ਸਰਕਾਰਾਂ ਨੂੰ ਇਨ੍ਹਾਂ ਹਿੰਸਕ ਘਟਨਾਵਾਂ ਬਾਰੇ ਚਾਰ ਹਫ਼ਤਿਆਂ ਵਿੱਚ ਜਵਾਬ ਦੇਣ ਲਈ ਕਿਹਾ। ਅਦਾਲਤ ਨੇ ਕੇਸ ਦੀ ਸੁਣਵਾਈ ਦੀ ਅਗਲੀ ਤਰੀਕ 6 ਸਤੰਬਰ ਤੈਅ ਕੀਤੀ। ਇਹ ਪਟੀਸ਼ਨ ਤਹਿਸੀਨ ਐਸ ਪੂਨਾਵਾਲਾ ਨੇ ਦਾਇਰ ਕੀਤੀ ਸੀ, ਜਿਸ ਨੇ ਕਿਹਾ ਸੀ ਕਿ ਗਊ ਰੱਖਿਅਕ ਗਰੁੱਪਾਂ ਦੀ ਹਿੰਸਾ ਅਜਿਹੇ ਪੱਧਰ ਉਤੇ ਪੁੱਜ ਗਈ, ਜਿੱਥੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਐਲਾਨ ਕਰਨਾ ਪਿਆ ਕਿ ਇਹ ਲੋਕ ਸਮਾਜ ਨੂੰ ਤਬਾਹ ਕਰ ਰਹੇ ਹਨ।

## 'ਗਊ ਰਾਖਿਆਂ' ਨੇ 7 ਮਹੀਨਿਆਂ 'ਚ ਕੀਤੇ 27 ਹਮਲੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਮੌਜੂਦਾ ਸਾਲ ਦੇ ਸੱਤ ਮਹੀਨਿਆਂ ਦੌਰਾਨ ਗਊ ਰੱਖਿਆ ਦੇ ਨਾਂ 'ਤੇ ਵਾਪਰੀਆਂ ਹਿੰਸਕ ਘਟਨਾਵਾਂ ਤਹਿਤ ਮੱਧ ਪ੍ਰਦੇਸ਼ ਦੇ ਮੰਦਸੌਰ ਵਿੱਚ ਦੋ ਔਰਤਾਂ 'ਤੇ ਗਊ ਦਾ ਮਾਸ ਲਿਜਾਣ ਦੇ ਸ਼ੱਕ ਵਿਚ ਹੋਇਆ ਹਮਲਾ ਅਜਿਹਾ 26ਵਾਂ ਹਮਲਾ ਸੀ। ਪਹਿਲੀ ਅਪ੍ਰੈਲ ਨੂੰ ਭੀੜ ਵੱਲੋਂ ਪਹਿਲੂ ਖਾਨ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਉਸ ਦੀ ਮੌਤ ਨਾਲ ਇਨ੍ਹਾਂ ਹਮਲਿਆਂ ਦੀ ਗਿਣਤੀ 27 ਹੋ ਗਈ। ਭਾਰਤ ਵਿੱਚ ਅਜਿਹੀ ਹਿੰਸਾ ਦਾ ਰਿਕਾਰਡ ਰੱਖਣ ਵਾਲੇ ਡਾਟਾਬੇਸ 'ਇੰਡੀਆ ਸਪੈਂਡ' ਮੁਤਾਬਕ ਪਿਛਲੇ ਅੱਠ ਸਾਲਾਂ ਵਿਚ ਇਹ ਗਿਣਤੀ ਸਭ ਤੋਂ ਵੱਧ ਹੈ। ਡਾਟਾਬੇਸ ਮੁਤਾਬਕ



ਪਿਛਲੇ ਅੱਠ ਸਾਲਾਂ ਦੌਰਾਨ ਗਊ ਰੱਖਿਆ ਦੇ ਨਾਂ 'ਤੇ ਹੋਈ ਹਿੰਸਾ ਦੇ 70 ਕੇਸ ਸਾਹਮਣੇ ਆਏ ਹਨ। ਅੰਗਰੇਜ਼ੀ ਮੀਡੀਆ ਦੀਆਂ ਰਿਪੋਰਟਾਂ ਦੇ ਮੁਲਾਂਕਣ ਤੋਂ ਬਾਅਦ ਤਿਆਰ ਡਾਟਾਬੇਸ ਮੁਤਾਬਕ 97 ਫ਼ੀਸਦੀ (70 ਵਿਚੋਂ 68) ਮਾਮਲੇ ਮਈ 2014 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਸੱਤਾ ਵਿਚ ਆਉਣ ਤੋਂ ਬਾਅਦ ਸਾਹਮਣੇ ਆਏ ਹਨ। ਅਜਿਹੇ ਮਾਮਲਿਆਂ ਵਿਚੋਂ ਅੱਧੇ ਤੋਂ ਵੱਧ ਜਾਂ 54 ਫ਼ੀਸਦੀ ਭਾਜਪਾ ਵੱਲੋਂ ਸ਼ਾਸਿਤ ਰਾਜਾਂ ਤੋਂ ਹਨ। ਅੰਕੜਿਆਂ ਮੁਤਾਬਕ ਸਾਲ 2010 ਤੋਂ 2017 ਤਕ 51 ਫ਼ੀਸਦੀ ਮਾਮਲਿਆਂ ਵਿੱਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਨ੍ਹਾਂ ਵਿਚ 86 ਫ਼ੀਸਦੀ ਦੀ ਮੌਤ ਹੋ ਗਈ। ਇਨ੍ਹਾਂ ਹਮਲਿਆਂ ਵਿੱਚ 136 ਵਿਅਕਤੀ ਜ਼ਖ਼ਮੀ ਹੋ ਗਏ ਸਨ ਅਤੇ ਇਨ੍ਹਾਂ ਵਿਚੋਂ ਅੱਧੇ ਤੋਂ ਵੱਧ ਅਫ਼ਵਾਹ ਦੇ ਆਧਾਰ 'ਤੇ ਹੀ ਕੀਤੇ ਗਏ ਸਨ। ਸਰਕਾਰ ਵੱਲੋਂ 25 ਜੁਲਾਈ ਨੂੰ ਲੋਕ ਸਭਾ ਵਿੱਚ ਦਿੱਤੇ ਗਏ ਬਿਆਨ ਮੁਤਾਬਕ ਪਿਛਲੇ ਤਿੰਨ ਸਾਲਾਂ ਵਿਚ ਗਊ ਰੱਖਿਆ ਦੇ ਨਾਂ 'ਤੇ ਵਾਪਰੇ ਹਿੰਸਕ ਮਾਮਲਿਆਂ ਵਿਚ ਹੋਏ ਵਾਧੇ ਤੋਂ ਇਲਾਵਾ ਗ੍ਰਹਿ ਮੰਤਰਾਲੇ ਵੱਲੋਂ ਭੀੜ ਵੱਲੋਂ ਕੁੱਟ-ਕੁੱਟ ਕੇ ਮਾਰੇ ਗਏ ਵਿਅਕਤੀਆਂ ਸਬੰਧੀ ਕੋਈ ਡਾਟਾ ਇਕੱਠਾ ਨਹੀਂ ਕੀਤਾ ਗਿਆ। ਨੈਸ਼ਨਲ ਜਾਂ ਸਟੇਟ ਕ੍ਰਾਈਮ ਡਾਟਾ, ਸਧਾਰਨ ਹਿੰਸਾ ਅਤੇ ਗਊ ਰੱਖਿਆ ਦੇ ਨਾਂ 'ਤੇ ਹੁੰਦੇ ਹਮਲਿਆਂ ਤੇ ਭੀੜ ਵੱਲੋਂ ਕੁੱਟ ਕੁੱਟ ਕੇ ਮਾਰੇ ਗਏ ਵਿਅਕਤੀਆਂ ਦੇ ਮਾਮਲਿਆਂ ਵਿਚ ਕੋਈ ਫ਼ਰਕ ਨਹੀਂ ਕਰਦਾ। ਇਸ ਕਰਕੇ 'ਇੰਡੀਆ ਸਪੈਂਡ ਦਾ ਡਾਟਾਬੇਸ' ਅਜਿਹੀ ਹਿੰਸਾ 'ਤੇ ਹੋਣ ਵਾਲੀਆਂ ਬਹਿਸਾਂ ਲਈ ਅਜਿਹਾ ਪਹਿਲਾ ਅੰਕੜਾ ਆਧਾਰਤ ਡਾਟਾਬੇਸ ਹੈ।

# ਵੱਖਵਾਦੀਆਂ ਨੂੰ ਫੰਡਿੰਗ ਮਾਮਲੇ 'ਚ ਹੁਰੀਅਤ ਆਗੂ ਗਿਲਾਨੀ ਦੇ ਸਾਥੀ ਦਵਿੰਦਰ ਸਿੰਘ ਬਹਿਲ ਤੋਂ ਪੁੱਛਗਿੱਛ

**ਜੰਮੂ/ਨਵੀਂ ਦਿੱਲੀ/ਬਿਊਰੋ ਨਿਊਜ਼ :** ਵੱਖਵਾਦੀਆਂ ਉਤੇ ਸ਼ਿਕੰਜਾ ਕਸਦਿਆਂ ਕੌਮੀ ਜਾਂਚ ਏਜੰਸੀ (ਐਨਆਈਏ) ਨੇ ਹੁਰੀਅਤ ਦੇ ਇਕ ਹੋਰ ਆਗੂ ਦਵਿੰਦਰ ਸਿੰਘ ਬਹਿਲ ਨੂੰ ਉਸ ਦੇ ਬਖ਼ਸ਼ੀ ਨਗਰ, ਜੰਮੂ ਵਿਚਲੇ ਘਰ ਤੋਂ ਚੁੱਕ ਲਿਆ। ਗੈਰ ਮੁਸਲਿਮ ਵੱਖਵਾਦੀ ਆਗੂਆਂ ਵਿਚੋਂ ਇਕ ਬਹਿਲ ਨੂੰ ਚਾਰ ਘੰਟਿਆਂ ਤੋਂ ਵੱਧ ਹਿਰਾਸਤ ਵਿੱਚ ਰੱਖਿਆ ਗਿਆ। ਦਵਿੰਦਰ ਬਹਿਲ 'ਜੰਮੂ ਕਸ਼ਮੀਰ ਸੋਸ਼ਲ ਪੀਸ ਫੋਰਮ' ਦਾ ਚੇਅਰਮੈਨ ਹੈ, ਜੋ ਹੁਰੀਅਤ ਕਾਨਫਰੰਸ (ਗਿਲਾਨੀ ਧੜੇ) ਦਾ ਇਕ ਹਿੱਸਾ ਹੈ। ਉਹ ਹੁਰੀਅਤ ਦੇ ਕਾਨੂੰਨੀ ਸੈੱਲ ਦਾ ਵੀ ਮੈਂਬਰ ਹੈ। ਉਹ ਵਾਦੀ ਵਿੱਚ ਅਤਿਵਾਦੀਆਂ ਦੀਆਂ ਅੰਤਮ ਰਸਮਾਂ ਮੌਕੇ ਅਕਸਰ ਹਾਜ਼ਰ ਹੁੰਦਾ ਹੈ। ਐਨਆਈਏ ਦੇ ਇੰਸਪੈਕਟਰ ਜਨਰਲ ਅਲੋਕ ਮਿੱਤਲ ਨੇ ਕਿਹਾ ਕਿ "ਅਸੀਂ ਦਵਿੰਦਰ ਸਿੰਘ ਬਹਿਲ ਦੇ ਦਫ਼ਤਰ ਤੇ ਘਰ ਉਤੇ ਛਾਪਾ ਮਾਰਿਆ, ਜਿੱਥੋਂ ਚਾਰ ਸੈੱਲਫੋਨ, ਟੈਬਲੈੱਟ ਤੇ ਹੋਰ ਦਸਤਾਵੇਜ਼ ਬਰਾਮਦ ਕੀਤੇ ਗਏ।" ਉਨ੍ਹਾਂ ਕਿਹਾ ਕਿ ਪਾਕਿਸਤਾਨ ਆਧਾਰਤ ਸੰਚਾਲਕਾਂ ਤੋਂ ਵੱਖਵਾਦੀਆਂ ਨੂੰ ਫੰਡ ਪਹੁੰਚਾਉਣ ਵਿੱਚ ਉਸ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ



ਹੈ। ਚਸ਼ਮਦੀਦਾਂ ਮੁਤਾਬਕ ਐਨਆਈਏ ਦੀ ਟੀਮ ਬਾਅਦ ਬਹਿਲ ਦੇ ਘਰ ਪੁੱਜੀ। ਟੀਮ ਵਿੱਚ 20 ਅਧਿਕਾਰੀ ਸਨ ਅਤੇ ਇਸ ਦੀ ਅਗਵਾਈ ਡੀਆਈਜੀ ਰੈਂਕ ਦਾ ਇਕ ਅਧਿਕਾਰੀ ਕਰ ਰਿਹਾ ਸੀ। ਇਸ ਤੋਂ ਫੌਰੀ ਬਾਅਦ ਦਵਿੰਦਰ ਬਹਿਲ ਦੇ ਘਰ ਬਾਹਰ ਇਕੱਤਰ ਹੋਏ ਲੋਕਾਂ ਨੇ ਬਹਿਲ ਤੇ ਵੱਖਵਾਦੀਆਂ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਗੜਬੜੀ ਦੀ ਸੰਭਾਵਨਾ ਕਾਰਨ ਐਨਆਈਏ ਦੀ ਟੀਮ ਨੇ ਪੁਲੀਸ ਤੇ ਸੀਆਰਪੀਐਫ ਦੇ ਕਮਾਂਡੋਜ਼ ਦੀ ਮਦਦ ਲਈ, ਜਿਨ੍ਹਾਂ ਬਹਿਲ ਨੂੰ ਸੁਰੱਖਿਅਤ ਤਰੀਕੇ ਨਾਲ ਇਕ ਵਾਹਨ ਵਿੱਚ ਕੱਢਿਆ। ਐਨਆਈਏ ਦੇ ਬੁਲਾਰੇ ਨੇ ਕਿਹਾ ਕਿ ਏਜੰਸੀ ਨੇ ਬਹਿਲ ਤੋਂ ਪੁੱਛ-ਪੜਤਾਲ ਵੀ ਕੀਤੀ। ਬਾਅਦ ਵਿੱਚ ਐਨਆਈਏ ਨੇ ਗਿਲਾਨੀ ਦੇ ਛੋਟੇ ਪੁੱਤਰ ਨਸੀਮ ਨੂੰ ਸੰਮਨ ਜਾਰੀ ਕਰ ਕੇ ਬੁੱਧਵਾਰ ਨੂੰ ਪੇਸ਼ ਹੋਣ ਲਈ ਕਿਹਾ। ਹੁਰੀਅਤ ਦੇ ਮੈਂਬਰਾਂ ਨੇ ਕਿਹਾ ਕਿ ਗਿਲਾਨੀ ਦੇ ਵੱਡੇ ਪੁੱਤਰ ਨਈਮ ਨੂੰ ਭਲਕੇ ਨਵੀਂ ਦਿੱਲੀ ਵਿੱਚ ਏਜੰਸੀ ਦੇ ਹੈੱਡਕੁਆਰਟਰ ਉਤੇ ਹਾਜ਼ਰ ਹੋਣ ਲਈ ਕਿਹਾ ਗਿਆ ਸੀ ਪਰ ਉਸ ਨੂੰ ਛਾਤੀ ਵਿੱਚ ਦਰਦ ਕਾਰਨ ਸ੍ਰੀਨਗਰ ਦੇ ਇਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਕਿੱਤੇ ਵਜੋਂ ਸਰਜਨ ਨਈਮ 11 ਸਾਲਾਂ ਮਗਰੋਂ 2010 ਵਿੱਚ ਪਾਕਿਸਤਾਨ ਤੋਂ ਪਰਤਿਆ ਸੀ ਅਤੇ ਉਸ ਨੂੰ ਗਿਲਾਨੀ ਦਾ ਪ੍ਰਤੱਖ ਜਾਨਸ਼ੀਨ ਸਮਝਿਆ ਜਾ ਰਿਹਾ ਹੈ। ਨਈਮ ਤੋਂ ਅਤਿਵਾਦ ਫੰਡਿੰਗ ਕੇਸ ਵਿੱਚ ਪੁੱਛ-ਪੜਤਾਲ ਹੋਣੀ ਹੈ। ਇਸ ਕੇਸ ਵਿੱਚ ਪਾਕਿਸਤਾਨ ਆਧਾਰਤ ਜਮਾਤ-ਉਦ-ਦਾਵਾ ਅਤੇ ਪਾਬੰਦੀਸ਼ੁਦਾ ਲਸ਼ਕਰ-ਏ-ਤੋਇਬਾ ਦਾ ਆਗੂ ਹਾਫ਼ਿਜ਼ ਸਈਦ ਮੁਲਜ਼ਮ ਵਜੋਂ ਸ਼ਾਮਲ ਹੈ। ਐਨਆਈਏ ਨੇ ਐਫਆਈਆਰ ਵਿੱਚ ਗਿਲਾਨੀ ਅਤੇ ਨਰਮਖਿਆਲੀ ਹੁਰੀਅਤ ਆਗੂ ਮੀਰਵਾਈਜ਼ ਉਮਰ ਫਾਰੂਕ ਦੀ ਅਗਵਾਈ ਵਾਲੇ ਦੋਵਾਂ ਧੜਿਆਂ, ਹਿਜ਼ਬੁਲ ਮੁਜਾਹਿਦੀਨ ਅਤੇ ਔਰਤਾਂ ਦੀ ਜਥੇਬੰਦੀ ਦੁਖਤਰਨ-ਏ-ਮਿਲਾਤ ਵਰਗੀਆਂ ਵੱਖਵਾਦੀ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਹੈ। ਗਿਲਾਨੀ ਦੇ ਜਵਾਈ ਅਲਤਾਫ਼ ਅਹਿਮਦ ਸ਼ਾਹ ਉਰਫ਼ ਅਲਤਾਫ਼ ਫੰਟੂਸ਼ ਨੂੰ ਐਨਆਈਏ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ ਅਤੇ ਉਸ ਤੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਗਿਲਾਨੀ ਦੇ ਨੇੜਲਿਆਂ ਵਿੱਚ ਸ਼ਾਮਲ ਤਹਿਰੀਕ-ਏ-ਹੁਰੀਅਤ ਦੇ ਬੁਲਾਰੇ ਅਯਾਜ਼ ਅਕਬਰ ਅਤੇ ਪੀਰ ਸੈਫ-ਉੱਲਾ ਨੂੰ ਪਿਛਲੇ ਹਫ਼ਤੇ ਵਾਦੀ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ। ਹੁਰੀਅਤ ਕਾਨਫਰੰਸ ਦੇ ਨਰਮ ਖਿਆਲੀ ਧੜੇ ਦੇ ਬੁਲਾਰੇ ਸ਼ਾਹਿਦ-ਉਲ-ਇਸਲਾਮ, ਮਹਿਰਾਜੂਦੀਨ ਕਲਵਲ, ਨਈਮ ਖ਼ਾਨ (ਗਿਲਾਨੀ ਧੜੇ ਨਾਲ ਸਬੰਧਤ) ਅਤੇ ਫਾਰੂਕ ਅਹਿਮਦ ਡਾਰ ਉਰਫ਼ ਬਿੱਟਾ ਕਰਾਟੇ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

# ਸਵਾਲ ਬੰਦ ਕਰਨ ਦਾ ਨੁਸਖ਼ਾ ਹੈ ਜੇ.ਐਨ.ਯੂ. ਵਿਚ ਟੈਂਕ

**ਸੰਘ ਅਤੇ ਉਸ ਨਾਲ ਜੁੜੇ ਸੰਗਠਨਾਂ ਨੂੰ ਚੁਣੌਤੀ ਦੇਣ ਵਾਲੇ ਸਾਰੇ ਲੋਕਾਂ ਨੂੰ ਮੋਟੇ ਤੌਰ 'ਤੇ 'ਦੇਸ਼ਧਰੋਹੀ' ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ, ਫਿਰ ਇਨ੍ਹਾਂ ਲੋਕਾਂ ਨੂੰ ਮੁਸਲਮਾਨ, ਮੁਸਲਮਾਨ-ਪ੍ਰਸਤ, ਖੱਬੇ ਪੱਖੀ, ਬੁੱਧੀਜੀਵੀ, ਮਾਨਵਤਾਵਾਦੀ, ਲਿਬਰਲ ਤੇ ਹਿੰਦੂ-ਵਿਰੋਧੀ ਵਰਗੀਆਂ ਉਪ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ।**



**ਰਾਜੇਸ਼ ਪ੍ਰਿਯਦਰਸ਼ੀ,**
ਡਿਜੀਟਲ ਐਡੀਟਰ, ਬੀ.ਬੀ.ਸੀ. ਹਿੰਦੀ

ਟੈਂਕ ਪੂਰੀ ਦੁਨੀਆ ਵਿਚ ਦਮਨ ਦੇ ਪ੍ਰਤੀਕ ਹਨ, ਟੈਂਕ ਨਾਲ ਵਿਦਰੋਹ ਕੁਚਲਿਆ ਜਾਂਦਾ ਹੈ, ਟੈਂਕ ਦੇ ਗੋਲਿਆਂ ਨਾਲ ਦੁਸ਼ਮਣਾਂ ਨੂੰ ਤਬਾਹ ਕਰਨ ਲਈ ਕੀਤਾ ਜਾਂਦਾ ਹੈ, ਟੈਂਕ ਨਾਲ ਜਿੱਤੀ ਗਈ ਧਰਤੀ ਰੌਂਦੀ ਜਾਂਦੀ ਹੈ।

ਟੈਂਕ ਯੁੱਧ ਖੇਤਰਾਂ ਵਿਚ ਤੈਨਾਤ ਕੀਤੇ ਜਾਂਦੇ ਹਨ, ਦੁਨੀਆ ਦੇ ਸਭਿਆ ਮੁਲਕਾਂ ਵਿਚ ਜਦੋਂ ਟੈਂਕ ਸੜਕਾਂ 'ਤੇ ਦਿਖਾਈ ਦਿੰਦੇ ਹਨ ਤਾਂ ਉਸ ਸਥਿਤੀ ਨੂੰ 'ਗ੍ਰਹਿਯੁੱਧ' ਕਿਹਾ ਜਾਂਦਾ ਹੈ। 1989 ਦੀ ਤਿਐਨ ਆਨ ਮਨ ਚੌਰਾਹੇ ਦੀ ਉਹ ਤਸਵੀਰ ਤੁਸੀਂ ਕਿਵੇਂ ਭੁੱਲ ਸਕਦੇ ਹੋ, ਜਦੋਂ ਟੈਂਕ ਸਾਹਮਣੇ ਇਕ ਵਿਦਿਆਰਥੀ ਖੜ੍ਹਾ ਸੀ, ਜ਼ਿਆਦਾਤਰ ਲੋਕਾਂ ਨੇ ਟੈਂਕ ਦੇ ਸਾਹਮਣੇ ਖੜ੍ਹੇ ਬਹਾਦਰ ਲੜਕੇ ਨੂੰ ਦੇਸ਼ਭਗਤ ਸਮਝਿਆ ਸੀ, ਨਾ ਕਿ ਟੈਂਕ 'ਤੇ ਸਵਾਰ ਸੈਨਿਕ ਨੂੰ।

ਵਿਚਾਰਾਂ ਦੇ ਖੇਤਰ ਵਿਚ ਯੋਗਦਾਨ ਕਰਨ ਵਾਲੀਆਂ ਮੋਹਰੀ ਸੰਸਥਾਵਾਂ ਨੂੰ ਥਿੰਕ ਟੈਂਕ ਕਿਹਾ ਜਾਂਦਾ ਹੈ, ਦੇਸ਼ ਭਗਤੀ ਵਿਚ ਵਿਚਾਰ ਦਾ ਕੋਈ ਕੰਮ ਨਹੀਂ ਹੈ, ਉਹ ਭਾਵਨਾ ਹੈ। 'ਥਿੰਕਿੰਗ' ਨਾਲ ਸਵਾਲ ਪੈਦਾ ਹੁੰਦੇ ਹਨ, ਭਗਤੀ ਵਿਚ ਸਵਾਲ ਦੀ ਗੁੰਜਾਇਸ਼ ਨਹੀਂ ਹੈ, ਸਵਾਲ ਬੰਦ ਕਰਨ ਲਈ ਟੈਂਕ ਕਾਮਯਾਬ ਨੁਸਖ਼ਾ ਹੈ। ਇਹ ਲੇਖ ਉਨ੍ਹਾਂ ਲੋਕਾਂ ਲਈ ਨਹੀਂ ਹੈ ਜੋ 'ਵੱਟਸਐਪ ਯੂਨੀਵਰਸਿਟੀ' ਤੋਂ ਡਾਕਟਰੇਟ ਕਰ ਚੁੱਕੇ ਹਨ, ਉਹ ਤਾਂ ਸੋਸ਼ਲ ਮੀਡੀਆ 'ਤੇ ਇਸ ਪ੍ਰਸਤਾਵ ਦਾ ਜ਼ੋਰਦਾਰ ਸਮਰਥਨ ਕਰ ਹੀ ਰਹੇ ਹਨ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਪੂਰੀ ਗੰਭੀਰਤਾ ਨਾਲ ਕੈਂਪਸ ਵਿਚ ਟੈਂਕ ਖੜ੍ਹਾ ਕਰਨ ਦਾ ਪ੍ਰਸਤਾਵ ਰੱਖਿਆ ਹੈ। ਉਨ੍ਹਾਂ ਨੇ ਕਾਰਗਿਲ ਵਿਜੈ ਦਿਵਸ ਦੇ ਮੌਕੇ 'ਤੇ ਪ੍ਰੋਗਰਾਮ ਵਿਚ ਦੋ ਕੇਂਦਰੀ ਮੰਤਰੀਆਂ ਨੂੰ ਕਿਹਾ, 'ਮੈਂ ਜਨਰਲ ਵੀ.ਕੇ. ਸਿੰਘ ਅਤੇ ਧਰਮਿੰਦਰ ਪ੍ਰਧਾਨ ਨੂੰ ਅਪੀਲ ਕਰਦਾ ਹਾਂ ਕਿ ਉਹ ਸਾਨੂੰ ਇਕ ਟੈਂਕ ਦਿਵਾਉਣ ਵਿਚ ਮਦਦ ਕਰਨ, ਜਿਸ ਨੂੰ ਕੈਂਪਸ ਵਿਚ ਖੜ੍ਹਾ ਕੀਤਾ ਜਾ ਸਕੇ ਤਾਂ ਕਿ ਵਿਦਿਆਰਥੀਆਂ ਵਿਚ ਦੇਸ਼ ਭਗਤੀ ਦੀ ਭਾਵਨਾ ਜਗੇ।'

ਕਸ਼ਮੀਰ ਵਿਚ ਟੈਂਕ ਨਹੀਂ ਸੀ, ਬਖ਼ਤਰਬੰਦ ਗੱਡੀ ਸੀ, ਜਿਸ 'ਤੇ ਇਕ ਬੇਕਸੂਰ ਕਸ਼ਮੀਰੀ ਨੌਜਵਾਨ ਨੂੰ ਬੰਨ੍ਹਿਆ ਗਿਆ ਸੀ, ਇਸ ਲਈ ਜ਼ਿੰਮੇਵਾਰ ਮੇਜਰ ਗੋਗੋਈ ਦੀ ਤਾਰੀਫ਼ ਕਰਨ ਵਾਲਿਆਂ ਵਿਚ ਕ੍ਰਿਕਟਰ ਗੌਤਮ ਗੰਭੀਰ ਵੀ ਸੀ, ਉਹ ਵੀ ਕਾਰਗਿਲ ਵਿਜੈ ਦਿਵਸ ਸਮਾਰੋਹ ਵਿਚ ਜੇ.ਐਨ.ਯੂ. ਵਿਚ ਮੌਜੂਦ ਸੀ। ਗੰਭੀਰ ਨੇ ਕਿਹਾ ਕਿ 'ਕੁਝ ਚੀਜ਼ਾਂ ਅਜਿਹੀਆਂ ਹਨ, ਜਿਨ੍ਹਾਂ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ, ਉਨ੍ਹਾਂ ਵਿਚੋਂ ਇਕ ਹੈ ਤਿਰੰਗੇ ਦਾ ਸਨਮਾਨ।'

ਜੇ.ਐਨ.ਯੂ. ਵਿਚ ਹੁਣ ਤੱਕ ਤਿਰੰਗੇ ਦੇ ਅਪਮਾਣ ਦੀ ਕੋਈ ਘਟਨਾ ਨਹੀਂ ਵਾਪਰੀ, ਪਰ ਯਕੀਨ ਦਿਵਾਉਣ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਤਿਰੰਗੇ ਦਾ ਅਪਮਾਣ ਕਰਨ ਵਾਲੇ ਢੇਰ ਸਾਰੇ ਲੋਕ ਜੇ.ਐਨ.ਯੂ. ਵਿਚ ਪੜ੍ਹਦੇ ਹਨ। ਇਸੇ ਪ੍ਰੋਗਰਾਮ ਵਿਚ ਲੇਖਕ ਰਾਜੀਵ ਮਲਹੋਤਰਾ ਨੇ ਕਿਹਾ ਕਿ ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ 'ਭਾਰਤੀ ਫ਼ੌਜ ਨੇ ਜੇ.ਐਨ.ਯੂ. ਨੂੰ ਕਾਬੂ ਕਰ ਲਿਆ ਹੈ।' ਪਰ ਟੀ.ਵੀ. ਬਹਿਸਾਂ ਵਿਚ ਵੱਡੀ ਸਾਰੀ ਮੁੱਛ ਨਾਲ ਵੀਰ ਰਸ ਦਾ ਸੰਚਾਰ ਕਰਨ ਵਾਲੇ ਸੇਵਾਮੁਕਤ ਮੇਜਰ ਜਨਰਲ ਬਖ਼ਸ਼ੀ ਨੇ ਬੇਨਤੀ ਕੀਤੀ ਕਿ ਹਾਲੇ ਜਾਦਵਪੁਰ ਅਤੇ ਹੈਦਰਾਬਾਦ ਸੈਂਟਰਲ ਯੂਨੀਵਰਸਿਟੀ ਨੂੰ 'ਕਾਬੂ' ਕੀਤਾ ਜਾਣਾ ਬਾਕੀ ਹੈ।

ਜੇ.ਐਨ.ਯੂ. ਵਿਚ ਲੰਬੀ ਜਾਂਚ ਤੋਂ ਬਾਅਦ ਅੱਜ ਤਕ ਪਤਾ ਨਹੀਂ ਚੱਲ ਸਕਿਆ ਕਿ ਭਾਰਤ ਵਿਰੋਧੀ ਨਾਅਰੇ ਕਿਸ ਨੇ ਲਾਏ, ਨਾਅਰੇ ਲਾਉਣ ਵਾਲੇ ਜੇ.ਐਨ.ਯੂ. ਦੇ ਵਿਦਿਆਰਥੀ ਸਨ ਵੀ ਜਾਂ ਨਹੀਂ। ਦਿੱਲੀ ਪੁਲੀਸ ਦੀ ਫੋਰੈਂਸਿਕ ਪੜਤਾਲ ਦੱਸ ਚੁੱਕੀ ਹੈ ਕਿ ਕਥਿਤ ਭਾਰਤ ਵਿਰੋਧੀ ਨਾਅਰੇਬਾਜ਼ੀ ਦੇ ਕਈ ਵੀਡੀਓ ਜੋ ਕੁਝ ਟੀ.ਵੀ. ਚੈਨਲਾਂ ਨੇ ਦਿਖਾਏ ਗਏ, ਉਹ ਫਰਜ਼ੀ ਸਨ।

**ਦੇਸ਼ ਭਗਤੀ ਦੀ ਸਿਆਸਤ...**

ਉਵੇਂ ਹੀ ਜਿਵੇਂ ਇਰਾਕ ਵਿਚ 'ਵੈਪਨ ਆਫ਼ ਮਾਸ ਡਿਸਟਰਕਸ਼ਨ' ਨਹੀਂ ਮਿਲਿਆ ਪਰ ਅਮਰੀਕੀ ਟੈਂਕ ਦਾਖ਼ਲ ਹੋ ਗਏ। ਜੇ.ਐਨ.ਯੂ. 'ਕਾਬੂ' ਕਰ ਲਿਆ ਗਿਆ ਹੈ, ਜਿੱਤੀ ਗਈ ਜ਼ਮੀਨ 'ਤੇ ਟੈਂਕ ਖੜ੍ਹਾ ਕਰਨਾ ਸਹੀ ਕਦਮ ਹੈ, 'ਦੁਸ਼ਮਣ' ਨੂੰ ਉਸ ਦੀ ਹਾਰ ਦੀ ਯਾਦ ਦਿਵਾਉਂਦੇ ਰਹਿਣ ਲਈ, ਆਪਣਾ ਦਬਦਬਾ ਬਣਾਏ ਰੱਖਣ ਲਈ।

ਹੈਦਰਾਬਾਦ ਉਹ ਯੂਨੀਵਰਸਿਟੀ ਹੈ, ਜਿੱਥੇ ਰੋਹਿਤ ਵੇਮੁਲਾ ਨੇ ਮਜਬੂਰ ਹੋ ਕੇ ਖ਼ੁਦਕੁਸ਼ੀ ਕਰ ਲਈ ਸੀ, ਇਹ ਉਹ ਯੂਨੀਵਰਸਿਟੀ ਹੈ, ਜਿੱਥੋਂ ਦੇ ਦਲਿਤ ਤੇ ਮੁਸਲਮਾਨ ਵਿਦਿਆਰਥੀ ਅਖਿਲ ਭਾਰਤੀ ਵਿਦਿਆਰਥੀ ਪ੍ਰਸ਼ੀਦ ਦੀ ਦੇਸ਼ ਭਗਤੀ ਦੀ ਸਿਆਸਤ ਨਾਲ ਸਹਿਮਤ ਨਹੀਂ ਹਨ, ਜਾਦਵਪੁਰ ਯੂਨੀਵਰਸਿਟੀ ਵਿਚ ਵੀ ਸੰਘ ਨਾਲ ਜੁੜੇ ਵਿਦਿਆਰਥੀ ਸੰਗਠਨ ਨੂੰ ਚੁਣੌਤੀ ਮਿਲ ਰਹੀ ਹੈ।

ਆਰ.ਐਸ.ਐਸ. ਆਜ਼ਾਦੀ ਦੀ ਲੜਾਈ ਵਿਚ ਕਦੇ ਸ਼ਾਮਲ ਨਹੀਂ ਰਿਹਾ, ਇਹ ਗੱਲ ਹਰ ਵਾਰ ਚੁੱਕੀ ਜਾਂਦੀ ਹੈ। ਉਸੇ ਰਾਸ਼ਟਰੀ ਸਵਯਮ ਸੇਵਕ ਸੰਘ ਨਾਲ ਜੁੜੇ ਲੋਕਾਂ ਨੇ ਖ਼ੁਦ ਨੂੰ ਦੇਸ਼ ਭਗਤ ਅਤੇ ਆਪਣੇ ਸਾਰੇ ਵਿਰੋਧੀਆਂ ਨੂੰ ਦੇਸ਼ ਧਰੋਹੀ ਐਲਾਨ ਕਰਨ ਦੀ ਲੜਾਈ ਦਾ ਮੁੱਖ ਮੋਰਚਾ ਜੇ.ਐਨ.ਯੂ. ਵਿਚ ਖੋਲ੍ਹਿਆ ਸੀ।

**ਸੰਘ ਦੀ ਦੇਸ਼ ਭਗਤੀ...**

ਸੰਘ ਅਤੇ ਉਸ ਨਾਲ ਜੁੜੇ ਸੰਗਠਨਾਂ ਨੂੰ ਚੁਣੌਤੀ ਦੇਣ ਵਾਲੇ ਸਾਰੇ ਲੋਕਾਂ ਨੂੰ ਮੋਟੇ ਤੌਰ 'ਤੇ 'ਦੇਸ਼ਧਰੋਹੀ' ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ, ਫਿਰ ਇਨ੍ਹਾਂ ਲੋਕਾਂ ਨੂੰ ਮੁਸਲਮਾਨ, ਮੁਸਲਮਾਨ-ਪ੍ਰਸਤ, ਖੱਬੇ ਪੱਖੀ, ਬੁੱਧੀਜੀਵੀ, ਮਾਨਵਤਾਵਾਦੀ, ਲਿਬਰਲ ਤੇ ਹਿੰਦੂ-ਵਿਰੋਧੀ ਵਰਗੀਆਂ ਉਪ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ।

ਜੇ.ਐਨ.ਯੂ. ਨੂੰ ਦੇਸ਼ਧਰੋਹੀਆਂ ਦਾ ਗੜ੍ਹ ਦੱਸਦਿਆਂ ਸੰਘ ਦੇ ਮੁੱਖ ਰਸਾਲੇ ਪਾਂਚਜਨਯ ਨੇ ਕਵਰ ਸਟੋਰੀ ਲਿਖੀ। ਜੇ.ਐਨ.ਯੂ. ਦੀ ਸਭ ਤੋਂ ਵੱਡੀ ਖ਼ਾਸੀਅਤ ਇਹੀ ਹੈ ਕਿ ਉਥੇ ਦੇਸ਼ ਦੀ ਕਿਸੇ ਵੀ ਯੂਨੀਵਰਸਿਟੀ ਦੇ ਮੁਕਾਬਲੇ, ਵਿਸ਼ੇਸ਼ ਦਾਖ਼ਲਾ ਨਿਯਮ ਤਹਿਤ ਵੱਡੀ ਤਾਦਾਦ ਵਿਚ ਦਲਿਤ, ਆਦਿਵਾਸੀ, ਪਛੜੇ ਤੇ ਕੁੜੀਆਂ ਪੜ੍ਹਦੀਆਂ ਹਨ।

ਭਾਰਤ ਦੇ ਉੱਚ ਵਰਗੀ ਅਤੇ ਉਚਵਰਣੀ ਸ਼ਹਿਰੀ ਸਵਰਨ ਪੁਰਸ਼ਾਂ ਦੇ ਇਕ ਹਿੱਸੇ ਨੂੰ ਸੰਘ ਦੀ ਦੇਸ਼ਭਗਤੀ ਪਸੰਦ ਆ ਸਕਦੀ ਹੈ ਪਰ ਦਲਿਤ, ਆਦਿਵਾਸੀ, ਮੁਸਲਮਾਨ, ਪਛੜੇ ਤੇ ਹਾਸ਼ੀਏ 'ਤੇ ਸੰਘਰਸ਼ ਕਰ ਰਹੀਆਂ ਕੁੜੀਆਂ ਦਾ ਵੱਡਾ ਹਿੱਸਾ ਇਸ ਨਾਲ ਅਸਹਿਮਤ ਦਿਖਾਈ ਦਿੰਦਾ ਹੈ।

**ਭਾਰਤ ਦੀ ਬਿਹਤਰੀਨ ਯੂਨੀਵਰਸਿਟੀ...**

ਜੇ.ਐਨ.ਯੂ. ਉਹੀ ਯੂਨੀਵਰਸਿਟੀ ਹੈ, ਜਿਸ ਨੂੰ ਕੁਝ ਹੀ ਸਮਾਂ ਪਹਿਲਾਂ ਦੇਸ਼ ਦੀ ਬਿਹਤਰੀਨ ਯੂਨੀਵਰਸਿਟੀ ਮੰਨਿਆ ਗਿਆ, ਉਸ ਦੇ ਬਿਹਤਰੀਨ ਹੋਣ ਦੇ ਕੇਂਦਰ ਵਿਚ ਅਸਹਿਮਤੀ ਦਾ ਸਭਿਆਚਾਰ ਹੈ, ਪਰਸਪਰ ਵਿਰੋਧੀ ਵਿਚਾਰ ਹਨ, ਲਗਾਤਾਰ ਸਵਾਲ ਕਰਨ ਵਾਲੇ ਵਿਦਿਆਰਥੀ ਅਤੇ ਉਨ੍ਹਾਂ ਦੇ ਜਵਾਬ ਦੇਣ ਵਾਲੇ ਪ੍ਰੋਫੈਸਰ ਹਨ।

ਸਿਆਸਤ ਵਿਗਿਆਨ ਜਾਂ ਸਮਾਜਸ਼ਾਸਤਰ ਵਿਚ ਡਾਕਟਰੇਟ ਕਰ ਰਹੇ ਵਿਅਕਤੀ ਤੋਂ ਉਮੀਦ ਕੀਤੀ ਜਾ ਰਹੀ ਹੈ ਕਿ ਉਹ ਦੇਸ਼ ਭਗਤੀ ਦੀ ਸਿਆਸਤ ਕਰਨ ਵਾਲੀ ਸਰਕਾਰ ਅਤੇ ਉਸ ਦਾ ਸਮਰਥਨ ਕਰਨ ਵਾਲੇ ਸੰਗਠਨਾਂ ਦੇ ਹਰ ਕਦਮ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ, ਵਰਨਾ ਦੇਸ਼ ਭਗਤਾਂ ਦੀ ਫ਼ੌਜ ਦੇ ਗੁੱਸੇ ਦਾ ਸਾਹਮਣਾ ਕਰੇ।

ਇਸ ਤਰ੍ਹਾਂ ਪੜ੍ਹਾਈ ਕਰਨ ਵਾਲੇ ਦੇਸ਼ ਦੇ ਗਿਆਨ-ਵਿਗਿਆਨ ਵਿਚ ਜੈਕਾਰੇ ਤੋਂ ਇਲਾਵਾ ਕੀ ਜੋੜੋਗੇ?

**ਭਾਜਪਾ ਤੇ ਆਰ.ਐਸ.ਐਸ. ਨੂੰ ਜੇ.ਐਨ.ਯੂ. ਤੋਂ ਸਮੱਸਿਆ...**

ਕਿਸੇ ਵੀ ਉਚ ਸਿੱਖਿਆ ਸੰਸਥਾ ਨੂੰ ਦੇਸ਼ ਭਗਤੀ ਦੀ ਫ਼ੌਜੀ ਵਿਚਾਰ ਪ੍ਰਣਾਲੀ ਦੇ ਅਨੁਰੂਪ ਚਲਾਉਣਾ ਦੇਸ਼ਘਾਤੀ ਹੋਵੇਗਾ, ਦੁਨੀਆ ਭਰ ਦੇ ਉਚ ਸਿੱਖਿਆ ਕੇਂਦਰਾਂ ਵਿਚ ਭਾਰਤੀ ਵਿਦਵਾਨਾਂ ਦਾ ਡੰਕਾ ਵੱਜਦਾ ਹੈ, ਪਰ ਭਾਰਤ ਦੀਆਂ ਯੂਨੀਵਰਸਿਟੀਆਂ ਦਾ ਕੌਮਾਂਤਰੀ ਪੱਧਰ 'ਤੇ ਕੋਈ ਮਾਣ-ਸਨਮਾਨ ਨਹੀਂ, ਅਜਿਹੀ ਹਾਲਤ ਵਿਚ ਗਿਣੀਆਂ-ਚੁਣੀਆਂ ਸੰਸਥਾਵਾਂ ਵਿਚ ਟੈਂਕ ਖੜ੍ਹੇ ਕਰਨਾ ਕਿੰਨਾ ਮਦਦਗਾਰ ਹੋਵੇਗਾ, ਇਹ ਗੰਭੀਰਤਾ ਨਾਲ ਸੋਚਣ ਦੀ ਗੱਲ ਹੈ।

ਅਸਹਿਮਤੀ ਅਤੇ ਭਗਤੀ ਦੀ ਸਹਿ-ਹੋਂਦ ਸੰਭਵ ਨਹੀਂ ਹੈ। ਯੂਨੀਵਰਸਿਟੀਆਂ ਜਾਂ ਤਾਂ ਗਿਆਨਵਾਦੀ ਹੋ ਸਕਦੀਆਂ ਹਨ ਜਾਂ ਦੇਸ਼ ਭਗਤ। ਜੇ.ਐਨ.ਯੂ. ਵਿਚ ਦੇਸ਼ ਭਗਤੀ ਦੀ ਮੁਹਿੰਮ ਦਾ ਸਿਆਸੀ ਅਰਥ ਇਹੀ ਹੈ ਕਿ ਸੰਘ ਨਾਲ ਅਸਹਿਮਤ ਵਿਚਾਰਾਂ ਨੂੰ ਦੇਸ਼ਧਰੋਹੀ ਐਲਾਨ ਕਰਨਾ ਅਤੇ ਉਸ ਤੋਂ ਬਾਅਦ ਦਮਨ ਦੇ ਪ੍ਰਤੀਕ ਟੈਂਕ ਦੀ ਨੁਮਾਇਸ਼ ਕਰਨਾ।

### *ਵਟਸਐਪ 'ਤੇ ਆਇਆ ਇਕ ਪ੍ਰਤੀਕਰਮ*

## ਮੈਂ ਜੇ.ਐਨ.ਯੂ. ਵਿਚ ਟੈਂਕ ਲਗਾਉਣ ਦਾ ਵਿਰੋਧ ਨਹੀਂ ਕਰਦਾ ਜੇਕਰ...

ਸਾਰੇ ਵੱਡੇ ਅਤੇ ਚੰਗੇ ਫ਼ੈਸਲੇ ਜੇ.ਐਨ.ਯੂ. ਤੋਂ ਇਲਾਵਾ ਬਾਕੀ ਸਕੂਲ-ਕਾਲਜਾਂ ਲਈ ਵੀ ਹੁੰਦੇ। ਕੀ ਰਾਸ਼ਟਰਵਾਦ ਦੀ ਜ਼ਰੂਰਤ ਇਕੱਲੇ ਜੇ.ਐਨ.ਯੂ. ਨੂੰ ਹੈ? ਸਿਰਫ਼ ਜੇ.ਐਨ.ਯੂ. ਵਿਚ ਟੈਂਕ ਲਗਾਉਣ ਨਾਲ ਰਾਸ਼ਟਰਵਾਦ ਦੇ ਵਿਕਾਸ ਵਿਚ ਭਿਆਨਕ ਗੈਰਬਰਾਬਰੀ ਤੇ ਅਸੰਤੁਲਨ ਪੈਦਾ ਹੋ ਸਕਦਾ ਹੈ।

2014 ਦੇ ਅੰਕੜਿਆਂ ਅਨੁਸਾਰ ਭਾਰਤ ਵਿਚ 667 ਯੂਨੀਵਰਸਿਟੀਆਂ ਹਨ। 37,204 ਕਾਲਜ ਹਨ ਤੇ 11,443 ਸਕੂਲ। ਇਨ੍ਹਾਂ ਦਾ ਕੁੱਲ ਜੋੜ ਹੋਇਆ 49,314। ਮਤਲਬ ਸਾਨੂੰ ਉਚ ਸਿੱਖਿਆ ਕੇਂਦਰਾਂ ਲਈ 49,314 ਟੈਂਕ ਚਾਹੀਦੇ ਹਨ। ਹਰ ਕਾਲਜ ਵਿਚ ਟੈਂਕ ਲਗਾਉਣ ਨੂੰ ਲੈ ਕੇ ਹੜਤਾਲ ਹੋਵੇ। ਜੇ.ਐਨ.ਯੂ. ਤੋਂ ਪਹਿਲਾਂ ਜਹਾਂ ਔਰ ਭੀ ਹੈਂ...ਨਾਅਰਾ ਲੱਗੇ।

9 ਅਗਸਤ 2016 ਦੀ 'ਟਾਈਮਜ਼ ਆਫ਼ ਇੰਡੀਆ' ਦੀ ਰਿਪੋਰਟ ਅਨੁਸਾਰ ਦੇਸ਼ ਵਿਚ ਇਕ ਲੱਖ ਤੋਂ ਵੱਧ ਸਰਕਾਰੀ ਸਕੂਲਾਂ ਵਿਚ ਇਕ ਹੀ ਟੀਚਰ ਹੈ। ਇੱਥੇ ਦੂਸਰਾ ਟੀਚਰ ਆਉਣੋਂ ਰਿਹਾ। ਬੱਚੇ ਬਾਗ਼ੀ ਹੋ ਸਕਦੇ ਹਨ। ਇਸ ਲਈ ਟੈਂਕ ਦੀ ਜ਼ਰੂਰਤ ਸਭ ਤੋਂ ਪਹਿਲਾਂ ਇੱਥੇ ਹੈ। ਕਾਲਜਾਂ ਵਿਚ ਅਧਿਆਪਕਾਂ ਦੇ ਹਜ਼ਾਰਾਂ ਅਹੁਦੇ ਖਾਲੀ ਹਨ ਤਾਂ ਖਾਲੀ ਹੀ ਰਹਿਣ। ਇਸ ਪੈਸੇ ਨਾਲ ਸਭ ਤੋਂ ਪਹਿਲਾਂ ਟੈਂਕ ਆਉਣ। ਸੀ.ਬੀ.ਐਸ.ਈ. ਨਾਲ ਜੁੜੇ 20,000 ਪ੍ਰਾਈਵੇਟ ਸਕੂਲ ਹਨ। ਅੰਗਰੇਜ਼ੀ ਸਿੱਖਿਆ ਵਾਲੇ ਤਾਂ ਹੋਰ ਵੀ ਗੈਰਜ਼ਰੂਰੀ ਹੁੰਦੇ ਹਨ। ਇਨ੍ਹਾਂ ਸਾਰੇ ਸਕੂਲਾਂ ਲਈ ਟੈਂਕ ਲਗਾਉਣਾ ਜ਼ਰੂਰੀ ਹੋਵੇ। ਮਾਂ-ਬਾਪ ਤੋਂ ਚੰਦਾ ਲਿਆ ਜਾਵੇ। ਇਸ ਤਰ੍ਹਾਂ ਭਾਰਤ ਨੂੰ ਤੁਰੰਤ ਇਕ ਲੱਖ 70 ਹਜ਼ਾਰ ਟੈਂਕ ਦੀ ਲੋੜ ਹੈ। ਬਿਜ਼ਨਸ ਇਨਸਾਈਡਰ ਅਨੁਸਾਰ ਸਭ ਤੋਂ ਵੱਧ ਟੈਂਕ ਰੂਸ ਕੋਲ ਹਨ। ਸਿਰਫ਼ 15,500। ਗੂਗਲ ਤੋਂ ਪਤਾ ਚੱਲਿਆ ਕਿ ਇਕ ਟੈਂਕ ਦੀ ਕੀਮਤ 8 ਤੋਂ 9 ਮਿਲੀਅਨ ਡਾਲਰ ਹੈ। ਜੇਕਰ 65 ਦੇ ਮੁੱਲ ਨਾਲ ਠੀਕ ਹਿਸਾਬ ਲਾਈਏ ਤਾਂ ਇਕ ਟੈਂਕ ਦੀ ਕੀਮਤ ਹੋਈ ਕਰੀਬ 58 ਕਰੋੜ। ਗੂਗਲ ਤੋਂ ਪੁਰਾਣੇ ਟੈਂਕਾਂ ਦੀ ਕੀਮਤ ਨਹੀਂ ਪਤਾ ਚੱਲ ਸਕੀ। ਵੈਸੇ ਵੀ ਮਾਮਲਾ ਰਾਸ਼ਟਰਵਾਦ ਦਾ ਹੈ, ਇਸ ਲਈ ਟੈਂਕ ਨਵਾਂ ਹੀ ਹੋਵੇ। ਪੁਰਾਣੇ ਟੈਂਕ ਨਾਲ ਰਾਸ਼ਟਰਵਾਦ ਦਾ ਅੱਧਾ ਵਿਕਾਸ ਹੀ ਹੋਵੇਗਾ। ਕੀ ਕੋਈ 1,70,000 ਨੂੰ 59 ਕਰੋੜ ਨਾਲ ਗੁਣਾ ਕਰਕੇ ਦੱਸ ਸਕਦਾ ਹੈ ਕਿੰਨਾ ਬਣਿਆ? ਰਾਸ਼ਟਰਵਾਦ ਜਗਾਉਣ ਲਈ ਦੇਰੀ ਨਹੀਂ ਹੋਣੀ ਚਾਹੀਦੀ। ਕੱਲ੍ਹ ਹੀ ਟੈਂਡਰ ਕੱਢ ਦਿੱਤਾ ਜਾਣਾ ਚਾਹੀਦਾ ਹੈ।

ਟੈਂਕ ਆਨ! ਮਾਰਚ ਆਨ ! ਜਲਦੀ ਕਰੋ! ਦੇਰ ਨਾ ਹੋ ਜਾਏ!

ਰਾਸ਼ਟਰਵਾਦ 'ਤੇ ਸਭ ਦਾ ਹੱਕ! ਮੇਰਾ ਕਾਲਜ ਹੋਵੇ ਟੈਂਕ ਦਾ ਘਰ!

# ਸ਼ਾਹਿਦ ਖ਼ਕਾਨ ਅੱਬਾਸੀ ਬਣੇ ਪਾਕਿਸਤਾਨ ਦੇ ਆਰਜ਼ੀ ਪ੍ਰਧਾਨ ਮੰਤਰੀ

**ਇਸਲਾਮਾਬਾਦ/ਬਿਊਰੋ ਨਿਊਜ਼:** ਪਾਕਿਸਤਾਨ ਦੀ ਕੌਮੀ ਅਸੈਂਬਲੀ ਨੇ ਸ਼ਾਹਿਦ ਖ਼ਕਾਨ ਅੱਬਾਸੀ ਨੂੰ ਪ੍ਰਧਾਨ ਮੰਤਰੀ ਚੁਣ ਲਿਆ ਹੈ। ਪਨਾਮਾ ਪੇਪਰਜ਼ ਘੁਟਾਲੇ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਨਵਾਜ਼ ਸ਼ਰੀਫ਼ ਨੂੰ ਅਯੋਗ ਠਹਿਰਾਉਣ ਮਗਰੋਂ ਖ਼ਕਾਨ ਦੇਸ਼ ਦੇ ਅੰਤਰਿਮ ਪ੍ਰਧਾਨ ਮੰਤਰੀ ਬਣੇ ਹਨ। ਮੰਗਲਵਾਰ ਨੂੰ ਕੌਮੀ ਅਸੈਂਬਲੀ 'ਚ ਅੱਬਾਸੀ ਨੂੰ ਕੁੱਲ 342 ਵਿੱਚੋਂ 221 ਵੋਟਾਂ ਪਈਆਂ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਨਵੀਦ ਕਮਰ ਨੂੰ 47, ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਸ਼ੇਖ ਰਾਸ਼ਿਦ ਅਹਿਮਦ ਨੂੰ 33 ਵੋਟਾਂ ਮਿਲੀਆਂ, ਜਦੋਂ ਕਿ ਜਮਾਤ-ਏ-ਇਸਲਾਮੀ ਦੇ ਸਾਹਿਬਜ਼ਾਦਾ ਤਾਰਿਕ-ਉੱਲਾ ਨੂੰ ਸਿਰਫ਼ ਚਾਰ ਵੋਟਾਂ ਪਈਆਂ। ਨਾਅਰੇਬਾਜ਼ੀ ਵਿਚਕਾਰ ਨਤੀਜੇ ਦੇ ਐਲਾਨ ਮਗਰੋਂ ਕੌਮੀ ਅਸੈਂਬਲੀ ਦੇ ਸਪੀਕਰ ਅਯਾਜ਼ ਸਾਦਿਕ ਨੇ ਅੱਬਾਸੀ ਨੂੰ ਪ੍ਰਧਾਨ ਮੰਤਰੀ ਦੀ ਸੀਟ ਸੰਭਾਲਣ ਅਤੇ ਸਦਨ ਨੂੰ ਸੰਬੋਧਨ ਕਰਨ ਲਈ ਕਿਹਾ। ਵੋਟਿੰਗ ਚਾਰ ਖੂੰਜਿਆਂ ਵਿੱਚ ਹੋਈ, ਜਿਹੜੇ ਚਾਰ ਉਮੀਦਵਾਰਾਂ ਲਈ ਤੈਅ ਕੀਤੇ ਗਏ। ਵੋਟਿੰਗ ਤੇ ਗਿਣਤੀ ਪ੍ਰਕਿਰਿਆ ਮਗਰੋਂ ਪੀਐਮਐਲ-ਐਨ ਦੇ ਕਈ ਮੈਂਬਰ ਨਵਾਜ਼ ਸ਼ਰੀਫ਼ ਦੇ ਪੋਸਟਰਾਂ ਨਾਲ ਸਦਨ ਵਿੱਚ ਦਾਖ਼ਲ ਹੋਏ। ਸਪੀਕਰ ਨੇ ਇਸ ਉਤੇ ਇਤਰਾਜ਼ ਜਤਾਇਆ ਅਤੇ ਤਖ਼ਤੀਆਂ ਤੇ ਪੋਸਟਰ ਬਾਹਰ ਰੱਖਣ ਲਈ ਕਿਹਾ। ਸੁਪਰੀਮ ਕੋਰਟ ਨੇ ਸ਼ੁੱਕਰਵਾਰ



ਨੂੰ 67 ਸਾਲਾ ਨਵਾਜ਼ ਸ਼ਰੀਫ਼ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਕਾਰਨ ਅਯੋਗ ਠਹਿਰਾ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਪਿਆ। ਰਾਸ਼ਟਰਪਤੀ ਮਮਨੂਨ ਹੁਸੈਨ ਨੇ ਨਵੇਂ ਆਗੂ ਦੀ ਚੋਣ ਲਈ ਕੌਮੀ ਅਸੈਂਬਲੀ ਦਾ ਸੈਸ਼ਨ ਸੱਦਿਆ ਸੀ। ਸ਼ਰੀਫ਼ ਦੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐਮਐਲ-ਐਨ) ਨੇ ਅੱਬਾਸੀ ਨੂੰ ਉਦੋਂ ਤੱਕ ਲਈ ਅੰਤਰਿਮ ਪ੍ਰਧਾਨ ਮੰਤਰੀ ਨਾਮਜ਼ਦ ਕੀਤਾ ਹੈ, ਜਦੋਂ ਤੱਕ ਨਵਾਜ਼ ਸਰੀਫ਼ ਦੇ ਭਰਾ ਸ਼ਾਹਬਾਜ਼ ਸ਼ਰੀਫ਼ ਨੂੰ ਕੌਮੀ ਅਸੈਂਬਲੀ ਦਾ ਮੈਂਬਰ ਨਹੀਂ ਚੁਣ ਲਿਆ ਜਾਂਦਾ। ਪਾਕਿਸਤਾਨ ਵਿੱਚ ਪਹਿਲਾਂ ਵੀ ਅਜਿਹੇ ਬੰਦੋਬਸਤ ਹੋ ਚੁੱਕਾ ਹੈ। ਸਾਬਕਾ ਫੌਜੀ ਤਾਨਾਸ਼ਾਹ ਜਨਰਲ ਪਰਵੇਜ਼ ਮੁਸ਼ੱਰਫ਼ ਦੇ ਸਮੇਂ ਸਿਆਸਤਦਾਨ ਚੌਧਰੀ ਸ਼ੁਜਾਤ ਹੁਸੈਨ ਨੂੰ ਸ਼ੌਕਤ ਅਜ਼ੀਜ਼ ਦੀ ਚੋਣ ਤੱਕ ਅੰਤਰਿਮ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਸੀ। ਪਾਕਿ ਚੋਣ ਕਮਿਸ਼ਨ ਨੇ ਨਵਾਜ਼ ਸ਼ਰੀਫ਼ ਦੀ ਚੋਣ ਰੱਦ ਹੋਣ ਕਾਰਨ ਖ਼ਾਲੀ ਹੋਈ ਪੰਜਾਬ ਸੂਬੇ ਦੀ ਲਾਹੌਰ ਸੰਸਦੀ ਸੀਟ ਉਤੇ 17 ਸਤੰਬਰ ਨੂੰ ਚੋਣ ਕਰਵਾਉਣ ਦਾ ਐਲਾਨ ਕੀਤਾ ਹੈ।

# ਜ਼ਮੀਰ ਦੇ ਰੰਗ ਬਦਲਣ ਦੇ ਮਾਹਰ ਹਨ ਨਿਤੀਸ਼ ਕੁਮਾਰ

**ਨਿਤੀਸ਼ ਭਾਵੇਂ ਬਹੁਤ ਸਨਿਮਰਤਾ ਨਾਲ ਵਿਚਰਨ ਦਾ ਭਰਮ ਪਾਉਂਦੇ ਹਨ, ਪਰ ਅਸਲ ਵਿਚ ਉਨ੍ਹਾਂ ਵਿੱਚ ਹਉਮੈ ਵੀ ਬਹੁਤ ਜ਼ਿਆਦਾ ਹੈ। ਉਹ ਚੁਸਤੀ ਵਰਤਦਿਆਂ ਆਪਣੀ ਆਕੜ ਨੂੰ ਘਰੇ ਛੱਡ ਕੇ ਆਉਂਦੇ ਹਨ, ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਉਹ ਆਸਾਨੀ ਨਾਲ ਕਿਸੇ ਜੂਨੀਅਰ ਅਹੁਦੇ ਉੱਤੇ ਖ਼ੁਦ ਨੂੰ ਐਡਜਸਟ ਕਰਨਗੇ। ਇਸੇ ਲਈ ਉਨ੍ਹਾਂ 1990ਵਿਆਂ ਦੇ ਮੱਧ ਦੌਰਾਨ ਪਹਿਲਾਂ ਲਾਲੂ ਨਾਲ ਤੇ ਫਿਰ ਜਾਰਜ ਫਰਨਾਂਡੇਜ਼ ਨਾਲੋਂ ਤੋੜ-ਵਿਛੋੜਾ ਕਰ ਲਿਆ ਸੀ ਅਤੇ ਸ਼ਰਦ ਯਾਦਵ ਨਾਲ ਜਾ ਰਲੇ ਸਨ। ਸਾਲ 2013 ਵਿਚ ਉਨ੍ਹਾਂ ਦੀ ਹਉਮੈ ਨੇ ਨਰਿੰਦਰ ਮੋਦੀ ਦੀ 24-ਕੈਰੇਟ ਹਉਮੈ ਅੱਗੇ ਝੁਕਣ ਦੀ ਇਜਾਜ਼ਤ ਨਹੀਂ ਦਿੱਤੀ ਸੀ।**



**ਹਰੀਸ਼ ਖਰੇ**

ਪਟਨਾ ਵਿੱਚ ਬਹੁਤ ਸਫ਼ਾਈ ਨਾਲ ਰਾਜ-ਪਲਟੇ ਨੂੰ ਅੰਜਾਮ ਦਿੱਤਾ ਗਿਆ। ਇਹ ਬਹੁਤ ਹੁਸ਼ਿਆਰੀ ਨਾਲ ਰਚਿਆ ਤੇ ਚਾਲਾਕੀ ਨਾਲ ਨੇਪਰੇ ਵੀ ਚਾੜ੍ਹਿਆ ਗਿਆ। ਇਹ ਸਭ



ਕੁਝ ਟੈਂਕਾਂ ਤੇ ਕਮਾਂਡੋਜ਼ ਦੀ ਮਦਦ ਨਾਲ ਨਹੀਂ ਸਗੋਂ ਸੁਵਿਧਾਜਨਕ ਜ਼ਮੀਰ ਅਤੇ 'ਜ਼ਹੀਨਤਰੀਨ' ਮੌਕਾਪ੍ਰਸਤੀ ਨਾਲ ਸੰਭਵ ਹੋਇਆ। ਚੌਵੀ ਘੰਟਿਆਂ ਦੇ ਵਕਫ਼ੇ ਅੰਦਰ ਮੁੱਖ ਮੰਤਰੀ ਨੇ ਅਸਤੀਫ਼ਾ ਦੇ ਦਿੱਤਾ, ਗੱਠਜੋੜ ਦੇ ਆਪਣੇ ਮਨੋਨੀਤ ਭਾਈਵਾਲਾਂ ਤੋਂ ਖਹਿੜਾ ਛੁਡਾ ਲਿਆ ਤੇ ਆਪਣੇ ਐਲਾਨੀਆ ਸਿਆਸੀ ਵਿਰੋਧੀਆਂ ਨਾਲ ਹੱਥ ਮਿਲਾ ਕੇ ਤੇਜ਼ ਰਫ਼ਤਾਰ ਨਾਲ ਮਿਹਰਬਾਨ ਕਿਸਮ ਦੇ ਰਾਜਪਾਲ ਤੋਂ ਮੁੜ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਵੀ ਚੁੱਕ ਲਈ।

ਇਹ ਸਭ 1980ਵਿਆਂ ਦੀ ਦੂਜੇ ਦਰਜੇ ਦੀ ਹਿੰਦੀ ਫ਼ਿਲਮ ਦੀ ਸਕ੍ਰਿਪਟ ਵਾਂਗ ਜਾਪਦਾ ਹੈ। ਪਰ ਭਾਈ ਸਾਹਿਬ, ਇਹੋ ਤਾਂ ਭਾਰਤੀ ਸਿਆਸਤ ਹੈ। ਤਾਕਤ ਦੇ ਮੁਕੰਮਲ ਟਕਰਾਅ ਉੱਤੇ ਨੈਤਿਕਤਾ ਦੀ ਪਾਣ ਚੜ੍ਹਾ ਦਿੱਤੀ ਗਈ ਸੀ। ਕਾਰਗਿਲ ਦਿਵਸ ਮੌਕੇ ਇੱਕ ਹੋਰ ਕਿਸਮ ਦੀ ਜਿੱਤ ਹਾਸਲ ਕੀਤੀ ਗਈ। ਪਟਨਾ ਦੇ ਸਾਰੇ ਹੀ ਘਟਨਾਕ੍ਰਮ ਵਿੱਚ ਕੁਝ ਨਾ ਕੁਝ ਜਾਣਬੁੱਝ ਕੇ ਅਵੱਲਾ ਰੱਖਿਆ ਗਿਆ ਸੀ, ਪਰ ਫਿਰ ਵੀ ਸਾਨੂੰ ਉਸ ਬਾਰੇ ਵਧੀਆ ਮਹਿਸੂਸ ਕਰਨ ਦਾ ਸੱਦਾ ਦਿੱਤਾ ਗਿਆ ਅਤੇ ਲਾਡਲੇ ਪੁੱਤਰ ਦੀ ਵਾਪਸੀ ਦੇ ਜਸ਼ਨ ਮਨਾਉਣ ਦੀ ਗੱਲ ਕਹੀ ਗਈ।

ਸ਼ਾਇਦ ਸਭ ਤੋਂ ਵੱਡਾ ਘਾਣ ਸੁਤੰਤਰ ਤੇ ਨਿਆਂਪੂਰਨ ਚੋਣ-ਫ਼ਤਵੇ ਦੀ ਪਾਵਨਤਾ ਦਾ ਹੋਇਆ ਹੈ। ਆਪਾਂ ਨਵੀਂ ਸਰਕਾਰ ਦੇ ਬਹੁਤ ਜ਼ਿਆਦਾ ਗ਼ੈਰ-ਕੁਦਰਤੀਪਣ ਬਾਰੇ ਕੋਈ ਗ਼ਲਤੀ ਨਾ ਕਰੀਏ। ਅਜਿਹਾ ਦੂਜੀ ਵਾਰ ਹੋਇਆ ਹੈ ਕਿ ਕੇਂਦਰ ਦੀ ਸੱਤਾਧਾਰੀ ਪਾਰਟੀ ਨੇ ਉਸੇ ਪਾਰਟੀ ਨਾਲ ਸਿਆਸੀ ਸਮਝੌਤਾ ਕਰ ਲਿਆ ਹੈ ਜਿਸ ਦਾ ਚੋਣਾਂ ਦੌਰਾਨ ਵੋਟਰਾਂ ਸਾਹਮਣੇ ਉਸ ਨੇ ਸਖ਼ਤ ਵਿਰੋਧ ਕੀਤਾ ਸੀ। ਅਜਿਹਾ ਪਹਿਲਾਂ ਜੰਮੂ-ਕਸ਼ਮੀਰ ਵਿੱਚ ਹੋਇਆ ਸੀ ਤੇ ਹੁਣ ਬਿਹਾਰ ਵਿੱਚ ਹੋਇਆ ਹੈ। ਜੰਮੂ-ਕਸ਼ਮੀਰ ਵਿੱਚ, ਪੀਡੀਪੀ ਤੇ ਭਾਜਪਾ ਦੇ ਗੱਠਜੋੜ ਨੇ ਤਾਂ ਸਮੁੱਚੇ ਭਾਰਤੀ ਜਮਹੂਰੀ ਪ੍ਰਾਜੈਕਟ ਦੀ ਉਚਿਤਤਾ ਨੂੰ ਹੀ ਬੁਰੀ ਤਰ੍ਹਾਂ ਨਸ਼ਟ ਕਰ ਕੇ ਰੱਖ ਦਿੱਤਾ ਹੈ। ਹਰੇਕ ਸੂਖ਼ਮ-ਭਾਵੀ ਵਿਸ਼ਲੇਸ਼ਕ ਇਹ ਮੰਨਦਾ ਹੈ ਕਿ ਆਮ ਜਨਤਾ ਦੇ ਰਵਾਇਤੀ ਫ਼ਤਵੇ ਦਾ ਬੁਨਿਆਦੀ ਤੌਰ ਉੱਤੇ ਅਪਮਾਨ ਕੀਤਾ ਗਿਆ, ਜਿਸ ਕਰਕੇ ਸ੍ਰੀਨਗਰ ਦੀਆਂ ਸੜਕਾਂ ਉੱਤੇ ਲੋਕਾਂ ਵਿੱਚ ਭੜਕਾਹਟ ਪੈਦਾ ਹੋਈ ਅਤੇ ਉਹ ਕਾਨੂੰਨ ਦੀ ਉਲੰਘਣਾ ਉੱਤੇ ਉਤਰ ਆਏ। ਇਸ ਜਨਤਕ ਫ਼ਤਵੇ ਦੇ ਉਲਟ ਚੱਲ ਰਹੀ ਸਿਆਸਤ ਵਿੱਚੋਂ ਨਿਕਲੀਆਂ ਹਿੰਸਕ ਤੇ ਗੜਬੜੀਆਂ ਨਾਲ ਭਰਪੂਰ ਗੁੰਝਲਾਂ ਨਾਲ ਵਾਦੀ ਦੇ ਆਮ ਲੋਕਾਂ ਵਿੱਚ ਰੋਹ ਤੇ ਰੋਸ ਫੈਲ ਗਿਆ ਹੈ।

ਹੁਣ ਚੋਣ ਫ਼ਤਵੇ ਦਾ ਬਿਲਕੁਲ ਉਹੋ ਜਿਹਾ ਅਪਮਾਨ ਹੀ ਪਟਨਾ ਰਾਜ ਭਵਨ ਵਿੱਚ ਪਵਿੱਤਰ ਬਣਾ ਕੇ ਪੇਸ਼ ਕੀਤਾ ਗਿਆ ਹੈ। 'ਪੱਖਪਾਤੀ' ਰਾਜਪਾਲ ਨੇ ਨਿਤੀਸ਼ ਕੁਮਾਰ ਨੂੰ ਹਲਫ਼ ਦਿਵਾਉਣ ਵਿੱਚ ਨਾਵਾਜਬ ਕਿਸਮ ਦੀ ਕਾਹਲੀ ਵਿਖਾਈ। ਭਾਰਤੀ ਸੰਵਿਧਾਨਕ ਜਮਹੂਰੀਅਤ ਪਹਿਲਾਂ ਹੀ ਆਪਣੀ ਚਮਕ ਗੁਆਉਂਦੀ ਜਾ ਰਹੀ ਹੈ ਤੇ ਇਸ ਸਿਆਸੀ ਘਟਨਾਕ੍ਰਮ ਨੇ ਤਾਂ ਸਾਰੇ ਹੱਦਾਂ-ਬੰਨ੍ਹੇ ਹੀ ਪਾਰ ਕਰ ਛੱਡੇ ਹਨ। ਇਸ ਮਾਮਲੇ ਵਿਚ ਸਿਆਸਤ ਇੱਕ ਗੰਧਲੇ ਉੱਦਮ ਵਜੋਂ ਵਿਖਾਈ ਦਿੱਤੀ ਹੈ।

ਨਿਤੀਸ਼ ਕੁਮਾਰ ਲਈ ਲਾਲੂ ਪ੍ਰਸਾਦ ਤੇ ਉਸ ਦੀ ਪਾਰਟੀ ਨਾਲੋਂ ਤੋੜ-ਵਿਛੋੜਾ ਕਰਨਾ ਸੁਖਾਲ਼ਾ ਕਿਉਂ ਸੀ ? ਇਸ ਦਾ ਕੁਝ ਕੁ ਜਵਾਬ ਤਾਂ ਇਹੋ ਹੋਣਾ ਚਾਹੀਦਾ ਹੈ ਕਿ ਲਾਲੂ ਖ਼ੁਦ ਦੀ ਨਵੇਂ ਸਿਰਿਉਂ ਵਿਉਂਤਬੰਦੀ ਕਰਨ ਅਤੇ ਆਪਣੇ ਆਪ ਨੂੰ ਨਵੇਂ ਜਾਮੇ ਵਿੱਚ ਪੇਸ਼ ਕਰਨ ਪੱਖੋਂ ਨਾਕਾਮ ਰਹੇ ਅਤੇ ਆਪਣੀ ਪੁਰਾਣੀ ਹੱਕਦਾਰੀ ਦੀ ਭਾਵਨਾ ਵਿੱਚ ਫਸ ਕੇ ਖ਼ੁਦ ਤੋਂ ਸੰਤੁਸ਼ਟ ਹੁੰਦੇ ਰਹੇ। ਉਹ ਇਹ ਸਮਝਣ ਲਈ ਰਾਜ਼ੀ ਹੀ ਨਹੀਂ ਹੋਏ ਕਿ ਹੁਣ ਪੁਰਾਣੀਆਂ ਮਨੌਤਾਂ ਤੇ ਵਿਵਸਥਾਵਾਂ ਕੰਮ ਨਹੀਂ ਕਰਦੀਆਂ। ਬਿਹਾਰ ਸਮੇਤ ਸਮੁੱਚਾ ਭਾਰਤ ਤਬਦੀਲ ਹੋ ਚੁੱਕਾ ਹੈ। ਜੋ ਸਾਡੇ ਉੱਤੇ ਰਾਜ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਤਾਕਤ ਉਨ੍ਹਾਂ ਦੇ ਹਵਾਲੇ ਇਸ ਲਈ ਨਹੀਂ ਕੀਤੀ ਜਾਂਦੀ ਕਿ ਉਹ ਕਿਸੇ ਜਨਤਕ ਅਹੁਦੇ ਨੂੰ ਕੁਝ ਵੀ ਕਰਨ ਦੀ ਖੁੱਲ੍ਹੀ ਛੁੱਟੀ ਵਜੋਂ ਲੈਣ। ਸਗੋਂ ਅਜੋਕਾ ਭਾਰਤ ਤਾਂ ਇਹ ਤਵੱਕੋ ਕਰਦਾ ਹੈ ਕਿ ਚੁਣੇ ਹੋਏ ਹਾਕਮ ਬਦਲੇ ਵਿੱਚ ਸਾਡੇ ਲਈ ਕੁਝ ਕਰਨ: ਉਹ ਕਾਨੂੰਨੀ ਵਿਵਸਥਾ ਵਿੱਚ ਰਹਿ ਕੇ ਚੱਲਣ ਤੇ ਜਵਾਬਦੇਹੀ ਦੇ ਦਾਇਰੇ ਦਾ ਸਤਿਕਾਰ ਕਰਨ। ਕੋਈ ਵੀ ਫ਼ਤਵਾ 'ਮੇਰੇ ਲੋਕਾਂ' ਦਾ ਇੱਜ਼ਤ-ਮਾਣ ਕਰਨ ਤੋਂ ਨਹੀਂ ਵਰਜਦਾ।

ਸ਼ਾਇਦ ਨਿਤੀਸ਼ ਕੁਮਾਰ ਨੂੰ ਇਹ ਪੱਕਾ ਭਰੋਸਾ ਸੀ ਕਿ ਉਹ ਕਾਨੂੰਨਪਸੰਦ ਸਮਾਜ ਦੀ ਇੱਛਾ ਰੱਖਣ ਵਾਲੇ ਮੱਧ ਵਰਗ ਨਾਲ ਖੇਡ ਸਕਦੇ ਹਨ, ਜਦੋਂਕਿ ਲਾਲੂ, ਉਨ੍ਹਾਂ ਦਾ ਪਰਿਵਾਰ ਤੇ ਉਨ੍ਹਾਂ ਦੀ ਪਾਰਟੀ ਲਗਾਤਾਰ ਚੰਗੇ ਸ਼ਾਸਨ ਦੇ ਵਿਚਾਰਾਂ ਤੋਂ ਲਾਂਭੇ ਹੀ ਰਹੇ। ਕਾਨੂੰਨ ਦੀ ਇਹ ਆਦਤ ਹੁੰਦੀ ਹੈ ਕਿ ਪਿਛਲੀਆਂ ਗ਼ਲਤੀਆਂ ਤੇ ਪਿਛਲੇ ਮਾੜੇ ਕੰਮਾਂ ਨੂੰ ਫੜਦਾ ਹੈ। ਲਾਲੂ ਤੇ ਉਨ੍ਹਾਂ ਦੇ ਪੁੱਤਰਾਂ ਦੀ ਇੱਛਾ ਭਾਵੇਂ ਵਰਤਮਾਨ ਨੂੰ ਸਵੱਛ ਤੇ ਸੁਥਰਾ ਰੱਖਣ ਦੀ ਹੋਵੇ, ਪਰ ਉਨ੍ਹਾਂ ਦਾ ਅਤੀਤ ਤਾਂ ਗੰਧਲਾ ਹੀ ਸੀ। ਇਸ ਘਟਨਾਕ੍ਰਮ ਤੋਂ ਬਾਦਲਾਂ, ਪਾਸਵਾਨਾਂ, ਠਾਕਰਿਆਂ, ਮਾਇਆਵਤੀਆਂ ਅਤੇ ਇੱਥੋਂ ਤਕ ਕਿ ਗਾਂਧੀਆਂ ਵਰਗੇ ਹੋਰ ਪਰਿਵਾਰਕ ਸਿਆਸੀ ਰਹਿਨੁਮਾਵਾਂ ਨੂੰ ਸਬਕ ਮਿਲਦਾ ਹੈ। ਇਨ੍ਹਾਂ ਸਾਰਿਆਂ ਨੇ ਜਨਤਕ ਅਹੁਦਿਆਂ ਪ੍ਰਤੀ ਗ਼ਲਤ ਪਹੁੰਚ ਅਪਣਾਈ; ਇਸੇ ਲਈ ਕਾਂਗਰਸੀ ਜਦੋਂ ਸੱਤਾ ਵਿਚ ਹੁੰਦੇ ਹਨ ਤਾਂ ਸੱਤਾ ਨਾਲ ਜੁੜੇ ਲਾਭਾਂ ਦੀ ਖਾਤਰ ਉਹ ਆਪਸ ਵਿੱਚ ਗਲੀ ਦੀਆਂ ਬਿੱਲੀਆਂ ਵਾਂਗ ਝਗੜਦੇ ਰਹਿੰਦੇ ਹਨ ਅਤੇ ਖੁਨਾਮੀ ਖੱਟਦੇ ਹਨ।

ਇਸ ਸਭ ਨਾਲ ਨਾ ਤਾਂ ਨਿਤੀਸ਼ ਕੁਮਾਰ ਦੇ ਮਾੜੇ ਮਨਸੂਬਿਆਂ ਅਤੇ ਉਨ੍ਹਾਂ ਵੱਲੋਂ ਰਾਸ਼ਟਰੀ ਜਨਤਾ ਦਲ ਤੇ ਕਾਂਗਰਸ ਦੋਵਾਂ ਨੂੰ ਹੀ ਠਿੱਬੀ ਲਾਉਣ ਦੀ ਕੋਈ ਵਿਆਖਿਆ ਹੋ ਸਕਦੀ ਹੈ ਤੇ ਨਾ ਹੀ ਮੁਆਫ਼ੀ ਮਿਲ ਸਕਦੀ ਹੈ। ਉਨ੍ਹਾਂ ਦੀ ਇਸ ਚਾਲ ਤੋਂ ਸਾਨੂੰ ਇਹ ਮੰਨਣਾ ਪਵੇਗਾ ਕਿ ਬਿਹਾਰ ਦੇ ਇਸ ਸੰਕਟ ਵਿੱਚ ਕਾਂਗਰਸ ਸਾਰਥਕ ਵਿਚੋਲਗੀ ਵਾਲੀ ਕੋਈ ਭੂਮਿਕਾ ਨਿਭਾਉਣ ਤੋਂ ਨਾਕਾਮ ਰਹੀ ਜਦੋਂਕਿ ਇੱਕ ਰਾਸ਼ਟਰੀ ਪਾਰਟੀ ਹੋਣ ਨਾਤੇ ਉਸ ਤੋਂ ਅਜਿਹੀ ਕਿਸੇ ਭੂਮਿਕਾ ਦੀ ਆਸ ਕੀਤੀ ਜਾ ਸਕਦੀ ਸੀ। ਬਿਹਾਰ ਮਹਾਂਗਠਜੋੜ ਦੇ ਇਨ੍ਹਾਂ ਪਿਛਲੇ 18 ਮਹੀਨਿਆਂ ਦੌਰਾਨ ਕਾਂਗਰਸ ਜ਼ਰੂਰ ਹੀ ਨਿਤੀਸ਼ ਕੁਮਾਰ ਨੂੰ ਕੁਝ ਸਮਝੀ ਹੋਵੇਗੀ। ਨਿਤੀਸ਼ ਕੁਮਾਰ ਦਾ ਰਾਹੁਲ ਗਾਂਧੀ ਦੀ ਰਿਹਾਇਸ਼ਗਾਹ ਤਕ ਜਾਣਾ ਹੀ ਗ਼ੈਰ-ਮਾਮੂਲੀ ਸੀ; ਕਿਸੇ ਨੂੰ ਇਹ ਜਾਣਕਾਰੀ ਨਹੀਂ ਕਿ ਉਨ੍ਹਾਂ ਦੋਵਾਂ ਵਿੱਚ ਕੀ ਗੱਲਬਾਤ ਹੋਈ ਸੀ। ਇਹ ਸੰਭਵ ਹੈ ਕਿ ਨਿਤੀਸ਼ ਕੁਮਾਰ ਨੂੰ ਉਸ ਮੁਲਾਕਾਤ ਦੌਰਾਨ ਅਜਿਹਾ ਕੋਈ ਸੰਕੇਤ ਨਾ ਮਿਲਿਆ ਹੋਵੇ ਕਿ 2019 ਦੀਆਂ ਚੋਣਾਂ ਦੌਰਾਨ ਉਨ੍ਹਾਂ ਨੂੰ ਵਿਰੋਧੀ ਧਿਰ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਜਾਵੇਗਾ। ਭਾਵੇਂ ਉਹ ਖ਼ੁਦ ਕਈ ਵਾਰ ਇਹ ਆਖ ਚੁੱਕੇ ਹਨ ਕਿ ਉਨ੍ਹਾਂ ਦੀਆਂ ਅਜਿਹੀਆਂ ਕੋਈ ਰਾਸ਼ਟਰੀ ਖ਼ਾਹਿਸ਼ਾਂ ਨਹੀਂ ਹਨ, ਬੱਸ ਸਿਰਫ਼ ਉਨ੍ਹਾਂ ਵਿਚਲੀਆਂ ਸੰਭਾਵਨਾਵਾਂ ਨੂੰ ਵੇਖ ਕੇ ਕਈ ਤਰ੍ਹਾਂ ਦੀਆਂ ਕਿਆਸਅਰਾਈਆਂ ਜ਼ਰੂਰ ਲੱਗਦੀਆਂ ਰਹੀਆਂ ਹਨ। ਨਿਤੀਸ਼ ਕੁਮਾਰ ਉਤਸ਼ਾਹ ਨਾਲ ਭਰਪੂਰ ਵਿਅਕਤੀ ਹਨ ਅਤੇ ਇਸ ਵਿੱਚ ਕੁਝ ਗ਼ਲਤ ਨਹੀਂ ਹੈ। ਇਹ ਸਿਆਸੀ ਆਗੂ ਦਾ ਕਰਮ ਹੁੰਦਾ ਹੈ। ਪਰ ਜਦੋਂ ਸਮੁੱਚਾ ਦੇਸ਼ ਇਹ ਸੋਚਣ ਲੱਗ ਪਿਆ ਸੀ ਕਿ ਨਿਤੀਸ਼ ਕੁਮਾਰ ਨੇ ਖ਼ੁਦ ਨੂੰ ਅਜਿਹੇ ਸਥਾਨ 'ਤੇ ਲਿਆ ਖੜ੍ਹਾ ਕੀਤਾ ਹੈ ਜਿੱਥੇ ਉਹ ਸਿਰਫ਼ ਆਪਣੇ ਬਾਰੇ ਨਹੀਂ ਸੋਚਦੇ ਤੇ ਆਪਣੀ ਜ਼ਮੀਰ ਦੀ ਆਵਾਜ਼ ਨੂੰ ਸੁਣਦੇ ਹਨ, ਪਰ ਉਦੋਂ ਹੀ ਉਹ ਨਾ ਸਿਰਫ਼ ਗੱਠਜੋੜ ਵਿਚੋਂ ਬਾਹਰ ਹੋ ਗਏ ਸਗੋਂ ਅੱਗੇ ਵਧ ਕੇ ਭਾਜਪਾ ਨਾਲ ਵੀ ਹੱਥ ਮਿਲਾ ਲਿਆ।

ਨਿਤੀਸ਼ ਕੁਮਾਰ ਦੀ 'ਧਰਮ-ਨਿਰਪੇਖ ਕਦਰਾਂ-ਕੀਮਤਾਂ' ਪ੍ਰਤੀ ਪ੍ਰਤੀਬੱਧਤਾ ਕੁਝ ਵੱਖਰੀ ਕਿਸਮ ਦੀ ਹੈ ਤੇ ਪੂਰੀ ਤਰ੍ਹਾਂ ਆਪਣੇ ਹੀ ਸੌੜੇ ਹਿੱਤਾਂ ਨੂੰ ਪ੍ਰਣਾਈ ਹੋਈ ਹੈ। ਉਨ੍ਹਾਂ ਨੂੰ ਨਰਿੰਦਰ ਮੋਦੀ ਤੇ ਉਨ੍ਹਾਂ ਦੀ 'ਫ਼ਿਰਕੂ' ਸਿਆਸਤ ਤੋਂ ਕਦੇ ਕੋਈ ਸਮੱਸਿਆ ਨਹੀਂ ਹੋਈ। ਸਾਲ 2002 ਦੌਰਾਨ ਗੁਜਰਾਤ ਵਿਚ ਮੋਦੀ ਦੀ ਨੱਕ ਹੇਠਾਂ ਹੋਏ ਮੁਸਲਿਮ-ਵਿਰੋਧੀ ਦੰਗਿਆਂ ਤੋਂ ਬਾਅਦ ਵੀ ਉਹ ਪੂਰੀ ਦ੍ਰਿੜ੍ਹਤਾ ਨਾਲ ਅਟਲ ਬਿਹਾਰੀ ਵਾਜਪਾਈ ਸਰਕਾਰ ਵਿੱਚ ਟਿਕੇ ਰਹੇ ਸਨ; ਜਦੋਂਕਿ ਰਾਮ ਵਿਲਾਸ ਪਾਸਵਾਨ ਦੀ ਜ਼ਮੀਰ ਉਦੋਂ ਜ਼ਰੂਰ ਜਾਗੀ ਸੀ ਜਿਸ ਕਾਰਨ ਉਹ ਸਰਕਾਰ ਤੋਂ ਬਾਹਰ ਹੋ ਗਏ ਸਨ। ਉਸ ਤੋਂ ਬਾਅਦ ਤਾਂ ਪਾਸਵਾਨ ਤੇ ਉਨ੍ਹਾਂ ਦੇ ਪੁੱਤਰਾਂ ਨੇ ਵੀ ਆਪਣੀ ਜ਼ਮੀਰ ਨਾਲ ਸਮਝੌਤੇ ਕਰ ਲਏ ਹਨ ਤੇ ਮੋਦੀ ਕੈਂਪ ਵਿੱਚ ਪਰਤ ਆਏ ਹਨ। ਸ਼ਾਇਦ ਇਸੇ ਲਈ ਨਿਤੀਸ਼ ਨੂੰ ਅਜਿਹਾ ਪੈਂਤੜਾ ਅਖ਼ਤਿਆਰ ਕਰਨਾ ਸੁਖਾਲ਼ਾ ਹੋ ਗਿਆ ਸੀ।

ਨਿਤੀਸ਼ ਭਾਵੇਂ ਬਹੁਤ ਸਨਿਮਰਤਾ ਨਾਲ ਵਿਚਰਨ ਦਾ ਭਰਮ ਪਾਉਂਦੇ ਹਨ, ਪਰ ਅਸਲ ਵਿਚ ਉਨ੍ਹਾਂ ਵਿੱਚ ਹਉਮੈ ਵੀ ਬਹੁਤ ਜ਼ਿਆਦਾ ਹੈ। ਉਹ ਚੁਸਤੀ ਵਰਤਦਿਆਂ ਆਪਣੀ ਆਕੜ ਨੂੰ ਘਰੇ ਛੱਡ ਕੇ ਆਉਂਦੇ ਹਨ, ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਉਹ ਆਸਾਨੀ ਨਾਲ ਕਿਸੇ ਜੂਨੀਅਰ ਅਹੁਦੇ ਉੱਤੇ ਖ਼ੁਦ ਨੂੰ ਐਡਜਸਟ ਕਰਨਗੇ। ਇਸੇ ਲਈ ਉਨ੍ਹਾਂ 1990ਵਿਆਂ ਦੇ ਮੱਧ ਦੌਰਾਨ ਪਹਿਲਾਂ ਲਾਲੂ ਨਾਲ ਤੇ ਫਿਰ ਜਾਰਜ ਫਰਨਾਂਡੇਜ਼ ਨਾਲੋਂ ਤੋੜ-ਵਿਛੋੜਾ ਕਰ ਲਿਆ ਸੀ ਅਤੇ ਸ਼ਰਦ ਯਾਦਵ ਨਾਲ ਜਾ ਰਲੇ ਸਨ। ਸਾਲ 2013 ਵਿਚ ਉਨ੍ਹਾਂ ਦੀ ਹਉਮੈ ਨੇ ਨਰਿੰਦਰ ਮੋਦੀ ਦੀ 24-ਕੈਰੇਟ ਹਉਮੈ ਅੱਗੇ ਝੁਕਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਉੱਤਰ ਪ੍ਰਦੇਸ਼ ਵਿਚ ਹੂੰਝਾ-ਫੇਰੂ ਜਿੱਤ ਹਾਸਲ ਕਰਨ ਤੋਂ ਬਾਅਦ ਨਵੰਬਰ 2015 ਵਿਚ ਨਰਿੰਦਰ ਮੋਦੀ ਨੇ ਆਪਣੇ ਸਿਆਸੀ ਖੰਭ ਜੋਖਣ ਦਾ ਯਤਨ ਕੀਤਾ ਸੀ, ਪਰ ਤਦ ਉਹ ਨਿਤੀਸ਼ ਤੇ ਲਾਲੂ ਤੋਂ ਹਾਰ ਗਏ ਸਨ ਅਤੇ ਤਦ ਸ਼ਾਇਦ ਨਿਤੀਸ਼ ਨੇ ਦਾਅਪੇਚ ਵਾਲੀ ਕੋਈ ਹੋਰ ਐਡਜਸਟਮੈਂਟ ਕਰ ਲਈ ਹੋਵੇ। ਉਨ੍ਹਾਂ ਨੂੰ ਮਹਾਂਗੱਠਜੋੜ ਵਿੱਚ ਜੂਨੀਅਰ ਭਾਈਵਾਲ ਵਜੋਂ ਵਿਚਰਨਾ ਚੰਗਾ ਨਹੀਂ ਲੱਗ ਰਿਹਾ ਸੀ; ਪਰ ਹੁਣ ਉਹ ਮੁੜ ਸੀਨੀਅਰ ਭਾਈਵਾਲ ਬਣ ਗਏ ਹਨ ਅਤੇ ਇਹ ਉਨ੍ਹਾਂ ਦੀ ਹਉਮੈ ਨਾਲ ਮੇਲ ਖਾਂਦਾ ਹੈ। ਉਨ੍ਹਾਂ ਨੂੰ ਡਾ. ਫੌਸਟਸ ਵਾਂਗ ਲੈਣ-ਦੇਣ ਵਾਲਾ ਕੋਈ ਸੌਦਾ ਕਰਨ 'ਤੇ ਕੋਈ ਇਤਰਾਜ਼ ਨਹੀਂ ਹੁੰਦਾ ਤੇ ਉਹ ਇਹ ਸਭ ਦਿਖਾਵੇ ਲਈ 'ਜ਼ਮੀਰ ਦੇ ਸੱਦੇ' ਉੱਤੇ ਹੀ ਕਰਦੇ ਹਨ।

ਇਸ ਸਾਰੇ ਘਟਨਾਕ੍ਰਮ ਵਿੱਚੋਂ ਵੀ ਆਸ ਦੀ ਇੱਕ ਕਿਰਨ ਵੇਖਣ ਨੂੰ ਮਿਲਦੀ ਹੈ। ਨਿਤੀਸ਼ ਕੁਮਾਰ ਆਪਣੀ ਹੀ ਵਿਲੱਖਣ ਕਿਸਮ ਦੇ ਇਨਸਾਨ ਬਣੇ ਰਹਿਣਗੇ। ਉਨ੍ਹਾਂ ਵਰਗੀਆਂ ਜਨਤਕ ਸ਼ਖ਼ਸੀਅਤਾਂ ਇਹ ਹਰਗਿਜ਼ ਪਸੰਦ ਨਹੀਂ ਕਰਦੀਆਂ ਕਿ ਉਨ੍ਹਾਂ ਨੂੰ ਆਪਣੇ ਬਰਾਬਰ ਦੇ ਸਾਥੀਆਂ ਦਾ ਪਿਛਲੱਗ ਬਣਨਾ ਪਵੇ। ਅਜਿਹਾ ਸੋਚਣਾ ਵੀ ਔਖਾ ਹੈ ਕਿ ਨਿਤੀਸ਼ ਕੁਮਾਰ ਕਦੇ ਨਰਿੰਦਰ ਮੋਦੀ ਨੂੰ ਆਪਣੇ ਆਗੂ ਵਜੋਂ ਪ੍ਰਵਾਨ ਕਰ ਲੈਣਗੇ; ਬਿਲਕੁਲ ਉਵੇਂ ਜਿਵੇਂ ਉਹ ਕਦੇ ਵੀ ਅਮਿਤ ਸ਼ਾਹ ਦੀ ਅਦਾਲਤ ਵਿੱਚ ਦਰਬਾਰੀ ਵਜੋਂ ਤਾਂ ਵਿਚਰ ਨਹੀਂ ਸਕਦੇ। ਉਹ ਰਾਸ਼ਟਰੀ ਸਿਆਸੀ ਦ੍ਰਿਸ਼ ਵਿੱਚ ਸੰਜੀਦਾ ਆਗੂ ਵਜੋਂ ਆਪਣੀ ਹੋਂਦ ਦਾ ਅਹਿਸਾਸ ਕਰਵਾ ਸਕਦੇ ਹਨ। ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਹੌਲੀ ਹੌਲੀ ਵਧ ਰਹੇ ਹਾਕਮਾਨਾ ਵੇਗ ਨੂੰ ਠੱਲ੍ਹ ਪਾ ਸਕਣਗੇ।

## 'ਸੰਤ' ਬਣਨ ਤੋਂ ਖੁੰਝ ਗਏ ਨਿਤੀਸ਼

ਮੈਂ ਹਾਲੇ ਤਕ ਇਹ ਸਮਝਣ ਤੋਂ ਅਸਮਰੱਥ ਹਾਂ ਕਿ ਬਿਹਾਰ ਵਿੱਚ ਊਟ ਪਟਾਂਗ ਹਰਕਤ ਕਰਕੇ ਨਿਤੀਸ਼ ਕੁਮਾਰ ਨੇ ਆਖ਼ਰ ਕੀ ਹਾਸਲ ਕੀਤਾ ਹੈ। ਆਪਣੇ ਭਾਈਵਾਲਾਂ ਦਾ ਸਾਥ ਛੱਡਣ ਤੋਂ ਪਹਿਲਾਂ ਵੀ ਉਹ ਮੁੱਖ ਮੰਤਰੀ ਸਨ ਅਤੇ ਹੁਣ ਫਿਰ ਮੁੱਖ ਮੰਤਰੀ ਬਣ ਗਏ ਹਨ। ਪਰ ਹੁਣ ਨਿਤੀਸ਼ ਨੇ ਉਨ੍ਹਾਂ ਲੋਕਾਂ ਨਾਲ ਹੀ ਹੱਥ ਮਿਲਾ ਲਿਆ ਹੈ ਜਿਨ੍ਹਾਂ ਖ਼ਿਲਾਫ਼ 18 ਮਹੀਨੇ ਪਹਿਲਾਂ ਉਨ੍ਹਾਂ ਜ਼ੋਰ-ਸ਼ੋਰ ਨਾਲ ਭੰਡੀ ਪ੍ਰਚਾਰ ਕੀਤਾ ਸੀ। ਹੁਣ ਇਨ੍ਹਾਂ ਭਲੇ ਵੇਲਿਆਂ ਵਿੱਚ ਨਵੇਂ ਭਾਈਵਾਲ ਕਈ ਤਰ੍ਹਾਂ ਦੀਆਂ ਮੰਗਾਂ ਕਰਨਗੇ ਜੋ ਉਨ੍ਹਾਂ ਨੂੰ ਮੰਨਣੀਆਂ ਹੀ ਪੈਣਗੀਆਂ।

ਉਨ੍ਹਾਂ ਦੀਆਂ ਮਜਬੂਰੀਆਂ ਅਤੇ ਗਿਣਤੀਆਂ-ਮਿਣਤੀਆਂ ਕੁਝ ਵੀ ਹੋਣ, ਪਰ ਸਭ ਤੋਂ ਅਫ਼ਸੋਸਨਾਕ ਪੱਖ ਇਹ ਹੈ ਕਿ ਨਿਤੀਸ਼ ਕੁਮਾਰ ਨੇ ਆਖ਼ਰ ਭਾਰਤੀ ਸਿਆਸਤਦਾਨਾਂ ਦੇ ਬੇਇਤਬਾਰੀ ਵਾਲੇ ਪ੍ਰਭਾਵ ਦੀ ਹੀ ਪੁਸ਼ਟੀ ਕੀਤੀ ਹੈ। ਜੇ ਨਿਤੀਸ਼ ਕੁਮਾਰ ਨੂੰ ਉਨ੍ਹਾਂ ਹੀ ਲੋਕਾਂ ਕੋਲ ਵਾਪਸ ਜਾਣ ਦਾ ਕੋਈ ਅਫ਼ਸੋਸ ਨਹੀਂ ਹੈ ਜਿਨ੍ਹਾਂ ਨੂੰ ਉਨ੍ਹਾਂ ਨੇ ਬਹੁਤ ਜ਼ੋਰ-ਸ਼ੋਰ ਨਾਲ ਭੰਡਿਆ ਸੀ ਤਾਂ ਭਾਜਪਾ ਨੂੰ ਵੀ ਮੁੜ ਉਨ੍ਹਾਂ ਨਾਲ ਬਗਲਗੀਰ ਹੋਣ ਵਿੱਚ ਕੋਈ ਦਿੱਕਤ ਨਹੀਂ। ਦਰਅਸਲ, ਹਰ ਸੂਬੇ ਵਿੱਚ ਭਾਜਪਾ ਉਨ੍ਹਾਂ ਹੀ ਬੇਇਤਬਾਰੇ ਅਤੇ 'ਭ੍ਰਿਸ਼ਟ' ਕਾਂਗਰਸੀਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਦੀ ਹੈ ਜਿਨ੍ਹਾਂ ਨੂੰ ਇਸ ਦੇ ਆਗੂਆਂ ਨੇ ਪਹਿਲਾਂ ਭਾਂਤ ਸੁਭਾਂਤੇ ਸ਼ਬਦਾਂ ਨਾਲ ਫਿਟਕਾਰਿਆ ਹੁੰਦਾ ਹੈ।

ਸਾਧਾਰਨ ਭਾਸ਼ਾ ਵਿੱਚ ਇਸ ਨੂੰ ਮੌਕਾਪ੍ਰਸਤੀ ਆਖਦੇ ਹਨ। ਪਰ ਭਾਰਤੀ ਸਿਆਸਤਦਾਨ ਇੰਨੇ ਚਲਾਕ ਅਤੇ ਖ਼ੁਦਗਰਜ਼ ਹਨ ਕਿ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੁੰਦੀ ਕਿ ਕੋਈ ਉਨ੍ਹਾਂ ਨੂੰ ਕੀ ਆਖੇਗਾ। ਇਸ ਦੀ ਬਜਾਏ ਉਹ ਆਪਣੇ ਵੱਲੋਂ ਕੀਤੇ ਗਏ ਸਮਝੌਤਿਆਂ ਦੀ ਵਿਆਖਿਆ ਕਰਨ ਅਤੇ ਉਨ੍ਹਾਂ ਨੂੰ ਠੀਕ ਸਿੱਧ ਕਰਨ ਲਈ ਅੰਤ ਕੋਈ ਨਾ ਕੋਈ ਦਲੀਲ ਘੜ ਹੀ ਲੈਂਦੇ ਨੇ। ਖ਼ੈਰ! ਸਿਆਸਤਦਾਨ ਤਾਂ ਸਿਆਸਤਦਾਨ ਹੀ ਰਹਿਣਗੇ।

ਮੇਰਾ ਮੰਨਣਾ ਹੈ ਕਿ ਨਿਤੀਸ਼ ਕੁਮਾਰ ਨੇ ਭਾਰਤੀ ਸਿਆਸਤ ਵਿੱਚ ਸੁਹਿਰਦ ਨੈਤਿਕ ਆਵਾਜ਼ ਬਣਨ ਦਾ ਬਹੁਤ ਵੱਡਾ ਮੌਕਾ ਖੁੰਝਾ ਲਿਆ ਹੈ।

ਮੰਨ ਲਓ ਕਿ ਭਾਜਪਾ ਨਾਲ ਹੱਥ ਮਿਲਾਉਣ ਦੀ ਥਾਂ ਉਹ ਲਾਲੂ ਪ੍ਰਸਾਦ ਅਤੇ ਉਨ੍ਹਾਂ ਦੇ ਪਰਿਵਾਰ ਦੇ ਭ੍ਰਿਸ਼ਟ ਤਰੀਕਿਆਂ ਨੂੰ ਬਰਦਾਸ਼ਤ ਕਰਨ ਵਿੱਚ ਅਸਮਰੱਥ ਹੋਣ ਦੀ ਗੱਲ ਆਖਦਿਆਂ ਜੇ ਉਹ ਅਸਤੀਫ਼ਾ ਦੇ ਕੇ ਅਹੁਦੇ ਤੋਂ ਲਾਂਭੇ ਹੋ ਜਾਂਦੇ ਤਾਂ ਰਾਤੋ-ਰਾਤ ਹੀ ਉਨ੍ਹਾਂ ਨੇ ਬਿਹਾਰ ਤੋਂ ਇਲਾਵਾ ਦੇਸ਼ ਭਰ ਦੇ ਲੋਕਾਂ ਦੇ ਮਨ ਵਿੱਚ ਆਪਣੀ ਬਹੁਤ ਉੱਚੀ ਥਾਂ ਬਣਾ ਲੈਣੀ ਸੀ। ਇਉਂ ਉਨ੍ਹਾਂ ਨੂੰ ਬਹੁਤ ਮਹਿਮਾ ਹਾਸਲ ਹੋਣੀ ਸੀ ਅਤੇ ਸ਼ਾਇਦ ਉਹ ਦੂਜੇ 'ਜੇਪੀ' (ਜੈ ਪ੍ਰਕਾਸ਼ ਨਾਰਾਇਣ) ਵਜੋਂ ਉੱਭਰ ਸਕਦੇ ਹਨ।

ਜੇਕਰ ਉਹ ਅਹੁਦੇ ਤੋਂ ਲਾਂਭੇ ਹੋ ਗਏ ਹੁੰਦੇ ਅਤੇ ਮੁੱਖ ਮੰਤਰੀ ਦੀ ਕੁਰਸੀ 'ਤੇ ਟਿਕੇ ਰਹਿਣ ਦੀ ਕੋਸ਼ਿਸ਼ ਨਾ ਕਰਦੇ ਤਾਂ ਉਹ 'ਕੁਰਬਾਨੀ' ਦੀ ਗੱਲ ਕਰ ਸਕਦੇ ਸਨ ਅਤੇ ਸਿਆਸੀ ਸ਼ਰੀਕਾਂ ਖ਼ਿਲਾਫ਼ ਮੌਜੂਦਾ ਵੈਰ ਦੀ ਥਾਂ ਯਕੀਨੀ ਤੌਰ 'ਤੇ 'ਭ੍ਰਿਸ਼ਟਾਚਾਰ' ਵਿਰੁੱਧ ਹੋਰ ਉੱਚੀ ਸੁਰ ਵਿੱਚ ਆਵਾਜ਼ ਬੁਲੰਦ ਕਰ ਸਕਦੇ ਸਨ।

'ਸੰਤ ਨਿਤੀਸ਼' ਵਜੋਂ ਉਹ ਨਾ ਸਿਰਫ਼ ਪੁਰਾਣੇ ਆਗੂਆਂ (ਲਾਲੂ ਪ੍ਰਸਾਦ ਵਰਗਿਆਂ) ਵੱਲੋਂ ਕੀਤੇ ਗਏ 'ਭ੍ਰਿਸ਼ਟਾਚਾਰ' ਖ਼ਿਲਾਫ਼ ਸਗੋਂ ਭਾਰਤੀ ਸਿਆਸੀ ਜੀਵਨ ਵਿੱਚ ਫੈਲ ਰਹੇ ਕਾਰਪੋਰੇਟ ਭ੍ਰਿਸ਼ਟਾਚਾਰ ਦੇ ਪਰਛਾਵੇਂ ਖ਼ਿਲਾਫ਼ ਵੀ ਅਲਖ਼ ਜਗਾ ਸਕਦੇ ਸਨ। ਇਸ ਤਰ੍ਹਾਂ ਉਨ੍ਹਾਂ ਨੂੰ ਫ਼ਿਰਕੂਵਾਦ ਅਤੇ ਧਰਮ ਨਿਰਪੱਖਤਾ ਨੂੰ ਇਕੋ ਪੱਲੜੇ ਵਿਚ ਤੋਲਣ ਦੀ ਤਾਈਦ ਨਹੀਂ ਸੀ ਕਰਨੀ ਪੈਣੀ। ਜੇਕਰ 'ਭ੍ਰਿਸ਼ਟਾਚਾਰ' ਨੂੰ ਠੀਕ ਸਿੱਧ ਕਰਨ ਲਈ 'ਧਰਮ ਨਿਰਪੱਖਤਾ' ਦਾ ਆਸਰਾ ਨਹੀਂ ਲਿਆ ਜਾ ਸਕਦਾ ਤਾਂ ਫ਼ਿਰਕੂ ਸਿਆਸਤ ਨੂੰ ਜਾਇਜ਼ ਠਹਿਰਾਉਣ ਲਈ ਵੀ 'ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ' ਦਾ ਆਸਰਾ ਨਹੀਂ ਲਿਆ ਜਾ ਸਕਦਾ। 'ਸੰਤ ਨਿਤੀਸ਼' ਵਜੋਂ ਉਹ ਇਸ ਦੁਚਿੱਤੀ ਵਿਚੋਂ ਨਿਕਲਣ ਵਾਸਤੇ ਦੇਸ਼ ਵਾਸੀਆਂ ਦੀ ਮਦਦ ਕਰ ਸਕਦੇ ਸਨ। ਪਰ ਅਫ਼ਸੋਸ! ਸੰਤ ਬਣਦਾ ਬਣਦਾ ਰਹਿ ਗਿਆ ਇਹ ਸ਼ਖ਼ਸ ਤਾਂ ਪਾਪੀ ਬਣ ਕੇ ਰਹਿ ਗਿਆ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। ।ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- 14)

## ਅੰਮਾ ਨਾ ਬਣਿਆ ਕਰ

ਜਦ ਸਵੇਰੇ ਲੋਕ ਆਪਣੇ ਡੰਗਰ ਪਿੰਡੋਂ ਬਾਹਰ ਮਾਲ ਵਿਚ ਛੱਡ ਕੇ ਆਉਂਦੇ ਹੁੰਦੇ ਤਾਂ ਮੈਂ ਵੀ ਆਪਣੀ 'ਗਾਂ' ਛੱਡਣ ਜਾਂਦੀ – ਸਾਰਾ ਪਿੰਡ ਲੰਘ ਐਧਰ ਸੂਏ ਵੱਲ – ਜਿੱਥੇ ਮਾਲ 'ਕੱਠਾ ਹੁੰਦਾ ਹੈ।

ਪਰ ਮੈਂ ਬਹੁਤ ਹੈਰਾਨ ਹੁੰਦੀ ਕਿ ਕਿਵੇਂ ਸੰਝਾਂ ਨੂੰ ਇਹ ਸਾਰੇ ਡੰਗਰ ਆਪਣੇ-ਆਪ ਆਪਣੇ ਆਪਣੇ ਠਿਕਾਣਿਆਂ 'ਤੇ ਪੁੱਜ ਜਾਂਦੇ ਹਨ। ਇਹ ਡੰਗਰ ਕਾਹਦੇ ਇਨ੍ਹਾਂ ਨੂੰ ਤਾਂ ਸਭ ਪਤਾ ਹੈ ਕਿ ਕਿੱਥੇ ਪੁੱਜਣਾ ਹੈ। ਡੰਗਰ ਹੋਣ ਤਾਂ ਇੱਕ ਦੂਸਰੇ ਦੇ ਘਰ ਨਾ ਵੜ ਜਾਣ, ਮੈਂ ਸੋਚਦੀ ਰਹਿੰਦੀ ਹਾਂ। ਕਈ ਵਾਰੀ ਤਾਂ ਮੈਸਾਂ ਗਾਂਈਆਂ ਨੂੰ ਡਾਹਿਆਂ ਨਾਲ ਲੱਤਾਂ ਤੁੜਾਉਂਦੀਆਂ ਨੱਠੀਆਂ ਆਉਂਦੀਆਂ ਨੂੰ ਦੇਖ ਕੇ ਤਾਂ ਐਨੀ ਹੈਰਾਨੀ ਹੁੰਦੀ ਜਿਵੇਂ ਪਿੱਛੇ ਇਨ੍ਹਾਂ ਦਾ ਖੁਬਰਨੀ ਕੀ ਗੁਆਚ ਗਿਆ ਸੀ ਜੋ ਲੱਭਣ ਨੂੰ ਵਾਹੋਦਾਰੀ ਭੱਜੀਆਂ ਆ ਰਹੀਆਂ ਹਨ, ਇਕ ਦੂਜੇ ਦੇ ਮੂਹਰੇ ਫੂਹ-ਤੜਾਉਂਦੀਆਂ, ਸਾਹੋਸਾਹੀ, ਰੰਭਦੀਆਂ ਰਾਹਟ ਪਾਉਂਦੀਆਂ ਆਪਣੇ ਆਪਣੇ ਖੁੰਡਿਆਂ 'ਤੇ ਆ ਖੜਦੀਆਂ – ਕੁਝ ਲੱਭਦੀਆਂ, ਤਾੜਦੀਆਂ ਅੱਖਾਂ ਨਾਲ। ਪਤਾ ਨੀ ਪਿੱਛੇ ਘਰਾਂ ਵਿਚ ਸਵੇਰ ਦੇ ਛੱਡੇ ਕਟੜੂਆਂ ਬੱਛੜੂਆਂ ਦੀ ਤਾਂਘ ਇਨ੍ਹਾਂ ਦੇ ਪੈਰੀਂ ਬਿਜਲੀਆਂ ਬੰਨ੍ਹ ਦਿੰਦੀ।

ਮੂਹਰੇ ਘਰ ਦੇ, ਇੰਜ ਤਿਆਰ ਬਰ ਤਿਆਰ ਰਹਿੰਦੇ ਜਿਵੇਂ ਕੋਈ ਬਰਾਤ ਉਤਰ ਰਹੀ ਹੋਵੇ – ਫਟਾ ਫਟ ਰੱਸੇ ਪਾ ਖੁਰਲੀਆਂ 'ਤੇ ਬੰਨ੍ਹ ਹੋਣ ਲੱਗ ਜਾਂਦੀਆਂ ਧਾਰਾਂ ਕੱਢਣ ਦੀਆਂ ਤਿਆਰੀਆਂ – ਤੇ ਭੁੱਖਣ ਭਾਣੇ ਕੱਟੇ-ਕੱਟੀਆਂ, ਵੱਛੇ-ਵੱਛੀਆਂ ਲਈ ਦੁੱਧ ਬਾਧ ਦਾ ਆਹਰ – ਭਾਵੇਂ ਨਾ ਮਾਤਰ ਹੀ ਹੁੰਦਾ ਹੈ, ਉਨ੍ਹਾਂ ਲਈ ਤਾਂ।

ਸੰਝ ਪੈਂਦਿਆਂ – ਧਾਰਾਂ ਕੱਢ – ਝੋਨਿਆਂ ਨਾਲ ਢੱਕ – ਦੁੱਧਾਂ ਦੀਆਂ ਬਾਲਟੀਆਂ, ਬਾੜਿਆਂ 'ਚੋਂ ਲਈ ਆਉਂਦੀਆਂ 'ਰਕਾਨਾਂ' 'ਚੋਂ ਮੈਨੂੰ 'ਜੈਲੂ ਦੀ ਬੇਬੇ' ਸਭ ਤੋਂ ਵੱਧ ਚੰਗੀ ਲਗਦੀ – ਮੋਟੀ, ਸੁਹਣੇ ਤਕੜੇ ਡੀਲ ਡੌਲ ਵਾਲੀ, ਗੋਰੀ-ਨਿਛੋਹ, ਗੁਲਾਬੀ ਭਾਅ ਮਾਰਦੇ ਹਸਮੁਖ ਚਿਹਰੇ ਵਾਲੀ – ਗਲ੍ਹ 'ਤੇ ਮੋਟੇ ਸਾਰੇ ਕਾਲੇ ਮੋਹਕੇ ਵਾਲੀ – ਜੈਲੂ ਦੀ ਬੇਬੇ – ਉਹਦਾ ਨਾਉਂ ਕੀ ਹੈ ਮੈਂ ਨਹੀਂ ਜਾਣਦੀ ਹਾਂ ਸ਼ਾਇਦ ਬਹੁਤਿਆਂ ਨੂੰ ਹੀ ਨਾ ਪਤਾ ਹੋਵੇ, ਲੋੜ ਵੀ ਕੀ ਹੈ ਬਸ ਉਹ ਤਾਂ 'ਜੈਲੂ ਦੀ ਬੇਬੇ' ਹੈ – ਕੀ ਇਹੋ ਕਾਫ਼ੀ ਨਹੀਂ। ਉਂਜ ਸੁਣਿਆ ਹੈ – ਕਹਿਣ ਵਾਲੇ ਉਸ ਨੂੰ ਕਰਤਾਰ ਕੁਰ ਵੀ ਕਹਿੰਦੇ ਹਨ, ਮਟਕ ਮਟਕ ਤੁਰਦੀ ਤਾਂ ਉਹਦੀ ਗਿੱਟਿਆਂ ਤੋਂ ਉਪਰ ਸਲਵਾਰ ਦੇ ਪੌਂਚੇ – ਆਸੇ ਪਾਸੇ ਨੂੰ – ਪੱਖਿਆਂ ਵਾਂਗ ਝੂਲਦੇ – ਖੁੱਲ ਖੁੱਲ ਕਰਦੀ ਵੀ ਉਹ ਬਹੁਤ ਚੁਸਤ ਚੁਕੰਨੀ ਲਗਦੀ, ਜਿੱਥੇ ਮਿਲ ਜਾਂਦੀ, ਉੱਥੀ ਖੜ੍ਹ ਕੇ ਸੁਖਸਾਂਦ ਪੁੱਛਦੀ, ਪਿਆਰ ਦੀ – ਚਿਹਰੇ ਨਾਲੋਂ ਵੀ ਵੱਧ ਗੱਲਾਂ ਕਰਦੀਆਂ ਉਹਦੀਆਂ ਹੱਸਦੀਆਂ ਚਮਕਦੀਆਂ ਅੱਖਾਂ।

ਸਾਰੇ ਵਿਹੜੇ ਦੀ ਰੌਣਕ – ਇਹ ਜੈਲੂ ਦੀ ਬੇਬੇ, ਭਾਈ ਚੂਹੜ ਸਿਓਂ ਦੀ ਘਰ ਆਲੀ। ਦੋ ਕੁੜੀਆਂ ਵੀ ਹਨ ਇਹਦੇ – ਜੀਤੋ ਤੇ ਚਰਨੋ- ਜੇਲੂ ਤੋਂ ਬਿਨਾਂ ਦੋ ਮੁੰਡੇ ਹੋਰ ਵੀ ਹਨ ਇਹਦੇ ਕੋਲ। ਜੀਤੋ ਵੱਡੀ, ਥੋੜ੍ਹੇ ਸਾਂਵਲੇ ਰੰਗ ਦੀ। ਚਰਨੋ ਛੋਟੀ ਗੋਰੀ ਚਿੱਟੀ ਇਕ ਗੱਲ੍ਹ 'ਤੇ ਬਹੁਤ ਵੱਡੇ ਫੋੜੇ ਦਾ ਨਿਸ਼ਾਨ – ਦੋਹੇ ਵਿਆਹੀਆਂ – ਪਤਾ ਨੀ ਕਿੱਥੇ। ਪਰ ਚਰਨੋ ਦੇ ਘਰ ਆਲਾ ਦਿੱਲੀ ਕੰਮ ਕਰਦਾ ਹੈ, ਉਹ ਜਦ ਵੀ ਪਿੰਡ ਆਉਂਦੀ ਹੈ, ਕਾਰ ਵਿਚ – 'ਚਰਨੋ ਆਗੀ, ਚਰਨੋ ਆਗੀ' ਸਾਰੇ ਰੌਲਾ ਪੈ ਜਾਂਦਾ ਹੈ। ਸੁਹਣੇ ਸੁਹਣੇ ਕਪੜਿਆਂ ਵਿਚ ਚਰਨੋ ਨੂੰ ਦੇਖਣ ਦਾ ਜਿੱਥੇ ਨਿਆਣਿਆਂ ਨੂੰ ਚਾਓ ਹੁੰਦਾ, ਉਥੇ ਉਹਦੀਆਂ ਹਾਨਣਾਂ ਉਹਦੀ ਕਿਸਮਤ 'ਤੇ ਰਸ਼ਕ ਕਰਦੀਆਂ – ਤੇ ਪਿੰਡ ਦੇ ਨਿਆਣੇ ਤਾਂ ਧੂੜਾਂ ਪੱਟਦੀ ਗੱਡੀ ਨੂੰ ਦੇਖਦੇ ਨਾ ਥੱਕਦੇ। ਗੱਡੀ ਦੁਆਲੇ ਤਾਂ ਮੇਲਾ ਹੀ ਲੱਗਾ ਰਹਿੰਦਾ ਨਿਆਣਿਆਂ ਦਾ। ਹੱਥ ਲਾ ਲਾ ਦੇਖੀ ਜਾਂਦੇ – ਆਉਂਦੇ ਜਾਂਦੇ – ਜਿਵੇਂ ਹੱਥ ਲਾਉਣ ਨਾਲ ਹੀ ਸਭ ਕੁਝ ਮਿਲ ਜਾਣਾ ਹੋਵੇ ਉਨ੍ਹਾਂ ਨੂੰ – ਜੋ ਉਹ ਚਾਹੁੰਦੇ ਹਨ।

ਇਕ ਦਿਨ ਬੀਜੀ ਕੱਖਾਂ ਨੂੰ ਜਾਂਦੇ ਹਨ, ਦੁਪਹਿਰ ਦੀ ਰੋਟੀ ਮੈਂ ਬਣਾਉਣੀ ਹੈ, "ਆਲੂ ਰਿੰਨ੍ਹ ਲਈਂ।" ਬੀਜੀ ਆਖ ਜਾਂਦੇ ਹਨ। ਮੈਨੂੰ ਯਾਦ ਆਉਂਦਾ ਹੈ – ਜੈਲੂ ਦੀ ਬੇਬੇ ਨੇ ਕੱਲ੍ਹ ਪਰਸੋਂ ਵੜੀਆਂ ਟੁੱਕੀਆਂ ਹਨ – ਮੈਂ ਦੋ ਤਿੰਨ ਵੜੀਆਂ ਮੰਗ ਲਿਆਉਂਦੀ ਹਾਂ – ਰਿੰਨਣ ਲਈ।

ਰੋਟੀ ਭਾਜੀ ਮੈਨੂੰ ਬਹੁਤ ਚੰਗੀ ਬਣਾਉਣੀ ਨਹੀਂ ਆਉਂਦੀ – ਕੱਚੀ ਪੱਕੀ ਵਿੰਗੀ ਟੇਢੀ ਰੋਟੀ ਮੈਂ ਪਕਾ ਲੈਂਦੀ ਹਾਂ। ਜੇ ਕੋਈ ਸੜ ਜਾਂਦੀ ਹੈ ਤਾਂ ਖਰਾਬ ਹੋ ਜਾਂਦੀ ਹੈ ਉਹ ਮੈਂ ਬੋਹੀਏ ਵਿਚ ਹੇਠਾਂ ਰਖ ਲੈਂਦੀ ਹਾਂ, ਲੁਕਾ ਕੇ – ਕਿ ਆਪ ਖਾ ਲਵਾਂਗੀ ਤੇ ਅੱਜ – ਅੱਜ ਤਾਂ ਆਲੂ ਵੜੀਆਂ ਦੇਖ ਬੀਜੀ ਬਹੁਤ ਖੁਸ਼ ਹੋਣਗੇ, ਮੈਂ ਸੋਚਦੀ ਹਾਂ।

ਬੀਜੀ ਦੇ ਆਇਆਂ ਮੈਂ ਚਾਅ ਚਾਅ ਨਾਲ ਰੋਟੀ ਦਿੰਦੀ ਹਾਂ – ਬੀਜੀ, ਵੜੀਆਂ ਬਾਰੇ ਪੁੱਛਦੇ ਹਨ ਤਾਂ ਸਾਰੀ ਕਹਾਣੀ ਕਹਿ ਦਿੰਦੀ ਹਾਂ। ਫੇਰ ਕੀ, ਕੀਹਨੇ ਖਾਣੀ ਸੀ ਰੋਟੀ – ਬਰਸਣ ਲਗ ਜਾਂਦੀ ਹੈ ਬੀਜੀ – ਚਾਣ-ਚੱਕ-ਸਾਉਣ ਦੇ ਛਰਾਟਿਆਂ ਵਾਂਗ।

"ਤੈਨੂੰ ਕਿਹਾ ਕੀਹਨੇ ਸੀ ਮੰਗ ਕੇ ਲਿਆਉਣ ਨੂੰ – ਕਹੋ ਕੁਝ ਕਰਦੀ ਕੁਝ – ਨਾ 'ਕੱਲੇ ਆਲੂ ਨੀ ਨਿਘਰਦੇ ਸੀ – ਵੜੀਆਂ ਬਹੁਤ 'ਮਤਾਅ' ਐ, ਕਦੇ ਦੇਖੀਆਂ ਨੀ, ਅਜੇ ਦੋ ਦਿਨ ਨਹੀਂ ਹੋਏ ਹੋਣੇ ਮੁੱਕੀਆਂ ਨੂੰ – ਹੋਰ ਆ ਜਾਂਦੀਆਂ – ਜਿਹੜੀ ਗੱਲ ਕਹੋ – ਕਰਨੀ ਨੀ – ਹੋਰ ਚਾਰ ਰੱਤੀ ਮੂਹਰੇ ਲਖ ਜਾਇਆ ਕਰ – ਮਿੰਟ 'ਚ ਮਰਨ ਮਰਾਨ ਕਰਾ ਦਿੰਦੀ ਆ ਬੰਦੇ ਦਾ – ਖ਼ਬਰੇ ਕਦ ਅਕਲ ਆਊ – ਇਸ ਜੈਂਡ ਨੂੰ।"

ਪਤਾ ਨੀ ਇਕ ਸਾਹ ਬੀਜੀ ਕੀ ਕੀ ਕਹੀ ਜਾਂਦੇ ਪਰ ਮੈਂ ਸੋਚਾਂ ਮੈਂ ਕਿਹੜਾ ਕੋਈ ਗ਼ਲਤ ਗੱਲ ਕੀਤੀ ਆ, ਆਪਣੀ ਵਾਰੀ ਤਾਂ ਜਦ ਵੀ ਕੋਈ ਕੁਝ ਮੰਗਣ ਆ ਜਾਂਦਾ – ਕੋਈ ਪੈਸੇ, ਤੀਲਾਂ ਦੀ ਡੱਬੀ-ਕੋਈ ਚੀਨੀ – ਬੀਜੀ ਫਟਾਫਟ ਕੱਢ ਕੇ ਦੇ ਦਿੰਦੇ ਹਨ। ਜੇ ਮੈਂ ਮੰਗ ਲਿਆਈ ਤਾਂ ਕੀ ਲੋਹੜਾ ਆ ਗਿਆ। ਮੈਂ ਸੋਚੀ ਜਾ ਰਹੀ ਹਾਂ। ਉਂਜ ਅੱਗ ਮੰਗਣ ਨੂੰ ਤਾਂ ਚੱਪਣ ਚੁੱਕ ਹਰ ਕੋਈ ਤੁਰੀ ਆਉਂਦੀ ਹੈ-ਸਵੇਰ ਹੋਵੇ ਜਾਂ ਸ਼ਾਮ।

"ਜਿੰਨਾ ਕਹੋ ਉਨਾ ਕਰਿਆ ਕਰ – ਅੰਮਾ ਨਾ ਬਣਿਆ ਕਰ ਮੇਰੀ।" ਵਿਚ ਵਿਚ ਨੂੰ ਜਦ ਹੌਲ ਉੱਠਦਾ – ਬੀਜੀ ਫੇਰ ਕਰਨ ਲੱਗ ਜਾਂਦੀ ਹੈ ਬਚਨ-ਬਿਲਾਸ। ਇਨ੍ਹਾਂ 'ਅਸੀਸ' ਵਰਗੇ ਬੋਲਾਂ ਨਾਲ ਖ਼ਬਰਨੀ ਮੈਨੂੰ ਕਦ ਅਕਲ ਆਈ। ਆਈ ਵੀ ਜਾਂ ਨਾ – ਨਹੀਂ ਜਾਣਦੀ ਹਾਂ।

ਕਦੀ ਕਦੀ ਬੀਜੀ ਮੈਨੂੰ ਧਾਰ ਕੱਢਣ ਵੇਲੇ ਗਾਂ ਹੇਠ ਲੈ ਜਾਂਦੀ, "ਗਾਂਏ ਦੀ ਧਾਰ ਪਲੀ ਹੁੰਦੀ ਹੈ, ਜਲਦੀ ਸਿਖ ਜਾਏਂਗੀ।" ਬੀਜੀ ਮੈਨੂੰ ਪਤਿਆਉਂਦੇ – ਪਰ ਮੈਨੂੰ ਇਹ ਕੰਮ ਸਭ ਕੰਮਾਂ ਤੋਂ ਔਖਾ ਤੇ ਬੁਰਾ ਲਗਦਾ – ਥਣਾਂ ਨੂੰ ਹੱਥ ਲਾਉਂਦਿਆਂ ਹੀ ਮੈਨੂੰ ਧੁੜਧੜੀ ਜੇਹੀ ਆਉਣ ਲੱਗਦੀ – ਪਿੰਡੇ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ –ਜਿਵੇਂ ਕਰੰਟ ਲਗਦਾ ਹੋਵੇ – ਮੈਂ ਸੋਚਦੀ – ਹੱਥ ਲਵਾਂਗੀ ਥਣ ਟੁੱਟ ਜਾਣਗੇ – ਮੈਨੂੰ ਕਚਿਆਣ ਜਿਹੀ ਆਉਣੀ ਸ਼ੁਰੂ ਹੋ ਜਾਂਦੀ – ਤੇ ਮੈਂ ਛੜੱਪਾ ਮਾਰ ਗਾਂ ਹੇਠੋਂ ਉੱਠ ਜਾਂਦੀ। ਬੀਜੀ ਬਾਂਹ ਫੜ – ਜੋਰਾ-ਜਬਰੀ ਕਰਦੇ ਮੈਨੂੰ ਧੂਹ ਕੇ ਫੇਰ ਹੇਠਾਂ ਬਹਾ ਦਿੰਦੇ – ਮੈਂ ਆਪਣੇ ਦੋਵੇਂ ਹੱਥ ਗੋਦੀ ਵਿਚ ਲੈ ਕੇ – ਬੀਜੀ ਵੱਲ ਕਦੀ ਡੈਂਬਰਿਆਂ ਵਾਂਗ ਕਦੀ ਤਰਸ ਭਰੀਆਂ ਅੱਖਾਂ ਨਾਲ ਤੇ ਕਦੀ ਜਮਾਂ ਹੀ ਆਕੀ ਹੋਈ ਦੇਖਦੀ ਰਹਿੰਦੀ – ਬੈਠੀ ਰਹਿੰਦੀ, ਢੀਠ ਹੋ ਕੇ। ਬਾਜੀ ਦੇ ਲੱਖ ਕਹਿਣ 'ਤੇ – ਮਿੰਨਤਾ ਕਰਨ 'ਤੇ ਵੀ ਮੈਂ ਥਣਾਂ ਨੂੰ ਹੱਥ ਨਾ ਲਾਉਂਦੀ – ਅੰਤਾਂ ਦੇ ਗੁੱਸੇ ਵਿਚ ਬੀਜੀ ਥੱਪੜ ਠੋਕਦੇ – ਡਿਗਦੀ ਢਹਿੰਦੀ ਰੋਂਦੀ ਰੋਂਦੀ ਮੈਂ ਉੱਠ ਜਾਂਦੀ।



"ਖ਼ਬਰਨੀ ਕੀ ਜਾਨ ਨਿਕਲਦੀ ਹੈ, ਹੁਣ ਪੀਣ ਨੂੰ ਮੰਗੀਂ – ਤੁਪਕਾ ਨੀ ਦੇਣਾ ਝਾਕੀ ਜਾਂਈ ਬੈਠੀ"– ਬੀਜੀ ਦਾ ਬਖਿਆਨ ਫੇਰ ਸ਼ੁਰੂ ਹੋ ਜਾਂਦਾ, "ਕਿਤੇ ਅਹੇ ਜੇ ਘਰ ਬਿਆਹੀ ਗਈ ਜਿੱਥੇ ਮੈਸਾਂ ਦੀ ਧਾਰ ਕੱਢਣੀ ਪਈ ਫੇਰ ਪਤਾ ਲੱਗੂ – ਨਾਲੇ ਪਟਾਂਈ ਮੇਰੀ ਗੁਤੜੀ – ਕਹਿਣਗੇ ਕੀ ਸਿਖਾਇਆ ਅੰਮਾ ਨੇ – ਫੇਰ ਰੋਇਆ ਕਰੀਂ ਅੱਖਾਂ 'ਚ ਘਸੁੰਨ ਦੇ ਦੇ ਕੇ।"

ਗੁੱਸੇ ਵਿਚ ਬੀਜੀ ਅਗਲੇ ਪਿਛਲੇ ਸਭ ਪੁਣੀ ਜਾਂਦੀ।

"ਬੀਜੀ ਮੈਂ ਗੋਹਾ ਚੱਕ ਦੂੰ – ਪਾਥੀਆਂ ਪੱਥ ਦੂੰ – ਪਾਣੀ ਦਿਖਾ ਦੂੰ – ਕੱਖ ਖੋਤ ਕੇ ਲਿਆਊਂ – ਪਰ ਆਹ ਧਾਰ ਧੂਰ ਮੈਥੋਂ ਨੀ ਕੱਢ ਹੋਈ – ਕਦੀ ਵੀ।"

"ਨਾ ਧਾਰ ਕੌਣ ਕੱਢੂ ਤੇਰਾ ਲਗਦਾ...."

"ਮੈਂ ਕਿਸੀ ਦੀ ਮਿੰਨਤ ਕਰ ਲਿਆ ਕਰੂੰਗੀ – ਨੌਕਰ ਰੱਖ ਲੂੰ ਗੀ – ਨਾਲੇ ਘਰ ਵਿਚ ਹੋਰ ਵੀ ਤਾਂ ਕੋਈ ਹੋਊ ਈ – ਉਹ ਨੀ ਧਾਰ ਕੱਢ ਸਕਣਗੇ – ਮੈਂ ਹੀ 'ਕੱਲੀ ਥੋੜ੍ਹਾ ਹੋਊਂਗੀ ਉੱਥੇ।" ਇੰਜ ਮੈਂ ਆਪਣੀ ਜਾਨ ਛਡਾਉਣ ਦੀ ਵਾਹ ਲਾਉਂਦੀ।

ਬੀਜੀ ਆਪਣੀ ਥਾਂ ਅੜੇ ਰਹਿੰਦੇ ਤੇ ਮੈਂ ਆਪਣੀ ਥਾਂ। ਗੱਲ – ਕੂਆ-ਮਧਾਣੀ ਪਈ ਰਹਿੰਦੀ। ਸਿੱਟਾ – ਮੈਨੂੰ ਕਦੀ ਧਾਰ ਕੱਢਣੀ ਨਹੀਂ ਆਈ। ਮੈਂ ਸਿੱਖੀ ਹੀ ਨਹੀਂ – ਕਿਉਂਕਿ ਇਹ ਕੰਮ ਮੈਨੂੰ ਦੁਨੀਆ ਦਾ ਸਭ ਤੋਂ ਔਖਾ ਕੰਮ ਲਗਦਾ – ਤੇ ਅੱਜ ਵੀ।

## ਕੀ ਬਣੂੰ ਲੱਖਿਆਂ ਦੇ ਟੱਬਰ ਦਾ

'ਉੱਤਮੀ'– ਇਹ ਅੰਮਾ ਹੈ, ਸਾਡੀ ਦਾਦੀ। ਭਾਪਾ ਜੀ ਦੀ 'ਚਾਚੀ' ਅੰਮਾ। ਹੁਣ 'ਸਿਆਣੀਆਂ' ਔਰਤਾਂ ਵਿਚੋਂ ਇਹੋ ਇਕ ਰਹਿ ਗਈ ਹੈ – ਆਪਣੀ ਪੀੜ੍ਹੀ ਦੀ – ਬਹੁਤ ਸੁਹਣੀ ਬੁੜੀ ਹੈ, ਗੋਰੀ ਚਿੱਟੀ, ਥੋੜ੍ਹੀਆਂ ਥੋੜ੍ਹੀਆਂ ਨੀਲੀਆਂ ਅੱਖਾਂ ਵਾਲੀ।

ਜੇਬ ਅਤੇ ਖੀਸੇ ਵਾਲਾ ਖੱਦਰ ਦਾ ਕੁੜਤਾ ਜੀਹਨੂੰ ਕਦੇ ਕਦੇ ਚਾਂਦੀ ਦੇ ਬਟਨ ਵੀ ਲੱਗੇ ਹੁੰਦੇ ਹਨ ਤੇ ਚੂੜੀਦਾਰ ਪਜਾਮਾ ਪਾਉਂਦੀ ਹੈ-ਉੱਪਰ ਓਡਣ ਨੂੰ ਮਲਮਲ ਦਾ ਝੋਨਾ, ਚਿੱਟਾ, ਬਿਨਾਂ ਮਾਏ ਦੇ ਲੈਂਦੀ ਹੈ – ਅੰਮਾ।

ਵਾਲ ਵਾਹੁੰਦੀ ਮੱਥੇ ਤੋਂ ਐਨ ਚੀਰ ਕੋਲੋਂ ਮੀਢੀਆਂ ਗੁੰਦ ਕੇ, ਘਰ ਦੀ ਬਣੀ ਡੋਰੀ (ਪਰਾਂਦੀ) ਪਾ ਗੁੱਤ ਕਰਦੀ - ਪੈਰੀਂ ਸਦਾ ਜੁੱਤੀ ਪਾ ਨਿਕਲਦੀ ਹੈ ਘਰੋਂ – ਬਾਂਸ ਦੀ ਮੋਟੀ ਸਾਰੀ ਸੋਟੀ ਲੈ ਕੇ। ਉਂਜ ਅੰਮਾ ਸਦਾ ਪੈਰ ਦੇ ਅੰਗੂਠਿਆਂ ਨੂੰ ਕਾਲੇ ਧਾਗੇ ਬੰਨ੍ਹ ਕੇ ਰਖਦੀ ਹੈ। ਪੁੱਛੋ ਤਾਂ ਕੁਝ ਨਹੀਂ ਦਸਦੀ – ਕਿ ਕਾਹਤੋਂ ਬੰਨ੍ਹੇ ਹਨ। ਬਸ ਰਤਾ ਮੁਸਕੜੀ ਜਿਹੀ ਨਾਲ ਹੱਸ ਕੇ ਟਾਲ ਦਿੰਦੀ ਹੈ।

ਬਰੀਕ ਬਰੀਕ ਅੱਖਾਂ ਵਿਚ ਸਦਾ ਦੀਵੇ ਦੀ ਮੋਟੀ ਮੋਟੀ ਲੋਅ ਪਾਉਂਦੀ – ਸੱਜੇ ਹੱਥ ਦੀ ਚੀਚੀ ਦੇ ਨਾਲ ਵਾਲੀ ਉਂਗਲ ਨਾਲ – ਸ਼ੀਸ਼ੇ ਵਿਚ ਨੂੰ ਦੇਖ ਕੇ – ਤੇ ਲਿਬੜੀ ਹੋਈ ਉਂਗਲ ਝੱਗੇ ਦੇ ਪਿਛਲੇ ਪੱਲੇ ਨਾਲ ਪੂੰਝ ਦਿੰਦੀ ਹੈ। ਕੰਨਾਂ ਵਿਚ ਚਾਂਦੀ ਦੀਆਂ ਮੋਟੀਆਂ ਮੋਟੀਆਂ 'ਬੁਜਲੀਆਂ' ਪਾਈਆਂ ਹੋਈਆਂ ਹਨ।

ਹਰ ਵੇਲੇ ਚੁਕੰਨੀ, ਚੌਕਸ, ਸੁਚੇਤ ਰਹਿੰਦੀ ਹੈ। ਕਦੇ ਕੁਝ ਅਜਿਹਾ ਨਾ ਹੋ ਜਾਵੇ ਜੋ ਉਸ ਦੀ ਨਜ਼ਰ ਤੋਂ ਓਹਲੇ ਰਹਿ ਜਾਏ। ਗਲੀ 'ਚੋਂ ਲੰਘਦੀ, ਐਂ ਲਗਦਾ ਹੈ ਜਿਵੇਂ ਅੱਖਾਂ ਨਾਲ ਹੀ ਟਟੋਲਦੀ ਜਾਂਦੀ ਹੈ ਸਭ ਕੁਝ – ਦੇਖਦੀ ਘੋਖਦੀ – ਕਾਉਂ ਦੀ ਅੱਖ ਹੋਵੇ ਜਿਵੇਂ ਅੰਮਾ ਕੋਲ।

ਮੇਰੀ ਅੰਮਾ ਨਾਲ ਬਹੁਤੀ ਨੀ ਬਣਦੀ – ਬਣੇ ਵੀ ਕਿਵੇਂ – ਕੋਈ ਕੁੜੀ, ਫੇਰ ਜੇ ਰਤਾ ਬਣ ਸੰਵਰ ਕੇ ਉਹਦੇ ਮੂਹਰੇ ਨੂੰ ਲੰਘਗੀ, ਅੰਮਾ ਉਹਨੂੰ ਕੈਰੀ ਅੱਖ ਨਾਲ ਦੇਖਦੀ – ਸਿਰ ਤੋਂ ਪੈਰਾਂ ਤੱਕ ਜਿਵੇਂ ਜੇ ਉਹਦਾ ਵਸ ਚੱਲੇ – ਉਹਨੂੰ ਧਰਤੀ 'ਚ ਗੱਡ ਕੇ ਭਾਫ਼ ਵੀ ਨਾ ਕੱਢੇ।

ਅਕਸਰ ਸੰਝ ਸਵੇਰ ਜਦ ਘਰ ਦੀਆਂ ਤੀਵੀਆਂ ਬਾੜੇ 'ਚ ਆ 'ਕੱਠੀਆਂ ਹੋ ਬਹਿੰਦੀਆਂ – ਉੱਥੇ ਬੈਠੀ ਕਿਸੇ ਨਾ ਕਿਸੇ ਕੁੜੀ ਨੂੰ ਦੇਖਦੀ – ਹੋ ਜਾਂਦੀ ਸ਼ੁਰੂ – "ਦੇਖ ਲਾ – ਕਿੱਡੀ ਵਧ ਕੇ ਕੋਠੇ ਜਿੱਡੀ ਹੁੰਦੀ ਜਾਂਦੀ ਆ – ਦੈਂਤ ਨਿਰੀ" – ਤੇ ਫੇਰ ਆਨੇ ਬਹਾਨੇ ਲੱਗ ਜਾਂਦੀ ਕੁੜੀਆਂ ਦੀ ਗਿਣਤੀ ਕਰਨ।

"ਆਹ, ਬਖਸ਼ੀਸ਼ ਸਿਓਂ ਦੀਆਂ ਪੰਜ – ਬਹਾਲ ਸਿਓਂ ਦੀਆਂ ਚਾਰ – ਕਰਤਾਰ ਸਿਓਂ, ਪਿਆਰ ਸਿਓਂ, ਬਖਤੌਰ ਦੀ ...ਕੀ ਬਣੂੰ ਲੱਖਿਆਂ ਦੇ ਟੱਬਰ ਦਾ – ਐਡਾ ਚੌਣਾ...।"

"ਅੰਮਾ। ਤੂੰ ਮੁੰਡੇ ਗਿਣ, ਕੁੜੀਆਂ ਤੋਂ ਦੋ ਵੱਧ ਹੀ ਬਣਦੇ ਆ... ਗਿਣ, ਪਿਆਰਾ ਸਿਓਂ ਦੇ ਪੰਜ, ਬਖਸ਼ੀਸ਼ ਸਿਓਂ ਦੇ ਚਾਰ..."ਅਜੇ ਮੈਂ ਜ਼ੋਰ ਦੇ ਕੇ ਰਤਾ ਸ਼ੁਰੂ, ਹੀ ਹੁੰਦੀ... "ਬਸ ਕਰ, ਬਸ ਕਰ, ਹੈਂਅ – ਕਿੱਡੀ ਜਬਾਨ (ਜ਼ੁਬਾਨ) ਚਲਦੀ ਆ ਇਸ ਕੁੜੀ ਦੀ, ਕੈਂਚੀ ਵਾਂਗ – ਕੁਤਰ ਕੁਤਰ-ਦੇਖਲਾ-ਕੀਕਣ ਮੂਹਰੇ ਬੋਲਦੀ ਹੈ – ਹੈ ਰਤਾ – ਡਰ ਭਾਓ – ਬੜੇ ਛੋਟੇ ਦਾ।" ਤੇ ਲੱਗ ਜਾਂਦਾ ਆਡਾ, ਅੰਮਾ ਦਾ ਤੇ ਮੇਰਾ – ਆਹਮੋ ਸਾਹਮਣੇ:

"ਮਰ ਜਾ ਭਾਈਆਂ ਨੂੰ ਆਂਏ ਨੀ ਕਹੀਦਾ।" ਤਾਈ।

"ਕੋਹੜਨੇ ਇਹ ਤਾਂ ਮਸਾਂ ਮਸਾਂ ਥਿਆਉਂਦੇ ਆ..." ਦੂਜੀ ਤਾਈ।

ਹੋਰ ਪਤਾ ਨੀ ਕੀ ਕੀ ਕਹੀ ਜਾਂਦੀਆਂ ਸਾਰੀਆਂ ਹੀ।

"ਕਿੱਥੇ ਛੇੜ ਲਿਆ ਇਸ ਭਿੰਡੀ ਨੂੰ, ਨਿੱਤ ਇਹੀ ਮਾਘਾ ਪਾ ਕੇ ਬੈਹ ਜਾਂਦੀ ਆ।" ਬੀਜੀ ਮੈਨੂੰ ਘੂਰਦੇ, ਸਮਝਾਉਂਦੇ।

"ਚਲ ਜਾਹ, ਕਿੰਨੀ ਵਾਰੀ ਕਿਹਾ, ਵੱਡਿਆਂ ਦੇ ਗੱਭੇ ਆ ਕੇ ਨਾ ਬੈਠਿਆ ਕਰ।"

"ਪਰ ਅੰਮਾ ਹਮੇਸ਼ਾਂ ਕੁੜੀਆਂ ਹੀ ਕਿਉਂ ਗਿਣਨ ਬੈਠ ਜਾਂਦੀ ਆ, ਅਸੀਂ ਕਿਹੜਾ ਮੰਗ ਕੇ ਲਿਆਂਉਂਦੀਆਂ ਕਿਤੋਂ। ਮੁੰਡਿਆਂ ਤੋਂ ਵੱਧ ਕੰਮ ਕਰਦੀਆਂ, ਸਗੋਂ ਉਨ੍ਹਾਂ ਦਾ ਵੀ ਕਰਦੀਆਂ – ਖੁਆਂਦੀਆਂ, ਪਿਓਂਦੀਆਂ ਖਿਡਾਉਂਦੀਆਂ – ਚਾਓ ਲਾਡ ਕਰਦੀਆਂ – ਅਸੀਂ ਬੀ ਤਾਂ ਉਨ੍ਹਾਂ ਦਾ।"

ਇੰਜ ਮੈਨੂੰ ਸੁਣ ਹਾਸੇ ਵਿਚ ਪਾ ਦਿੰਦੀਆਂ ਸਾਰੀਆਂ ਇਹ ਰਾਮ-ਕਹਾਣੀ (ਹੱਸਦੀਆਂ ਹੱਸਦੀਆਂ)।

ਅੰਮਾ ਚਾਹੇ ਕਿੰਨੀ ਵੀ ਚੰਗੀ ਬਣੀ ਜਾਏ, ਕੋਈ ਉਹਦੀ ਕਿੰਨੀ ਹਮੈਤ ਕਰੇ ਪਰ ਉਹ ਮੈਨੂੰ ਕਦੀ ਚੰਗੀ ਨਾ ਲਗਦੀ।

ਇਕ ਦਿਨ ਆਂਏ ਈ ਅੰਮਾ, ਜਗਤਪੁਰ ਨੂੰ ਚੱਲੀ, ਪੀਹਣ ਵਾਲੇ ਗੱਡੇ ਦੇ ਨਾਲ।

ਹਾਂ, ਸੱਚ ਮੈਂ ਦਸ ਦਿਆਂ, ਇੱਥੇ ਸਾਡੇ ਨਾਲ ਦੇ ਪਿੰਡ ਜਗਤਪੁਰ ਚੱਕੀ ਹੈ। ਹਰ ਹਫ਼ਤੇ ਜਾਂ ਦਸੀਂ ਪੰਦਰੀਂ ਦਿਨੀਂ ਕਿਸੇ ਨਾ ਕਿਸੇ ਦਾ ਗੱਡਾ ਜ਼ਰੂਰ ਜਾਂਦਾ ਆਟਾ ਪਿਹਾਉਣ ਨੂੰ। ਫੇਰ ਜੀਹਨੂੰ ਜੀਹਨੂੰ ਲੋੜ ਹੁੰਦੀ ਆਪਣੇ ਆਪਣੇ ਕੱਟੇ (ਅਧੀਏ) ਬੋਰੀਆਂ ਕਣਕ ਜਾਂ ਮੱਕੀ ਦੇ ਰੱਖ ਦਿੰਦੇ ਪਿਹਾਉਣ ਲਈ, ਗੱਡੇ 'ਤੇ-ਆ ਜਾਂਦਾ ਆਟਾ ਪੀਹ ਕੇ – ਤੇ ਅੱਜ ਸਾਡਾ ਵੀ 'ਅਧੀਆ' ਜਾ ਰਿਹਾ ਹੈ ਕਣਕ ਦਾ।

"ਮਖਾਂ ਅੰਮਾ ! ਅੱਜ ਮੈਂ ਵੀ ਜਾਣਾ ਹੈ ਨਾਲ।" ਮੈਂ ਅੰਮਾ ਨੂੰ ਕਹਿੰਦੀ ਹਾਂ ਕਿਉਂਕਿ ਬੀਜੀ ਨੇ ਤਾਂ ਮੈਨੂੰ ਪਹਿਲਾਂ ਹੀ ਇਜ਼ਾਜਤ ਦੇ ਦਿੱਤੀ ਹੈ।

"ਨਾ ਤੈਂ ਕੀ ਕਰਨਾ ਜਾ ਕੇ ਉੱਥੇ ?" ਅਨਮਨੇ ਜੇਹੇ ਨਾਲ ਅੰਮਾ ਪੁੱਛਦੀ ਹੈ।

"ਬੀਜੀ ਨੇ ਕਿਹਾ ਜਾਹ – ਖੜਜਾ ਮੈਂ ਜ਼ਰਾ ਕੱਪੜੇ ਬਦਲ ਆਵਾਂ।"

"ਨਾ ਹੈਨਾ ਨੂੰ ਕੀ ਹੋਇਆ, ਕੱਪੜੇ ਬਦਲ ਕੇ ਤੈਂ ਵਿਆਹ ਜਾਣਾ ਉੱਥੇ ?" ਅੰਮਾ ਹੋਰ ਖ਼ਬਰਨੀ ਕੀ ਕੀ ਬੁੜ ਬੁੜ ਕਰੀ ਜਾ ਰਹੀ ਹੈ ਮੂੰਹ ਵਿਚ।

ਪਰ ਮੈਂ ਮਨ ਹੀ ਮਨ ਸੋਚਾਂ – ਆਪ ਤਾਂ ਸਵੇਰੇ ਸਵੇਰੇ ਤਿਆਰ ਹੋ ਜਾਂਦੀ ਹੈ ਮੀਢੀਆਂ ਗੁੰਦ ਕੇ, ਲੋਅ ਪਾ ਕੇ। ਫੇਰ ਸੋਟੀ ਚੱਕ ਜਿੱਧਰ ਨੂੰ ਜੀ ਕਰਦਾ ਤੁਰ ਪੈਂਦੀ ਕਦੀ ਕਿਸੇ ਦੇ ਘਰ ਕਦੀ ਕਿਸੇ ਦੇ। ਕਦੀ ਪਿਲਕਣ ਹੇਠਾਂ ਜਾ ਬੈਠਦੀ – ਮਾਰਦੀ ਰਹਿੰਦੀ ਬੁੜੀਆਂ ਨਾਲ ਗੱਪਾਂ ਤੇ ਮੈਨੂੰ...ਮੈਂ ਅੰਦਰੋ ਅੰਦਰ ਕੁੜ੍ਹੀ ਜਾਂਦੀ ਹੈ, ਤੇ ਹੁਣ ਚੁੱਪ ਚਾਪ ਗੱਡੇ 'ਤੇ ਆ ਕੇ ਬੈਠ ਜਾਂਦੀ ਹਾਂ।

ਰਾਹ ਵਿਚ ਅੰਮਾ ਗੱਡੇ ਆਲੇ ਨਾਲ ਖ਼ਬਰਨੀ ਕਿਹੜੇ ਕੁਲ ਜਹਾਨ ਦੀਆਂ ਗੱਲਾਂ ਮਾਰਦੀ ਹੈ। ਮੈਂ ਅੰਮਾਂ ਵੱਲ ਪਿੱਠ ਕਰਕੇ ਬੈਠ ਜਾਂਦੀ ਹਾਂ ਤੇ ਨਜ਼ਾਰੇ ਦੇਖਦੀ ਹਾਂ – ਆਸੇ ਪਾਸੇ– ਦੇ ਖੇਤ, ਬਾਗ਼, ਝਾੜ ਝੂੰਡ, ਆਉਂਦੇ ਜਾਂਦੇ ਰਾਹੀ – ਦੂਰ ਖੇਤਾਂ ਵਿਚ ਕੰਮ ਕਰਦੇ ਲੋਕ। ਲੋਕਾਂ ਦੀਆਂ ਆਵਾਜ਼ਾਂ– ਪਸ਼ੂ ਡੰਗਰ – ਤੇ ਨਾਲ ਗੱਡੇ 'ਤੇ ਬੈਠੀ ਬੈਠੀ ਵਿਚ ਵਿਚ ਨੂੰ ਸੁਣ ਰਹੀ ਹਾਂ ਬਲਦਾਂ ਦੀਆਂ ਟੱਲੀਆਂ, ਹੱਕਣ ਵਾਲੇ ਦੇ 'ਹੁਕਮਨਾਮੇ' – ਆਪਣੀ ਹੀ ਇਕ ਦੁਨੀਆਂ ਬਣਾ ਲੈਂਦੀ ਹਾਂ ਮੈਂ – ਆਪਣੇ ਦੁਆਲੇ – ਪਰ ਕਦੀ ਕਈ ਟੇਢੀ ਅੱਖ ਨਾਲ ਅੰਮਾ ਵਲ ਵੀ ਦੇਖਦੀ ਹਾਂ – ਕਿ ਉਹ ਮੈਨੂੰ ਦੇਖ ਰਹੀ ਹੈ ਜਾਂ ਨਹੀਂ। ਮੈਂ ਉਡਦੀ ਉਡਦੀ ਨਜ਼ਰ ਉਹਦੇ 'ਤੇ ਵੀ ਸੁੱਟਦੀ ਹਾਂ – ਆਨੇ ਬਹਾਨੇ – ਪਰ ਸਾਰੇ ਰਾਹ ਸਾਡੀ ਕੋਈ ਗੱਲ ਨਹੀਂ ਹੁੰਦੀ ਹੈ। ਭਾਵੇਂ ਮੇਰਾ ਧਿਆਨ ਵਿਚ ਵਿਚ ਨੂੰ ਉਨ੍ਹਾਂ ਦੀਆਂ ਗੱਲਾਂ ਵੱਲ ਵੀ ਜ਼ਰੂਰ ਜਾਂਦਾ ਰਹਿੰਦਾ ਹੈ।

**ਬਾਕੀ ਸਫ਼ਾ 32 'ਤੇ**


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
1 color in 1 position. Min Qty. 100
YOUR LOGO HERE
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
South Asian Wedding Cards
CALL NOW

# ਖ਼ਾਲਸਾ ਕੇਅਰ ਫਾਊਂਡੇਸ਼ਨ ਵਿਖੇ 24ਵਾਂ ਸਾਲਾਨਾ ਸਿੱਖ ਚਿਲਡਰਨ ਡੇਅ ਮਨਾਇਆ





**ਲਾਸ ਏਂਜਲਸ/ਬਿਊਰੋ ਨਿਊਜ਼ :** ਸ. ਉੱਜਲਦੀਦਾਰ ਸਿੰਘ ਦੀ ਯਾਦ ਵਿਚ ਸਥਾਪਤ ਉੱਜਲਦੀਦਾਰ ਫਾਊਂਡੇਸ਼ਨ ਵਲੋਂ ਖ਼ਾਲਸਾ ਕੇਅਰ ਫਾਊਂਡੇਸ਼ਨ (ਕੇ.ਸੀ.ਐਫ.) ਵਿਖੇ 28 ਜੁਲਾਈ ਨੂੰ 24ਵਾਂ ਸਾਲਾਨਾ ਚਿਲਡਰਨ ਡੇਅ ਮਨਾਇਆ ਗਿਆ। ਜ਼ਿਕਰਯੋਗ ਹੈ ਕਿ ਸ. ਉੱਜਲਦੀਦਾਰ ਸਿੰਘ 28 ਜੁਲਾਈ 1993 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਇਸ ਮੌਕੇ 7 ਤੋਂ ਲੈ ਕੇ 20 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੇ ਹਿੱਸਾ ਲਿਆ ਤੇ ਇਨ੍ਹਾਂ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਰਗਾਂ ਵਿਚ ਕੀਰਤਨ, ਤਬਲਾ, ਦਸਤਾਰਬੰਦੀ, ਗੁਰਬਾਣੀ, ਗੁਰਬਾਣੀ ਪੜ੍ਹਨਾ, ਬਾਸਕਿਟ ਬਾਲ ਥਰੋਅ, ਗਤਕਾ, ਭਾਸ਼ਣ, ਕਵਿਤਾ ਮੁਕਾਬਲਿਆਂ ਦੇ ਨਾਲ ਨਾਲ ਗਰੁੱਪ ਕੀਰਤਨ ਦਰਬਾਰ ਵੀ ਹੋਇਆ। ਗਰੁੱਪ ਕੀਰਤਨ ਮੁਕਾਬਲਿਆਂ ਦਾ ਹਿੱਸਾ ਨਹੀਂ ਸੀ। ਇਹ ਸਮਾਰੋਹ ਸਵੇਰੇ 8.30 ਵਜੇ ਸ਼ੁਰੂ ਹੋਇਆ ਅਤੇ ਸ਼ਾਮ 4.00 ਵਜੇ ਇਸ ਦੀ ਸਮਾਪਤੀ ਹੋਈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਅ.ਫ਼ਸਰ ਦੀ ਚਾਕਰੀ ਕਰਦਿਆਂ ਗਈ ਸੀ ਜਵਾਨ ਦੀ ਜਾਨ

### *ਪਤਨੀ ਦਾ ਦਾਅਵਾ-ਕਰਨਲ ਨੇ ਆਪਣੀ ਨੌਕਰੀ ਬਚਾਉਣ ਲਈ ਸਾਡਾ ਟੱਬਰ ਰੌਲਿਆ*

**ਬਠਿੰਡਾ/ਬਿਊਰੋ ਨਿਊਜ਼ :** ਭਾਰਤੀ ਫ਼ੌਜ ਵਿੱਚ 'ਅਫ਼ਸਰਾਂ ਦੀ ਚਾਕਰੀ' ਦੇ ਰੁਝਾਨ ਨੇ ਰਜਿੰਦਰ ਕੌਰ ਦੇ ਪਰਿਵਾਰ ਨੂੰ ਵਖ਼ਤ ਪਾ ਦਿੱਤਾ ਹੈ। ਫ਼ੌਜੀ ਡਰਾਈਵਰ ਦੀ ਵਿਧਵਾ ਇਨਸਾਫ਼ ਲਈ ਲੰਮੇ ਸਮੇਂ ਤੋਂ ਫ਼ੌਜੀ ਅਫ਼ਸਰਾਂ ਦਾ ਬੂਹਾ ਖੜਕਾ ਰਹੀ ਹੈ ਪਰ ਕਿਧਰੇ ਸੁਣਵਾਈ ਨਹੀਂ ਹੋਈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਜੰਗੀਰਾਣਾ ਦਾ ਸਤਨਾਮ ਸਿੰਘ ਭਾਰਤੀ ਫ਼ੌਜ ਵਿੱਚ ਡਰਾਈਵਰ ਸੀ। ਮ੍ਰਿਤਕ ਜਵਾਨ ਦੀ ਵਿਧਵਾ ਰਜਿੰਦਰ ਕੌਰ ਨੇ ਰੱਖਿਆ ਮੰਤਰਾਲੇ ਨੂੰ ਪੱਤਰ ਲਿਖ ਕੇ ਦੱਸਿਆ ਕਿ ਸਤਨਾਮ ਸਿੰਘ ਬਠਿੰਡਾ ਛਾਉਣੀ ਵਿੱਚ ਤਾਇਨਾਤ ਸੀ। ਇਸ ਦੌਰਾਨ ਇੱਕ ਕਰਨਲ ਨੇ ਉਸ ਦੇ ਪਤੀ ਸਤਨਾਮ ਸਿੰਘ ਨੂੰ ਫਰਵਰੀ 2015 ਵਿੱਚ ਆਪਣੇ ਕੋਲ ਦਿੱਲੀ ਬੁਲਾ ਲਿਆ, ਜਿੱਥੋਂ ਸਤਨਾਮ ਸਿੰਘ ਕਰਨਲ ਦੀ ਪ੍ਰਾਈਵੇਟ ਗੱਡੀ ਚਲਾ ਕੇ ਪਠਾਨਕੋਟ ਜਾ ਰਿਹਾ ਸੀ। ਕਾਰ ਵਿੱਚ ਕਰਨਲ ਅਤੇ ਉਸ ਦਾ ਪਰਿਵਾਰ ਸੀ। 5 ਫਰਵਰੀ 2015 ਨੂੰ ਕਰਨਲ ਦੀ ਪ੍ਰਾਈਵੇਟ ਗੱਡੀ ਦਾ ਮੁਕੇਰੀਆਂ ਕੋਲ ਹਾਦਸਾ ਹੋ ਗਿਆ। ਸੜਕ ਹਾਦਸੇ ਵਿੱਚ ਸਤਨਾਮ ਸਿੰਘ ਦੀ ਮੌਤ ਹੋ ਗਈ। ਵਿਧਵਾ ਰਜਿੰਦਰ ਕੌਰ ਨੇ ਦਾਅਵਾ ਕੀਤਾ ਕਿ ਕਰਨਲ ਨੇ ਆਪਣੀ ਨੌਕਰੀ ਬਚਾਉਣ ਲਈ ਸਤਨਾਮ ਸਿੰਘ ਨੂੰ ਕਾਗ਼ਜ਼ਾਂ ਵਿੱਚ ਛੁੱਟੀ 'ਤੇ ਦਿਖਾ ਦਿੱਤਾ, ਜਦੋਂ ਕਿ ਉਹ ਡਿਊਟੀ 'ਤੇ ਸੀ। ਵਿਧਵਾ ਨੇ ਦੋਸ਼ ਲਾਇਆ ਕਿ ਕਰਨਲ ਨੇ ਆਪਣੀ ਨੌਕਰੀ ਬਚਾਉਣ ਲਈ ਉਸ ਦੇ ਪਰਿਵਾਰ ਦਾ ਭਵਿੱਖ ਦਾਅ 'ਤੇ ਲਾ ਦਿੱਤਾ ਹੈ। ਉਸ ਦਾ ਕਹਿਣਾ ਸੀ ਕਿ 'ਆਨ ਡਿਊਟੀ' ਹੋਣ ਦੇ ਬਾਵਜੂਦ ਉਨ੍ਹਾਂ ਦੇ ਪਰਿਵਾਰ ਨੂੰ ਬਣਦੇ ਲਾਭ ਨਹੀਂ ਮਿਲੇ ਹਨ।



ਮ੍ਰਿਤਕ ਜਵਾਨ ਸਤਨਾਮ ਸਿੰਘ ਦੇ ਤਿੰਨ ਧੀਆਂ ਹਨ, ਜਿਨ੍ਹਾਂ ਦਾ ਪਾਲਣ-ਪੋਸ਼ਣ ਹੁਣ ਮੁਸ਼ਕਲ ਹੋ ਗਿਆ ਹੈ। ਉਸ ਦੀ ਮਦਦ ਲਈ ਕਾਂਗਰਸ ਦੀ ਜਨਰਲ ਸਕੱਤਰ ਵੀਰਪਾਲ ਕੌਰ ਸੁਖਨਾ ਨੇ ਵੀ ਭਾਰਤੀ ਫ਼ੌਜ ਦੇ ਉੱਚ ਅਫ਼ਸਰਾਂ ਨੂੰ ਪੱਤਰ ਲਿਖੇ ਹਨ। ਭਾਰਤੀ ਫ਼ੌਜ ਨੇ ਇਸ ਜਵਾਨ ਦੇ ਪਰਿਵਾਰ ਨੂੰ ਭਾਵੇਂ ਬਠਿੰਡਾ ਵਿੱਚ ਸਰਕਾਰੀ ਕੁਆਰਟਰ ਦਿੱਤਾ ਗਿਆ ਹੈ ਪਰ ਉਹ ਸਿਰਫ ਦੋ ਵਰ੍ਹਿਆਂ ਲਈ ਹੀ ਸੀ। ਵਿਧਵਾ ਨੇ ਦੱਸਿਆ ਕਿ ਉਸ ਨੂੰ ਸਤੰਬਰ ਵਿੱਚ ਕੁਆਰਟਰ ਖਾਲੀ ਕਰਨ ਵਾਸਤੇ ਆਖ ਦਿੱਤਾ ਗਿਆ ਹੈ। ਮਹਿਲਾ ਨੇ ਕਿਹਾ ਕਿ ਉਹ ਪਿਛਲੇ ਦੋ ਵਰ੍ਹਿਆਂ ਵਿੱਚ ਕਈ ਵਾਰ ਅਫ਼ਸਰਾਂ ਦੇ ਦਰਵਾਜ਼ੇ ਖੜਕਾ ਚੁੱਕੀ ਹੈ ਪਰ ਸੁਣਵਾਈ ਨਹੀਂ ਹੋਈ ਹੈ। ਕਰਨਲ ਦੀ ਆਸਾਮ ਵਿੱਚ ਤਾਇਨਾਤੀ ਹੋਣ ਕਰ ਕੇ ਸੰਪਰਕ ਨਹੀਂ ਹੋ ਸਕਿਆ ਹੈ।

## ਸੀਰੀਆ ਸਰਕਾਰ ਨੂੰ ਲਾਪਤਾ ਭਾਰਤੀਆਂ ਦੀ ਕੋਈ ਉੱਘ-ਸੁੱਘ ਨਹੀਂ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਇਰਾਕ ਵਿੱਚ ਸਾਲ 2014 ਤੋਂ ਲਾਪਤਾ 39 ਭਾਰਤੀਆਂ ਬਾਰੇ ਸੀਰੀਆ ਕੋਲ ਕੋਈ ਜਾਣਕਾਰੀ ਨਹੀਂ ਹੈ। ਭਾਰਤ ਵਿੱਚ ਸੀਰੀਆ ਦੇ ਸਫ਼ੀਰ ਰਿਆਦ ਕਮਲ ਅੱਬਾਸ ਨੇ ਹਾਲਾਂਕਿ ਆਖਿਆ ਕਿ ਜੇ ਉਨ੍ਹਾਂ ਦੇ ਮੁਲਕ ਵਿੱਚੋਂ ਇਹ ਭਾਰਤੀ ਮਿਲੇ ਤਾਂ ਇਨ੍ਹਾਂ ਨੂੰ ਫੌਰਨ ਵਾਪਸ ਭੇਜਿਆ ਜਾਵੇਗਾ। ਅੱਬਾਸ ਨੇ ਕੱਲ੍ਹ ਕਿਹਾ ਕਿ ਲਾਪਤਾ ਭਾਰਤੀਆਂ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਭਾਰਤੀ ਵਫ਼ਦ ਨੇ ਪਿਛਲੇ ਸਮੇਂ ਵਿੱਚ ਸੀਰੀਆ ਤੇ ਇਰਾਕ ਦੇ ਕਈ ਦੌਰੇ ਕੀਤੇ ਅਤੇ ਸੀਰੀਆ ਦੇ ਖ਼ੁਫ਼ੀਆ ਵਿਭਾਗ ਦੇ ਮੁਖੀ ਨੇ ਇਸ ਸਬੰਧੀ ਭਾਰਤ ਦਾ ਦੌਰਾ ਕੀਤਾ ਸੀ। ਉਨ੍ਹਾਂ ਕਿਹਾ ਕਿ "ਜੇ ਸਾਡੇ ਦੇਸ਼ ਵਿੱਚੋਂ ਲਾਪਤਾ ਭਾਰਤੀ ਮਿਲੇ ਤਾਂ ਅਸੀਂ ਉਨ੍ਹਾਂ ਨੂੰ ਵਾਪਸ ਭੇਜਾਂਗੇ ਪਰ ਹਾਲੇ ਤੱਕ ਅਧਿਕਾਰਕ ਤੌਰ 'ਤੇ ਇਸ ਦੀ ਪੁਸ਼ਟੀ ਨਹੀਂ ਹੋਈ।" ਇਸ ਮਹੀਨੇ ਦੇ ਸ਼ੁਰੂ ਵਿੱਚ ਇਰਾਕੀ ਦਸਤਿਆਂ ਨੇ ਮੌਸੂਲ ਸ਼ਹਿਰ ਨੂੰ ਆਈਐਸਆਈਐਸ ਦੇ ਕਬਜ਼ੇ ਤੋਂ ਮੁਕਤ ਕਰਵਾਇਆ, ਜਿਸ ਕਾਰਨ ਲਾਪਤਾ 39 ਭਾਰਤੀਆਂ ਦੇ ਪਰਿਵਾਰਾਂ ਨੂੰ ਆਸ ਦੀ ਕਿਰਨ ਦਿਖਾਈ ਦਿੱਤੀ। ਹਾਲਾਂਕਿ ਮੌਸੂਲ ਵਿੱਚੋਂ ਲਾਪਤਾ ਭਾਰਤੀਆਂ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ।

## ਇਰਾਕ 'ਚ ਅਗਵਾ 39 ਭਾਰਤੀਆਂ ਨੂੰ ਬਿਨਾਂ ਸਬੂਤ ਦੇ ਮ੍ਰਿਤਕ ਕਿਵੇਂ ਐਲਾਨ ਦਿਆਂ : ਸੁਸ਼ਮਾ ਸਵਰਾਜ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਇਰਾਕ ਦੇ ਮੌਸੂਲ ਵਿਚੋਂ ਤਿੰਨ ਸਾਲ ਪਹਿਲਾਂ ਅਗਵਾ ਕੀਤੇ 39 ਭਾਰਤੀਆਂ ਦੇ ਮਾਰੇ ਜਾਣ ਬਾਰੇ ਕੋਈ ਠੋਸ ਸਾਹਮਣੇ ਨਹੀਂ ਆਇਆ ਹੈ। ਇਸ ਲਈ ਬਿਨਾਂ ਕਿਸੇ ਸਬੂਤ ਦੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕੇ ਉਹ 'ਪਾਪ ਨਹੀਂ ਕਰਨਗੇ'। ਇਸ ਮੁੱਦੇ 'ਤੇ ਦੇਸ਼ ਨੂੰ ਗੁੰਮਰਾਹ ਕਰਨ ਦੇ ਦੋਸ਼ਾਂ ਨੂੰ ਲੋਕ ਸਭਾ ਵਿਚ ਰੱਦ ਕਰਦਿਆਂ ਵਿਦੇਸ਼ ਮੰਤਰੀ ਨੇ ਕਿਹਾ ਕਿ ਜਦੋਂ ਤਕ ਮੌਤ ਬਾਰੇ ਸਬੂਤ ਨਹੀਂ ਮਿਲਦਾ ਉਨ੍ਹਾਂ ਨੂੰ ਲੱਭਣ ਲਈ ਸਰਕਾਰ ਆਪਣੇ ਯਤਨ ਜਾਰੀ ਰੱਖੇਗੀ।

ਉਨ੍ਹਾਂ ਕਿਹਾ, '39 ਭਾਰਤੀਆਂ ਦੀ ਮੌਤ ਬਾਰੇ ਜਦੋਂ ਤਕ ਕੋਈ ਸਬੂਤ ਨਹੀਂ ਮਿਲਦਾ ਇਹ ਫਾਈਲ ਬੰਦ ਨਹੀਂ ਹੋਵੇਗੀ। ਬਿਨਾਂ ਸਬੂਤ ਦੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇਣਾ ਪਾਪ ਹੋਵੇਗਾ ਅਤੇ ਮੈਂ ਇਹ ਪਾਪ ਨਹੀਂ ਕਰਾਂਗੀ।' ਉਨ੍ਹਾਂ ਕਿਹਾ ਕਿ ਵੀਅਤਨਾਮ ਹਾਲੇ ਵੀ ਆਪਣੇ ਫ਼ੌਜੀਆਂ ਦੀ ਤਲਾਸ਼ ਕਰ ਰਿਹਾ ਹੈ, ਜੋ ਵੀਅਤਨਾਮ ਜੰਗ ਵਿੱਚ ਲਾਪਤਾ ਹੋ ਗਏ ਸਨ ਜਾਂ ਮਾਰੇ ਗਏ ਸਨ। ਇਥੋਂ ਤਕ ਕਿ ਦੂਜੇ ਵਿਸ਼ਵ ਯੁੱਧ ਵਿੱਚ ਲਾਪਤਾ ਹੋਏ ਫ਼ੌਜੀਆਂ ਦੀ ਅਮਰੀਕਾ ਹਾਲੇ ਵੀ ਭਾਲ ਕਰ ਰਿਹਾ ਹੈ। ਦੱਸਣਯੋਗ ਹੈ ਕਿ ਇਰਾਕ ਦੇ ਵਿਦੇਸ਼ ਮੰਤਰੀ ਇਬਰਾਹਿਮ ਅਲ-ਜਾਫਰੀ ਨੇ ਕਿਹਾ ਸੀ ਕਿ ਭਾਰਤੀਆਂ ਦੇ ਜ਼ਿੰਦਾ ਜਾਂ ਮਾਰੇ ਜਾਣ ਬਾਰੇ ਕੋਈ ਪੁਖਤਾ ਸਬੂਤ ਨਹੀਂ ਹੈ। ਉਨ੍ਹਾਂ ਪੁਸ਼ਟੀ ਕੀਤੀ ਸੀ ਕਿ ਬਦੂਸ਼ ਜੇਲ੍ਹ, ਜੋ ਭਾਰਤੀਆਂ ਦਾ ਆਖਰੀ ਟਿਕਾਣਾ ਮੰਨੀ ਗਈ ਸੀ, ਨੂੰ ਆਈਐਸਆਈਐਸ ਦੇ ਅਤਿਵਾਦੀਆਂ ਨੇ ਢਹਿ-ਢੇਰੀ ਕਰ ਦਿੱਤਾ ਹੈ। ਸੁਸ਼ਮਾ ਸਵਰਾਜ ਦੇ ਇਸ ਸਖ਼ਤ ਬਿਆਨ ਤੋਂ ਅਸੰਤੁਸ਼ਟ ਨਜ਼ਰ ਆਈ ਕਾਂਗਰਸ ਦੇ ਆਗੂ ਮਲਿਕਅਰਜੁਨ ਖੜਗੇ ਨੇ ਕਿਹਾ, 'ਵਿਦੇਸ਼ ਮਾਮਲਿਆਂ 'ਤੇ ਚਰਚਾ ਲਈ ਅਸੀਂ ਨੋਟਿਸ ਦੇਵਾਂਗੇ ਅਤੇ ਫਿਰ ਦੇਖਾਂਗੇ ਕਿ ਤੁਸੀਂ (ਸੁਸ਼ਮਾ) 2014 ਵਿੱਚ ਕੀ ਕਿਹਾ ਸੀ।' ਸਪੀਕਰ ਸੁਮਿਤਰਾ ਮਹਾਜਨ ਵੱਲੋਂ ਸੁਸ਼ਮਾ ਸਵਰਾਜ ਦੇ ਬਿਆਨ 'ਤੇ ਕੋਈ ਸਵਾਲ ਦੀ ਆਗਿਆ ਨਾ ਦੇਣ ਬਾਅਦ ਸ੍ਰੀ ਖੜਗੇ ਨੇ ਇਹ ਬਿਆਨ ਦਿੱਤਾ।



ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਨੇ ਆਪਣੇ ਨਵੰਬਰ 2014 ਨੂੰ ਲੋਕ ਸਭਾ ਵਿੱਚ ਦਿੱਤੇ ਬਿਆਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇਸ ਕੇਸ ਵਿੱਚ ਜੋ ਵੀ ਕਿਹਾ ਸੀ ਸਦਨ ਦੀ ਸਹਿਮਤੀ ਨਾਲ ਕਿਹਾ ਸੀ। ਸੁਸ਼ਮਾ ਸਵਰਾਜ ਨੇ ਕਾਂਗਰਸ ਸਰਕਾਰ ਵੱਲੋਂ 1971 ਦੀ ਜੰਗ ਵਿਚ ਇਕ ਫ਼ੌਜੀ ਦੇ ਸ਼ਹੀਦ ਹੋਣ ਦਾ ਐਲਾਨ ਕੀਤੇ ਜਾਣ ਦੀ ਉਦਾਹਰਣ ਦਿੰਦਿਆਂ ਕਿਹਾ ਕਿ 45 ਸਾਲਾਂ ਬਾਅਦ ਪਤਾ ਲੱਗਾ ਸੀ ਕਿ ਉਹ ਫ਼ੌਜੀ ਪਾਕਿਸਤਾਨ ਦੀ ਜੇਲ੍ਹ ਵਿੱਚ ਹੈ। ਸੁਸ਼ਮਾ ਸਵਰਾਜ ਨੇ ਕਿਹਾ, 'ਜੇਕਰ ਕਿਸੇ ਨੂੰ ਲੱਗਦਾ ਹੈ ਕਿ ਉਹ ਇਸ ਦੁਨੀਆਂ ਵਿੱਚ ਨਹੀਂ ਰਹੇ ਤਾਂ ਤੁਸੀਂ ਪਰਿਵਾਰਾਂ ਕੋਲ ਅਫ਼ਸੋਸ ਪ੍ਰਗਟਾਉਣ ਜਾ ਸਕਦੇ ਹੋ। ਇਸੇ ਤਰ੍ਹਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਅੰਤਿਮ ਅਰਦਾਸ ਕਰਾਉਣ ਲਈ ਆਜ਼ਾਦ ਹਨ ਪਰ ਜੇਕਰ ਕੋਈ ਮੁੜਿਆ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ। ਮੈਂ ਅਗਵਾ ਭਾਰਤੀਆਂ, ਜੋ ਜ਼ਿਆਦਾਤਰ ਪੰਜਾਬ ਵਿੱਚੋਂ ਹਨ, ਦੇ ਪਰਿਵਾਰਾਂ ਨਾਲ 12 ਵਾਰ ਮੁਲਾਕਾਤ ਕੀਤੀ ਹੈ ਅਤੇ ਉਨ੍ਹਾਂ ਨੂੰ ਦੱਸਿਆ ਕਿ ਕੋਈ ਸਬੂਤ ਨਹੀਂ ਹੈ ਕਿ ਇਹ ਮੰਨ ਲਿਆ ਜਾਵੇ ਕਿ ਉਨ੍ਹਾਂ ਦੀ ਮੌਤ ਹੋ ਚੁੱਕੀ ਹੈ।

## ਕਾਂਗਰਸੀਆਂ ਤੇ ਅਕਾਲੀਆਂ ਵਿਚਾਲੇ ਰਾਜਸੀ ਦੰਗਲ ਭੱਖਣ ਲੱਗਾ

ਸ.ਫ਼ਾ ਇਕ ਦੀ ਬਾਕੀ

ਸੁਖਬੀਰ ਸਿੰਘ ਬਾਦਲ ਵੱਲੋਂ ਅਕਾਲੀ ਵਰਕਰਾਂ ਵਿਰੁੱਧ ਝੂਠੇ ਕੇਸ ਦਰਜ ਹੋਣ ਦਾ ਦਾਅਵਾ ਕਰਦੇ ਹੋਏ ਅਧਿਕਾਰੀਆਂ ਨੂੰ ਦਿੱਤੀਆਂ ਧਮਕੀਆਂ 'ਤੇ ਤਿੱਖੀ ਪ੍ਰਤੀਕਿਰਿਆ ਜਤਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਬਦਲਾਖੋਰੀ ਦੀ ਸਿਆਸਤ ਵਿੱਚ ਵਿਸ਼ਵਾਸ ਨਹੀਂ ਰੱਖਦੀ ਅਤੇ ਹਰੇਕ ਮਾਮਲੇ ਵਿੱਚ ਜਮਹੂਰੀ ਨਿਯਮਾਂ 'ਤੇ ਚੱਲਦੀ ਹੈ। ਉਨ੍ਹਾਂ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਨੂੰ ਇਸ ਤਰ੍ਹਾਂ ਦੇ ਭੜਕਾਊ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਸ ਤਰ੍ਹਾਂ ਦੇ ਬਿਆਨ ਸੂਬੇ ਦੀ ਸ਼ਾਂਤੀ ਅਤੇ ਸਥਿਰਤਾ ਨੂੰ ਭੰਗ ਕਰ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਹਰੇਕ ਉਸ ਵਿਅਕਤੀ ਜਾਂ ਸੰਸਥਾ ਵਿਰੁੱਧ ਤਿੱਖੀ ਕਾਰਵਾਈ ਕਰੇਗੀ, ਜੋ ਇਸ ਤਰ੍ਹਾਂ ਦੀਆਂ ਕਾਰਵਾਈਆਂ ਵਿੱਚ ਸ਼ਾਮਲ ਹੋਵੇਗਾ। ਅਕਾਲੀਆਂ ਵਿਰੁੱਧ ਝੂਠੇ ਕੇਸ ਦਰਜ ਕਰਨ ਸਬੰਧੀ ਆਪਣੀ ਸਰਕਾਰ ਜਾਂ ਅਧਿਕਾਰੀਆਂ 'ਤੇ ਲੱਗੇ ਦੋਸ਼ਾਂ ਨੂੰ ਰੱਦ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਅਜਿਹਾ ਤਾਂ ਬਾਦਲ ਸਰਕਾਰ ਕਰਦੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਮਿਸ਼ਨ ਦਾ ਗਠਨ ਕਰ ਕੇ ਸਾਰੇ ਕੇਸਾਂ ਦੀ ਜਾਂਚ ਕਰਵਾ ਰਹੀ ਹੈ ਤਾਂ ਜੋ ਬੇਗੁਨਾਹਾਂ ਲਈ ਨਿਆਂ ਯਕੀਨੀ ਬਣਾਇਆ ਜਾ ਸਕੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੋਲ ਅਕਾਲੀ ਆਗੂਆਂ ਅਤੇ ਵਰਕਰਾਂ ਵਿਰੁੱਧ ਭਾਵੇਂ ਕਈ ਸਬੂਤ ਹਨ ਪਰ ਸਰਕਾਰ ਜਾਂਚ ਕਮਿਸ਼ਨ ਦੀ ਰਿਪੋਰਟ ਦਾ ਇੰਤਜ਼ਾਰ ਕਰੇਗੀ। ਕੈਪਟਨ ਨੇ ਕਿਹਾ ਕਿ ਉਹ ਸਾਰੀ ਕਾਰਵਾਈ ਕਾਨੂੰਨ ਅਨੁਸਾਰ ਕਰਨਾ ਚਾਹੁੰਦੇ ਹਨ ਅਤੇ ਕਾਨੂੰਨੀ ਪ੍ਰਕਿਰਿਆ ਤੋਂ ਲਾਂਭੇ ਜਾ ਕੇ ਕੋਈ ਵੀ ਕਦਮ ਨਹੀਂ ਚੁੱਕਣਗੇ। ਕੈਪਟਨ ਨੇ ਅਕਾਲੀ ਦਲ ਦੀ 'ਜਬਰ ਵਿਰੋਧੀ ਲਹਿਰ' ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਜਬਰ ਕਰਨਾ, ਬਾਦਲ ਸਰਕਾਰ ਦੀ ਕਾਰਜਪ੍ਰਣਾਲੀ ਦਾ ਹਿੱਸਾ ਸੀ, ਜਦੋਂਕਿ ਕਾਂਗਰਸ ਹਮੇਸ਼ਾ ਜਮਹੂਰੀ ਸਿਧਾਂਤਾਂ ਅਤੇ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਅਤੇ ਹੋਰ ਅਕਾਲੀ ਆਗੂ ਆਪਾ ਬਚਾਉਣ ਲਈ ਗੁੰਮਰਾਹਕੁਨ ਪ੍ਰਚਾਰ ਕਰ ਰਹੇ ਹਨ।

## ਸੁਖਬੀਰ ਬਾਦਲ ਨੇ ਡੇਰਾ ਬਾਬਾ ਨਾਨਕ ਤੋਂ ਸ਼ੁਰੂ ਕੀਤੀ 'ਜਬਰ ਵਿਰੋਧੀ ਲਹਿਰ'

**ਬਟਾਲਾ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਹਲਕਾ ਡੇਰਾ ਬਾਬਾ ਨਾਨਕ ਤੋਂ 'ਜਬਰ ਵਿਰੋਧੀ ਲਹਿਰ' ਦੀ ਸ਼ੁਰੂਆਤ ਕਰਦਿਆਂ ਵੱਖ-ਵੱਖ ਥਾਈਂ ਵਰਕਰਾਂ ਦੇ ਦੁਖੜੇ ਸੁਣੇ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜਿਸ ਦਿਨ ਤੋਂ ਕਾਂਗਰਸ ਦੀ ਸਰਕਾਰ ਬਣੀ ਹੈ, ਉਸੇ ਦਿਨ ਤੋਂ ਅਕਾਲੀ ਵਰਕਰਾਂ ਉੱਪਰ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ। ਕਾਂਗਰਸੀਆਂ ਵੱਲੋਂ ਸੱਤਾ ਵਿਚ ਆਉਂਦਿਆਂ ਹੀ ਵਿਕਾਸ ਕਰਨ ਦੀ ਬਜਾਏ ਧੱਕੇਸ਼ਾਹੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਵੋਟ ਹਰ ਆਦਮੀ ਦਾ ਆਪਣਾ ਹੱਕ ਹੈ, ਜੋ ਕਿਸੇ ਨੂੰ ਡਰਾ-ਧਮਕਾ ਕੇ ਨਹੀਂ ਖੋਹਿਆ ਜਾ ਸਕਦਾ।

'ਜਬਰ ਵਿਰੋਧੀ ਲਹਿਰ' ਤਹਿਤ ਉਹ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਨਾਲ ਸ. ਬਿਕਰਮ ਸਿੰਘ ਮਜੀਠੀਆ, ਜਥੇਦਾਰ ਸੁੱਚਾ ਸਿੰਘ ਲੰਗਾਹ, ਸ. ਨਿਰਮਲ ਸਿੰਘ ਕਾਹਲੋਂ, ਜਥੇਦਾਰ ਸੇਵਾ ਸਿੰਘ ਸੇਖਵਾਂ, ਦੇਸ ਰਾਜ ਸਿੰਘ ਧੁੱਗਾ, ਵਿਧਾਇਕ ਲਖਬੀਰ ਸਿੰਘ ਲੋਧੀਨੰਗਲ ਤੇ ਹੋਰ ਆਗੂ ਵੀ ਹਾਜ਼ਰ ਹੁੰਦੇ ਹਨ। ਸੁਖਬੀਰ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਬਣਨ ਉਪਰੰਤ ਅਕਾਲੀ ਵਰਕਰਾਂ 'ਤੇ ਸਭ ਤੋਂ ਜ਼ਿਆਦਾ ਪਰਚੇ ਹਲਕਾ ਡੇਰਾ ਬਾਬਾ ਨਾਨਕ ਵਿਚ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਿਹੜੇ ਅਕਾਲੀ ਵਰਕਰਾਂ ਉੱਪਰ ਝੂਠੇ ਪਰਚੇ ਦਰਜ ਹੋ ਰਹੇ ਹਨ, ਉਨ੍ਹਾਂ ਦੀ ਕਾਨੂੰਨੀ ਲੜਾਈ ਲੜਨ ਲਈ ਅਕਾਲੀ ਦਲ ਵੱਲੋਂ ਵਕੀਲਾਂ ਦਾ ਪੈਨਲ ਬਣ ਰਿਹਾ ਹੈ, ਜੋ ਜ਼ਿਲ੍ਹਾ ਪੱਧਰ 'ਤੇ ਹਾਈਕੋਰਟ ਵਿਚ ਕੇਸ ਲੜੇਗਾ, ਜਿਸ ਦਾ ਖਰਚਾ ਅਕਾਲੀ ਦਲ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਇਹ ਜ਼ਿਆਦਤੀਆਂ ਅਤੇ ਧੱਕੇਸ਼ਾਹੀਆਂ ਬੰਦ ਨਾ ਹੋਈਆਂ ਤਾਂ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਇਨ੍ਹਾਂ ਥਾਣਿਆਂ ਵਿਚ ਹੀ ਇਨ੍ਹਾਂ ਥਾਣੇਦਾਰਾਂ ਕੋਲੋਂ ਇਸੇ ਤਰ੍ਹਾਂ ਹੀ ਪਰਚੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਸੱਤਾ ਵਿਚ ਆਉਣ ਲਈ ਆਪਣੇ ਚੋਣ ਮਨੋਰਥ ਪੱਤਰ ਵਿਚ ਲੋਕਾਂ ਨਾਲ ਝੂਠੇ ਵਾਅਦੇ ਕੀਤੇ ਤੇ ਸ਼ਾਇਦ ਇਹ ਪਹਿਲੀ ਸਰਕਾਰ ਹੋਵੇਗੀ ਜੋ ਸੱਤਾ ਵਿਚ ਆਉਣ ਦੇ 5 ਮਹੀਨੇ ਬਾਅਦ ਇਕ ਵੀ ਚੋਣ ਵਾਅਦਾ ਪੂਰਾ ਨਹੀਂ ਕਰ ਸਕੀ। ਉਨ੍ਹਾਂ ਅਮਨ-ਕਾਨੂੰਨ ਦੀ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਪੰਜਾਬ ਵਿਚ ਸ਼ਰੇਆਮ ਗੁੰਡਾ ਅਨਸਰਾਂ ਵੱਲੋਂ ਹੱਤਿਆਵਾਂ ਤੇ ਲੁੱਟਾਂ-ਖੋਹਾਂ ਕੀਤੀਆਂ ਜਾ ਰਹੀਆਂ ਹਨ। ਬੇਅਦਬੀ ਦੀਆਂ ਘਟਨਾਵਾਂ ਆਏ ਦਿਨ ਵਧ ਰਹੀਆਂ ਹਨ ਤੇ ਸਾਡੇ ਵੱਲੋਂ ਸ਼ੁਰੂ ਕੀਤੇ ਵਿਕਾਸ ਕਾਰਜ ਵੀ ਰੋਕ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਆਪਣੇ ਕੀਤੇ ਚੋਣ ਵਾਅਦੇ ਅਨੁਸਾਰ ਕਿਸੇ ਵੀ ਕਿਸਾਨ ਦਾ ਕੋਈ ਕਰਜ਼ਾ ਮੁਆਫ਼ ਨਹੀਂ ਕਰ ਸਕੀ ਤੇ ਕਿਸਾਨ ਖੁਦਕੁਸ਼ੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਵਿਕਾਸ ਕਰਨ ਦੀ ਥਾਂ ਧੱਕੇਸ਼ਾਹੀਆਂ ਕਰਨ ਵਿਚ ਰੁੱਝ ਗਈ ਹੈ ਅਤੇ 5 ਮਹੀਨੇ ਵਿਚ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ, ਹਰ ਘਰ ਵਿਚ ਪੱਕੀ ਨੌਕਰੀ ਦੇਣ ਅਤੇ ਪੰਜਾਬ ਨੂੰ ਇਕ ਮਹੀਨੇ ਵਿਚ ਨਸ਼ਾ ਮੁਕਤ ਕਰਨ ਜਿਹੇ ਇਕ ਵੀ ਵਾਅਦੇ ਨੂੰ ਬੂਰ ਨਹੀਂ ਪਿਆ।

# ਪੰਜਾਬੀ ਡਰਾਈਵਰ ਦੇ ਟਰਾਲੇ 'ਚ ਸਪਰੇਅ ਮਾਰ ਕੇ ਸਟਰਾਬੈਰੀਆਂ ਦਾ ਲੋਡ ਕੀਤਾ ਖਰਾਬ

**ਸਿਲਮਾ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਫਰਿਜ਼ਨੋ ਲਾਗਲੇ ਸਿਲਮਾ ਸ਼ਹਿਰ ਨਿਵਾਸੀ ਗੁਰਵਿੰਦਰ ਸਿੰਘ ਦੇ ਟਰੱਕ ਵਿੱਚ ਕਿੰਗਮੈਨ ਐਰੀਜ਼ੋਨਾ ਵਿਖੇ ਪੈਟਰੋ ਟਰੱਕ ਸਟਾਪ 'ਤੇ ਕਿਸੇ ਸ਼ਰਾਰਤੀ ਬੰਦੇ ਵੱਲੋਂ ਅੱਗ ਬੁਝਾਊ ਯੰਤਰ ਨਾਲ ਸਪਰੇਅ ਮਾਰਨ ਕਰਕੇ ਸਟਰਾਅਬੇਰੀਆਂ ਦਾ ਪੂਰਾ ਲੋਡ ਖਰਾਬ ਹੋ ਗਿਆ ਹੈ। ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਹ ਰਾਤੀਂ ਤਕਰੀਬਨ 2.00 ਵਜੇ ਪੈਟਰੋ ਟਰੱਕ ਸਟਾਪ 'ਤੇ ਆਰਾਮ ਕਰਨ ਲਈ ਰੁਕਿਆ ਜਦੋਂ ਸਵੇਰੇ ਉਠਿਆ ਤਾਂ ਟਰਾਲੇ ਦੇ



ਦੋ ਟਾਇਰ ਛੁਰੇ ਮਾਰ ਕੇ ਪਾੜੇ ਹੋਏ ਸਨ ਤੇ ਡੀਜ਼ਲ ਵਾਲੀ ਨਾਲੀ ਵੱਢੀ ਹੋਈ ਸੀ। ਸ਼ੱਕ ਪੈਣ 'ਤੇ ਜਦੋਂ ਟਰੇਲਰ ਖੋਲ੍ਹਿਆ ਤਾਂ ਉਸ ਵਿੱਚ ਪੀਲਾ ਜਿਹਾ ਪਾਊਡਰ ਹੀ ਪਾਊਡਰ ਖਿੰਡਿਆ ਪਿਆ ਸੀ। ਗੁਰਵਿੰਦਰ ਨੇ ਟਰੱਕ ਸਟਾਪ ਦੇ ਮੈਨੇਜਰ ਨੂੰ ਇਸ ਘਟਨਾ ਬਾਰੇ ਦੱਸਿਆ ਤਾਂ ਉਸ ਨੇ ਪਾਰਕਿੰਗ ਲਾਟ ਵਿੱਚ ਕੈਮਰੇ ਨਾ ਹੋਣ ਦੀ ਗੱਲ ਕਰਕੇ ਪੱਲਾ ਝਾੜ ਦਿੱਤਾ। ਪੁਲੀਸ ਨੇ ਕੈਮਰੇ ਨਾ ਹੋਣ ਕਰਕੇ ਮੁਲਜ਼ਮਾਂ ਤੱਕ ਪਹੁੰਚਣ ਵਿਚ ਬੇਵਸੀ ਜ਼ਾਹਰ ਕੀਤੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕਈ ਵਾਰੀ ਐਰੀਜ਼ੋਨਾ ਤੇ ਮੈਕਸੀਕੋ ਸਟੇਟ ਵਿੱਚ ਪੰਜਾਬੀ ਟਰੱਕ ਡਰਾਈਵਰਾਂ ਨਾਲ ਇਹ ਹਰਕਤ ਹੋ ਚੁੱਕੀ ਹੈ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣਾ ਨੇ ਡਰਾਈਵਰ ਵੀਰਾਂ ਨੂੰ ਇੱਕਜੁਟ ਹੋ ਕੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਕਾਰਵਾਈ ਲਈ ਪੁਲੀਸ 'ਤੇ ਦਬਾਅ ਬਣਾਉਣ ਦੀ ਗੱਲ ਕੀਤੀ। ਉਨ੍ਹਾਂ ਇਨ੍ਹਾਂ ਕਾਰਵਾਈਆਂ ਪਿੱਛੇ ਨਸਲੀ ਫਿਰਕੇ ਦਾ ਹੱਥ ਹੋਣ 'ਤੇ ਵੀ ਖ਼ਦਸ਼ਾ ਜ਼ਾਹਰ ਕੀਤਾ।

# ਸ਼ਾਇਰ ਕੁਲਵਿੰਦਰ ਦੀ ਗ਼ਜ਼ਲ ਐਲਬਮ 'ਸੰਦਲੀ ਆਥਣ' ਲੋਕ ਅਰਪਿਤ

## ਸੁਖਦੇਵ ਸਾਹਿਲ ਵਲੋਂ ਸੁਰਬੱਧ ਸੰਗੀਤ ਨੇ ਸਰੋਤਿਆਂ ਨੂੰ ਕੀਤਾ ਮੰਤਰ ਮੁਗਧ

**ਹੇਵਰਡ/ਬਿਊਰੋ ਨਿਊਜ਼ :** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਬੇ ਏਰੀਆ ਵਲੋਂ ਕੁਲਵਿੰਦਰ ਦੀ ਗ਼ਜ਼ਲ ਚੇਤਨਾ ਅਤੇ ਉਸ ਦੇ ਸਾਹਿਤਕ ਸਫ਼ਰ ਦੀ ਜਾਣਕਾਰੀ ਨਾਲ ਭਰਪੂਰ ਸਾਹਿਤਕ ਸ਼ਾਮ 'ਸੰਦਲੀ ਆਥਣ-ਕੁਲਵਿੰਦਰ ਦੇ ਨਾਂ' ਅਕੈਡਮੀ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਦੀ ਅਗਵਾਈ ਹੇਠ ਮਹਿਰਾਨ ਰੈਸਟੋਰੈਂਟ ਵਿਖੇ ਮਨਾਈ ਗਈ। ਅਕੈਡਮੀ ਦੇ ਮੀਤ ਪ੍ਰਧਾਨ ਸੁਰਿੰਦਰ ਸਿੰਘ ਸੀਰਤ ਨੇ ਇਸ ਪ੍ਰੋਗਰਾਮ ਨੂੰ ਉਲੀਕਿਆ ਅਤੇ ਤਾਰਾ ਸਿੰਘ ਸਾਗਰ ਅਤੇ ਨੀਲਮ ਸੈਣੀ ਦੇ ਸਹਿਯੋਗ ਨਾਲ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ।



ਭਰਵੀਂ ਹਾਜ਼ਰੀ ਵਿਚ 'ਸੰਦਲੀ ਆਥਣ' ਸਜਾਉਣ ਲਈ ਨੀਲਮ ਸੈਣੀ ਨੇ ਮੁੱਖ ਮਹਿਮਾਨ ਮਾਸਟਰ ਦੀਪਕ, ਪੰਜਾਬੀ ਸਾਹਿਤ ਅਕੈਡਮੀ ਕੈਲੀਫ਼ੋਰਨੀਆ ਦੇ ਜਨਰਲ ਸਕੱਤਰ ਹਰਜਿੰਦਰ ਕੰਗ, ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੇ ਪ੍ਰਧਾਨ ਜਸਵੰਤ ਸਿੰਘ ਸ਼ੀਂਹਮਾਰ, ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਪੰਧੇਰ, ਡਾ. ਰਮੇਸ਼ ਕੁਮਾਰ ਅਤੇ ਸੁਖਵਿੰਦਰ ਕੰਬੋਜ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਕੀਤਾ। ਸੁਖਵਿੰਦਰ ਕੰਬੋਜ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਕੁਲਵਿੰਦਰ ਦੀ ਹਮਸਫ਼ਰ ਮਨਜੀਤ ਪਲਾਹੀ ਨੇ ਕੁਲਵਿੰਦਰ ਦੀਆਂ ਗ਼ਜ਼ਲਾਂ ਦੇ ਪ੍ਰਮੁੱਖ ਬਿੰਬ 'ਦੀਵੇ' ਦੀ ਅਹਿਮੀਅਤ ਦਾ ਪ੍ਰਗਟਾਵਾ ਕਰਨ ਲਈ ਦੀਵਾ ਜਗਾ ਕੇ ਇਸ ਆਥਣ ਨੂੰ ਕਾਰਜਸ਼ੀਲ ਕੀਤਾ।

ਸੁਖਵੀਰ ਕੌਰ ਨੇ ਇਸੇ ਬਿੰਬ ਦੀ ਤਰਜ਼ਮਾਨੀ ਕਰਦਾ ਗੀਤ 'ਤੇਲ ਦੀਵਿਆਂ ਵਿਚ ਅੱਖਰਾਂ ਦਾ ਪਾਇਆ ਅੰਮੀ ਨੇ' ਸੁਰੀਲੀ ਆਵਾਜ਼ ਵਿਚ ਪੇਸ਼ ਕੀਤਾ। ਨੀਲਮ ਸੈਣੀ ਨੇ 'ਪਛਤਾਵੇ ਦੀ ਅੱਗ' ਕਹਾਣੀ ਜਿਸ ਵਿਚ ਕੁਲਵਿੰਦਰ ਦੇ ਸ਼ੇਅਰ ਦਰਜ ਸਨ, ਪੜ੍ਹੀ। ਸੁਰਿੰਦਰ ਸਿੰਘ ਸੀਰਤ ਨੇ 'ਸੰਦਲੀ ਆਥਣ' ਐਲਬਮ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਐਲਬਮ ਵਿਚ ਕੁਲਵਿੰਦਰ ਦੀਆਂ 8 ਗ਼ਜਲਾਂ ਨੂੰ ਗਾਇਕ ਸੁਖਦੇਵ ਸਾਹਿਲ ਨੇ ਸੁਰ ਅਤੇ ਆਵਾਜ਼ ਦਿੱਤੀ ਹੈ। ਕਮਲ ਦੇਵ ਪਾਲ ਨੇ ਇਸੇ ਵਿਸ਼ੇ ਨੂੰ ਅੱਗੇ ਤੋਰਦਿਆਂ ਕਿਹਾ ਕਿ ਕੁਲਵਿੰਦਰ ਪ੍ਰਕਿਰਤੀ ਦਾ ਸ਼ਾਇਰ ਹੈ ਅਤੇ ਮੈਂ ਇਸ ਕਾਰਜ ਲਈ ਦੋਵਾਂ ਨੂੰ ਵਧਾਈ ਦਿੰਦਾ ਹਾਂ। ਜਗਜੀਤ ਨੌਸ਼ਿਰਵੀ ਨੇ ਕਿਹਾ ਕਿ ਕੁਲਵਿੰਦਰ ਨੇ ਜਿੰਨੀ ਮਿਹਨਤ ਨਾਲ ਗ਼ਜ਼ਲਾਂ ਨੂੰ ਲਿਖਿਆ ਹੈ, ਸਾਹਿਲ ਨੇ ਇਨ੍ਹਾਂ ਨੂੰ ਓਨੀ ਹੀ ਮਿਹਨਤ ਨਾਲ ਗਾਇਆ ਹੈ। ਹਰਦੇਵ ਸਿੰਘ, ਜਗਤਾਰ ਗਿੱਲ, ਆਸ਼ਾ ਸ਼ਰਮਾ, ਤਾਰਾ ਸਿੰਘ ਸਾਗਰ, ਦਵਿੰਦਰ ਸਿੰਘ ਦਮਨ ਅਤੇ ਸਮੁੱਚੇ ਪ੍ਰਧਾਨਗੀ ਮੰਡਲ ਨੇ ਆਪਣੇ ਵਿਚਾਰ ਪੇਸ਼ ਕੀਤੇ। ਕੁਲਵਿੰਦਰ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਸੰਖੇਪ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਸ ਨੇ ਇਸ ਮੁਕਾਮ 'ਤੇ ਪੁੱਜਣ ਲਈ ਅਣਥੱਕ ਮਿਹਨਤ ਕੀਤੀ ਹੈ। ਐਲਬਮ ਦੀ ਪ੍ਰੋਮੋ ਸੁਣਾਈ ਗਈ, ਜਿਸ ਦਾ ਆਰੰਭ ਵਿਚ ਸੁਰਜੀਤ ਪਾਤਰ ਦੇ ਬੋਲਾਂ ਨਾਲ ਹੋਇਆ। ਇਸ ਤੋਂ ਬਾਅਦ 'ਸੰਦਲੀ ਆਥਣ' ਲੋਕ ਅਰਪਿਤ ਕੀਤੀ ਗਈ। ਅਕੈਡਮੀ ਵਲੋਂ ਕੁਲਵਿੰਦਰ ਅਤੇ ਸੁਖਦੇਵ ਸਾਹਿਲ ਨੂੰ ਸਨਮਾਨਿਤ ਕੀਤਾ ਗਿਆ।

ਦੂਜੇ ਸੈਸ਼ਨ ਵਿਚ ਸੁਖਦੇਵ ਸਾਹਿਲ ਨੇ ਕੁਲਵਿੰਦਰ ਦੀਆਂ ਗ਼ਜ਼ਲਾਂ ਦਾ ਗਾਇਨ ਕੀਤਾ। ਆਖ਼ਰ ਵਿਚ ਉਨ੍ਹਾਂ ਆਏ ਹੋਏ ਮਹਿਮਾਨਾਂ ਜਸਪਾਲ ਸਿੰਘ ਸੈਣੀ, ਡਾ. ਧੁੱਗਾ, ਜੀਵਨ ਰੱਤੂ, ਕਮਲ ਬੰਗਾ, ਰਾਠੇਸ਼ਵਰ ਸਿੰਘ ਸੂਰਾਪੁਰੀ, ਜੋਤੀ ਸਿੰਘ, ਚਰਨ ਸਿੰਘ ਜੱਜ, ਪ੍ਰੋ. ਬਲਜਿੰਦਰ ਸਿੰਘ, ਸਿਆਸਤ ਸਿੰਘ ਜੰਮੂ, ਅਸ਼ੋਕ ਟਾਂਗਰੀ, ਡਾ. ਭੱਟੀ, ਧਰਮ ਸਿੰਘ, ਅਮਰਜੀਤ ਸਿੰਘ ਜੌਹਲ, ਅਮਰੀਕ ਸਿੰਘ ਜੌਹਲ, ਪ੍ਰਿੰਸੀਪਲ ਹਰਨੇਕ ਸਿੰਘ ਦੇ ਨਾਲ-ਨਾਲ ਮੁੱਖ਼ ਸਪਾਂਸਰ ਮਾਸਟਰ ਦੀਪਕ ਦਾ ਖਾਣੇ ਲਈ, ਰਾਜ ਬੁਡਵਾਲ ਦਾ ਫ਼ੋਟੋਗ੍ਰਾਫ਼ੀ ਲਈ, 'ਸਿਤਾਰੇ' ਟੀ ਵੀ ਦੇ ਕਰਤਾ-ਧਰਤਾ ਪੂਨਮ ਬਜਾਜ ਅਤੇ ਹੋਸਟ ਜਸਲੀਨ ਖਨੂਜਾ ਦਾ ਪ੍ਰੋਗਰਾਮ ਦੀ ਕਵਰੇਜ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ।

# ਸਿਆਟਲ ਮੇਲੇ ਦੀ ਟਾਰਚ ਲਾਈਟ ਪਰੇਡ 'ਚ ਸਿੱਖਾਂ ਦੀ ਫਲੋਟ ਨੇ ਖਿੱਚਿਆ ਧਿਆਨ



**ਸਿਆਟਲ/ਬਿਊਰੋ ਨਿਊਜ਼ :** ਵਾਸ਼ਿੰਗਟਨ ਤੇ ਔਰਗਨ ਸਟੇਟ ਦੇ ਸਿੱਖਾਂ ਨੇ ਮਿਲ ਕੇ ਸਿਆਟਲ ਮੇਲੇ ਦੀ ਟਾਰਚ ਲਾਈਟ ਪਰੇਡ ਵਿਚ ਸਿੱਖਾਂ ਦੇ ਫਲੋਟ ਦੀ ਵਿਲੱਖਣ ਪੇਸ਼ਕਾਰੀ ਦਿੱਤੀ, ਜਿਥੇ ਵੱਖ-ਵੱਖ ਧਰਮਾਂ, ਜਾਤਾਂ ਤੇ ਨਸਲਾਂ ਵੱਲੋਂ ਵੱਖਰੇ-ਵੱਖਰੇ ਫਲੋਟ ਤਿਆਰ ਕਰਕੇ ਪਰੇਡ ਵਿਚ ਸ਼ਾਮਲ ਕੀਤੇ ਗਏ, ਜਿਸ ਦਾ ਲੱਖਾਂ ਲੋਕਾਂ ਨੇ ਅਨੰਦ ਮਾਣਿਆ। ਇਸ ਮੌਕੇ ਕਲਗੀਧਰ ਅਕੈਡਮੀ ਦੀ ਗਤਕਾ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਲਈ ਪਹਿਲੇ ਦਰਜੇ ਦਾ ਖਿਤਾਬ ਜਿੱਤਿਆ। ਮੇਲੇ ਵਿਚ ਟਾਰਚ ਲਾਈਟ ਪਰੇਡ ਦਾ ਪ੍ਰਦਰਸ਼ਨ ਲਗਾਤਾਰ ਤਿੰਨ ਘੰਟੇ ਚੱਲਿਆ, ਜਿਸ ਵਿਚ ਵੱਖ-ਵੱਖ ਰੰਗਾਂ, ਧਰਮਾਂ, ਜਾਤਾਂ ਤੇ ਨਸਲਾਂ ਦੇ ਲੋਕ ਬੜੇ ਜੋਸ਼ ਤੇ ਉਤਸ਼ਾਹ ਨਾਲ ਸ਼ਾਮਲ ਹੋਏ। ਟਾਰਚ ਲਾਈਟ ਪਰੇਡ ਵਿਚ ਸਿੱਖਾਂ ਦੇ ਫਲੋਟ ਨਾਲ ਸਿੱਖ ਪੈਕ ਦੇ ਚੇਅਰਮੈਨ ਗੁਰਿੰਦਰ ਸਿੰਘ ਖ਼ਾਲਸਾ (ਇੰਡਿਆਨਾ), ਵਾਸ਼ਿੰਗਟਨ ਡੀ.ਸੀ. ਤੋਂ ਸੁਖਪਾਲ ਸਿੰਘ ਧਨੋਆ, ਸਿੱਖ ਪੈਕ ਦੇ ਉਪ ਚੇਅਰਮੈਨ ਸੇਲਮ ਤੋਂ ਬਹਾਦਰ ਸਿੰਘ, ਜਗਮੋਹਣ ਸਿੰਘ, ਅੰਮ੍ਰਿਤ ਸਿੰਘ, ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ ਕਿੰਦੀ ਤੇ ਗੁਰਦੁਆਰਾ ਸਿੰਘ ਸਭਾ ਰੈਨਟਨ ਤੋਂ ਸ਼ਰਨਜੀਤ ਸਿੰਘ ਤੇ ਸਤਨਾਮ ਸਿੰਘ ਸਮੇਤ ਸੰਗਤ ਨੇ ਸਮਾਰੋਹ ਵਿਚ ਪਹੁੰਚ ਕੇ ਸਿੱਖਾਂ ਦੀ ਪਹਿਚਾਣ ਕਰਵਾਈ।

# ਨਟੋਮਸ ਸੈਕਰਾਮੈਂਟੋ ਦੀਆਂ ਤੀਆਂ 'ਚ ਗਿੱਧੇ, ਭੰਗੜੇ ਤੇ ਸਕਿੱਟਾਂ ਦੀਆਂ ਟੀਮਾਂ ਨੇ ਅਪਣੇ ਜੌਹਰ ਦਿਖਾਏ

**ਨਟੋਮਸ/ਹੁਸਨ ਲੜੋਆ ਬੰਗਾ:** ਸੈਕਰਾਮੈਂਟੋ ਦੇ ਨਾਲ ਲਗਦੇ ਸ਼ਹਿਰ ਨਟੋਮਸ ਦੀਆਂ ਬੀਬੀਆਂ ਵੱਲੋਂ ਰਲ ਕੇ ਕਰਵਾਈਆਂ ਜਾਂਦੀਆਂ ਤੀਆਂ ਵਿਚ ਐਤਕਾਂ ਵੀ ਵੱਖ ਵੱਖ ਸਭਿਆਚਾਰਕ ਝਾਕੀਆਂ ਦੇ ਨਾਲ ਨਾਲ ਗਿੱਧਾ ਭੰਗੜਾ ਤੇ ਸਕਿੱਟਾਂ ਵੇਖਣ ਨੂੰ ਮਿਲੀਆਂ। ਫੇਰ ਪੁਆਇੰਟ ਸ਼ੈਰਟਨ ਹੋਟਲ ਦੇ ਹਾਲ ਵਿਚ ਕਰਵਾਈਆਂ ਇਨ੍ਹਾਂ ਤੀਆਂ ਦੀ ਤਿਆਰੀ ਕਰੀਬ ਢਾਈ ਮਹੀਨੇ ਤੋਂ ਚੱਲ ਰਹੀਆਂ ਸੀ। ਇਨ੍ਹਾਂ ਤੀਆਂ ਦੌਰਾਨ ਖਾਸ ਆਈਟਮਾਂ 'ਚ ਗਿੱਧਾ ਪੰਜਾਬਣਾਂ ਦਾ, ਨਵਕਿਰਨ ਦੀ ਸੋਲੋ ਆਈਟਮ ਪਟਾਕੇ ਪਾਉਣ ਨੂੰ, ਮਹਿਕਾਂ ਦਾ ਸਿਰਨਾਵਾਂ, ਨਖਰੋ ਵਣਜਾਰਾ, ਮੋਨਾ ਖਾਨ ਕੰਪਨੀ, ਸਹੁਰਿਆਂ ਦਾ ਪਿੰਡ, ਦੇਸੀ ਜ਼ੁੰਬਾ ਸਕਿੱਟ, ਕੈਪੀਟਲ ਭੰਗੜਾ, ਪੂਨਮ ਮਲਹੋਤਰਾ ਦਾ ਗੀਤ, ਮਜ਼ਾਜਣਾਂ ਪੰਜਾਬ ਦੀਆਂ, ਲਾਡੋ ਸਕਿੱਟ, ਨਖਰਾ ਮਟਿਆਰਾਂ ਦਾ, ਭੰਗੜਾ ਮੀ ਅੱਪ, ਧੀਆਂ ਪੰਜਾਬ ਦੀਆਂ, ਨਟੋਮਸ ਧੜਕਣ ਤੋਂ ਇਲਾਵਾ ਬੀਬੀਆਂ ਦਾ ਲਾਈਵ ਗਿੱਧਾ ਬਹੁਤ ਆਕਰਸ਼ਕ ਰਿਹਾ।



ਸੈਕਰਾਮੈਂਟੋ ਵੈਲੀ ਵਿਚ ਆਪਣੀ ਅਵਾਜ਼ ਨਾਲ ਦਰਸ਼ਕਾਂ ਨੂੰ ਪ੍ਰਭਾਵਤ ਕਰਨ ਵਾਲੀ ਮਨਿੰਦਰ ਕੌਰ ਨੇ ਇਸ ਪ੍ਰੋਗਰਾਮ ਵਿਚ ਗੀਤ ਗਾ ਕੇ ਦਰਸ਼ਕ ਬੀਬੀਆਂ ਤੇ ਆਪਣਾ ਪ੍ਰਭਾਵ ਛੱਡਿਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਐਂਜਲੀਕ ਐਸਬੀ, ਜੋ ਡਿਸਟ੍ਰਿਕ ਇਕ ਦੀ ਕੌਂਸਲ ਮੈਂਬਰ ਲਈ ਉਮੀਦਵਾਰ ਹੈ, ਨੇ ਉਚੇਚਾ ਸ਼ਮੂਲੀਅਤ ਕੀਤੀ। ਬੌਬੀ ਗੋਸਲ ਨੇ ਉਨ੍ਹਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਸਮਾਗਮ ਨੂੰ ਤੱਖਰ ਮੈਡੀਕਲ ਸਪਾ ਤੇ ਬੌਬੀ ਗੋਸਲ ਵੱਲੋਂ ਸਪੌਂਸਰ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਬੱਗਾ ਜਿਊਲਰ ਤੇ ਸ਼ੈਰਫ ਜਿਊਲਰ ਵੱਲੋਂ ਰੈਫਲ ਵੀ ਕੱਢੇ ਗਏ।

ਤੀਆਂ ਦੇ ਮੇਲੇ 'ਚ ਕੱਪੜੇ, ਗਹਿਣੇ ਅਤੇ ਮਹਿੰਦੀ ਦੇ ਸਟਾਲ ਵੀ ਲਗਾਏ ਗਏ। ਸਟੇਜ ਦੀ ਕਾਰਵਾਈ ਬੀਬੀਆਂ ਨੇ ਰਲ ਕੇ ਚਲਾਈ। ਤੀਆਂ ਦੀਆਂ ਪ੍ਰਬੰਧਕ ਬੀਬੀਆਂ ਵਿਚ ਚਰਨਜੀਤ ਕੌਰ ਗਿੱਲ, ਸਰਬਜੀਤ ਕੌਰ, ਮਨਜੀਤ ਸਿਬੀਆ, ਨਿੰਦਰ ਸ਼ੋਕਰ, ਰਾਜ ਗਰੇਵਾਲ, ਦੀਪਾ ਬੰਗਾ, ਬਲਜੀਤ ਕੌਰ, ਰਣਜੀਤ ਕੌਰ, ਪੂਨਮ ਮਲਹੋਤਰਾ, ਮਨੀਸ਼ ਸ਼ਰਮਾ, ਮਨਜੀਤ ਕੌਰ ਗਰੇਵਾਲ, ਸੰਦੀਪ ਵਾਲੀਆ, ਮਨਪ੍ਰੀਤ ਕੌਰ ਦਿਓਲ ਤੇ ਹੋਰਨਾਂ ਨੇ ਤੀਆਂ ਵਿਚ ਭਾਰੀ ਗਿਣਤੀ 'ਚ ਸ਼ਾਮਲ ਹੋਣ ਤੇ ਦਰਸ਼ਕ ਬੀਬੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੱਖਰ ਮੈਡੀਕਲ ਸਪਾ ਵੱਲੋਂ ਵਿਸ਼ੇਸ਼ ਤੌਰ 'ਤੇ ਸਟਾਲ ਲਗਾਇਆ ਗਿਆ ਸੀ ਜਿਸਦਾ ਬੀਬੀਆਂ ਨੇ ਪੂਰਾ ਲਾਹਾ ਲਿਆ। ਤੀਆਂ ਵਿਚ ਸ਼ਾਮਿਲ ਕਲਾਕਾਰਾਂ, ਨੌਜਵਾਨ, ਬੱਚਿਆਂ ਤੇ ਕੁੜੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

# ਐਲਕ ਗਰੋਵ ਪਾਰਕ ਤੀਆਂ ਦੀਆਂ 13 ਅਗਸਤ ਨੂੰ

**ਐਲਕ ਗਰੋਵ/ਬਿਊਰੋ ਨਿਊਜ਼:** ਗੋਲਡਨ ਸਟੇਟ ਪੰਜਾਬੀ ਕਲੱਬ ਵੱਲੋਂ ਸਾਲਾਨਾ ਤੀਆਂ ਦਾ ਮੇਲਾ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਐਲਕ ਗਰੋਵ ਪਾਰਕ ਵਿਖੇ ਜੋਸ਼ੋ-ਖਰੋਸ਼ ਨਾਲ ਮਨਾਇਆ ਜਾ ਰਿਹਾ ਹੈ। 13 ਅਗਸਤ ਐਤਵਾਰ ਨੂੰ ਬਾਅਦ ਦੁਪਹਿਰ 1.30 ਵਜੇ ਤੋਂ ਸ਼ਾਮ 6:30 ਵਜੇ ਤੱਕ ਲੱਗਣ ਵਾਲੇ ਇਸ ਮੇਲੇ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਔਰਤਾਂ ਤੱਕ ਗਿੱਧੇ, ਸਕਿੱਟਾਂ, ਬੋਲੀਆਂ, ਗੀਤ-ਸੰਗੀਤ ਦੀਆਂ ਤਿਆਰੀਆਂ ਆਪੋ-ਆਪਣੇ ਘਰਾਂ ਵਿਚ, ਪਾਰਕਾਂ ਵਿਚ ਜਾਂ ਹਾਲਾਂ ਵਿਚ ਕਰ ਰਹੀਆਂ ਹਨ। ਇਹ ਮੇਲਾ ਪੰਜਾਬ ਦੀ ਤਰਜ 'ਤੇ ਖੁੱਲ੍ਹੇ ਮੈਦਾਨ ਵਿਚ ਲਾਇਆ ਜਾਂਦਾ ਹੈ, ਜਿਸ ਕਰਕੇ ਹਾਜ਼ਰੀ ਪੱਖੋਂ ਇਹ ਇਕ ਵਿਸ਼ਾਲ ਮੇਲੇ ਦਾ ਰੂਪ ਧਾਰਨ ਕਰ ਜਾਂਦਾ ਹੈ। ਸੈਂਕੜੇ ਔਰਤਾਂ ਇਸ ਮੇਲੇ ਦਾ ਆਨੰਦ ਮਾਣਦੀਆਂ ਹਨ। ਮੇਲੇ ਲਈ ਕੋਈ ਟਿਕਟ ਨਹੀਂ ਰੱਖੀ ਜਾਂਦੀ ਅਤੇ ਨਾ ਹੀ ਪਾਰਕਿੰਗ ਦੀ ਕੋਈ ਟਿਕਟ ਲੱਗਦੀ ਹੈ। ਗਹਿਣੇ, ਕੱਪੜੇ, ਮਹਿੰਦੀ ਆਦਿ ਦੇ ਸਟਾਲਾਂ ਤੋਂ ਇਲਾਵਾ ਖਾਣ-ਪੀਣ ਦੇ ਸਟਾਲ ਵੀ ਖੁੱਲ੍ਹੇ ਪਾਰਕ ਵਿਚ ਆਪਣੀਆਂ ਮਹਿਕਾਂ ਖਿਲਾਰਦੇ ਹਨ। ਸਟੇਜ ਸਕੱਤਰੀ ਦੀ ਸੇਵਾ ਆਸ਼ਾ ਸ਼ਰਮਾ ਨਿਭਾਉਂਦੇ ਨ। ਇਸ ਸਾਲ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾ ਰਿਹਾ ਹੈ। ਬੱਗਾ ਜਿਊਲਰਜ਼ ਵੱਲੋਂ ਡਾਇਮੰਡ ਰਿੰਗ ਰੈਫਲ ਵਜੋਂ ਕੱਢੀ ਜਾਵੇਗੀ ਅਤੇ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਰੈਫਲ ਇਨਾਮ ਕੱਢੇ ਜਾਣਗੇ। ਠੰਡੇ-ਮਿੱਠੇ ਜਲ ਦੀ ਛਬੀਲ ਸਤਬੀਰ ਸਿੰਘ ਬਾਜਵਾ ਅਤੇ ਪਰਿਵਾਰ ਵੱਲੋਂ ਲਗਾਈ ਜਾਵੇਗੀ। ਤੀਆਂ ਦੀਆਂ ਪ੍ਰਬੰਧਕ ਪਿੰਕੀ ਰੰਧਾਵਾ ਤੇ ਪਰਨੀਤ ਗਿੱਲ ਨੇ ਕੈਲੀਫੋਰਨੀਆ ਦੀ ਸਮੂਹ ਬੀਬੀਆਂ ਅਤੇ ਲੜਕੀਆਂ ਨੂੰ ਉਨ੍ਹਾਂ ਦੇ ਆਪਣੇ ਇਸ ਮੇਲੇ 'ਚ ਪਹੁੰਚਣ ਦੀ ਅਪੀਲ ਕੀਤੀ ਹੈ। ਇਸ ਸੰਬੰਧੀ ਹੋਰ ਜਾਣਕਾਰੀ ਲਈ ਫੋਨ ਨੰਬਰ 916-320-9444 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮੋਲਕ ਸਿੰਘ ਗਾਖਲ ਵਲੋਂ 'ਵੇਖ ਬਰਾਤਾਂ ਚੱਲੀਆਂ' ਫਿਲਮ ਦੀ ਸਫਲਤਾ 'ਤੇ ਸਮੁੱਚੀ ਟੀਮ ਨੂੰ ਵਧਾਈ

**ਵਾਟਸਨਵੈੱਲ/ਬਿਊਰੋ ਨਿਊਜ਼:** ਫਿਲਮ ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਹਾਸਰਸ, ਸਮਾਜਿਕ ਅਤੇ ਪਰਿਵਾਰਕ ਫਿਲਮ ਵੇਖ ਬਰਾਤਾਂ ਚੱਲੀਆਂ' ਦੀ ਜਿੱਥੇ ਸਫਲਤਾ ਲਈ ਫਿਲਮ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਹੈ ਉੱਥੇ ਇਸ ਫਿਲਮ ਨੂੰ ਦੇਖਣ ਤੋਂ ਬਾਅਦ ਕਿਹਾ ਹੈ ਕਿ ਪੰਜਾਬੀ ਫਿਲਮ ਉਦਯੋਗ ਪਾਇਰੇਸੀ ਦੇ ਕੋਹੜ ਕਰਕੇ ਬਹੁਤ ਵੱਡਾ ਨੁਕਸਾਨ ਝੱਲਦਾ ਆ ਰਿਹਾ ਹੈ। ਜਿਹੜੇ ਪੰਜਾਬੀ ਆਪਣੀ ਮਾਂ ਬੋਲੀ, ਸੱਭਿਅਚਾਰ, ਸੰਸਕਾਰਾਂ ਨਾਲ ਜੁੜੇ ਹੋਏ ਹਨ ਉਨ੍ਹਾਂ ਨੂੰ ਕਦੇ ਭੁੱਲ ਕੇ ਪਾਇਰੇਟਡ ਫਿਲਮਾਂ ਨਹੀਂ ਦੇਖਣੀਆਂ ਚਾਹੀਦੀਆਂ ਕਿਉਂਕਿ ਪਾਇਰੇਸੀ ਫਿਲਮ ਉਦਯੋਗ ਨੂੰ ਤਬਾਹ ਕਰ ਰਹੀ ਹੈ। ਉਨ੍ਹਾਂ ਨੇ ਵੇਖ ਬਰਾਤਾਂ ਚੱਲੀਆਂ' ਫਿਲਮ ਵਿਚ ਅੰਧ ਵਿਸ਼ਵਾਸ 'ਤੇ ਤਿੱਖਾ ਵਿਅੰਗ ਕੀਤੇ ਜਾਣ ਦੀ ਵੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਇਹ ਵੀ ਚਿਤਾਵਨੀ ਦਿੱਤੀ ਕਿ ਉੱਤਰੀ ਅਮਰੀਕਾ ਵਿਚ ਫਿਲਮ ਦੀ ਪਾਇਰੇਸੀ ਕਰਕੇ ਫਿਲਮ ਨੂੰ ਡਾਲਰ ਡਾਲਰ ਵਿਚ ਵੇਚਣ ਵਾਲੇ ਛੋਟੇ ਦੁਕਾਨਦਾਰਾਂ 'ਤੇ ਕਾਨੂੰਨੀ ਛਿਕੰਜਾ ਕੱਸਦਿਆਂ ਛੇਤੀਂ ਹੀ ਰੇਡ ਸ਼ੁਰੂ ਹੋ ਰਹੀ ਹੈ ਅਤੇ ਉਨਾਂ ਨੂੰ ਅਜਿਹੀ ਗੁਸਤਾਖੀ ਤੋਂ ਬਚਣਾ ਚਾਹੀਦਾ ਹੈ।

## ਕੰਨ੍ਹੇੜੀ ਚੜ੍ਹੇ ਵਰ੍ਹੇ

ਉਂਜ ਮੇਰੀ ਤਾਂ ਚੱਕੀ 'ਤੇ ਆਉਣ ਦੀ ਖਿੱਚ ਕੋਈ ਹੋਰ ਹੀ ਹੁੰਦੀ ਹੈ। ਰੋਜ਼ ਸ਼ਾਮ ਨੂੰ ਚੱਕੀ ਦੀ ਆਵਾਜ਼, ਤੁੱਕ ਤੁੱਕ, ਤੁੱਕ.. ਮੈਨੂੰ ਮੰਤਰ-ਮੁਗਧ ਕਰ ਦਿੰਦੀ ਹੈ। ਇੱਥੇ ਆਉਣਾ, ਸਭ ਵੇਖਣਾ, ਮੈਨੂੰ ਬਹੁਤ ਚੰਗਾ ਲਗਦਾ ਹੈ। ਉਂਜ ਆਪਣੇ ਘਰਾਂ 'ਚੋਂ ਜਦ ਵੀ ਕਿਸੇ ਦਾ ਗੱਡਾ ਆਉਂਦਾ - ਮੈਂ ਆ ਜਾਂਦੀ ਹਾਂ ਇੱਥੇ।

ਖੱਬੇ ਹੱਥ ਪਿੰਡ 'ਬਜਾਬਤ' ਲੰਘ ਤੇ ਉਸ ਤੋਂ ਥੋੜ੍ਹਾ ਅੱਗੇ ਐਧਰ ਸੱਜੇ ਪਾਸੇ ਜਗਤਪੁਰ ਹੈ ਤੇ ਪਿੰਡ ਤੋਂ ਬਾਹਰ ਪਹਿਲਾਂ ਇਕ ਨਿੱਕੇ ਜੇਹੇ ਬਾਗ ਵਿਚ ਹੈ-ਇਹ ਚੱਕੀ।

ਪੁੱਜਦੇ ਸਾਰ ਮੈਂ ਗੱਡੇ ਤੋਂ ਛਾਲ ਮਾਰ, ਉਤਰ, ਸਿੱਧੀ ਜਾ ਪੁੱਜਦੀ ਹਾਂ ਖੂਹ 'ਤੇ ਜੋ ਸੰਝਾਂ ਨੂੰ ਅਕਸਰ ਚਲ ਰਿਹਾ ਹੁੰਦਾ ਹੈ। ਔਲੂ ਵਿਚ ਹੱਥ ਮੂੰਹ ਧੋ - ਖ਼ਾਲ ਦੇ ਕਲਕਲ ਚਲਦੇ ਪਾਣੀ ਨਾਲ ਖੇਡਦੀ ਹਾਂ - ਪੱਥਰ ਗੀਟੀਆਂ ਚੁਗਦੀ ਹਾਂ ਜੋ ਮੂਹਰੇ ਖਾਣ ਨੂੰ ਮਿਲ ਜਾਂਦਾ ਹੈ ਤੋੜ ਕੇ ਖਾ ਲੈਂਦੀ ਹਾਂ - ਤੇ ਪਰ੍ਹਾਂ ਜਾਂ ਵੜਦੀ ਹਾਂ - ਬਾਗ ਨੁਮਾ ਦਰੱਖ਼ਤਾਂ ਹੇਠਾਂ। ਮੋਰਾਂ, ਤੋਤਿਆਂ, ਕਾਵਾਂ ਦੇ ਖੰਡ, 'ਕੱਠੇ ਕਰਦੀ, ਕੋਈ ਵਧੀਆ ਜਿਹਾ ਫੁੱਲ ਬੂਟਾ ਪੱਤਾ ਮਿਲਦਾ, ਲੈ ਲੈਂਦੀ ਹਾਂ। ਇਹ ਸਭ ਮੈਨੂੰ ਬਹੁਤ ਸੁਹਣੇ ਲਗਦੇ ਹਨ। ਵਿਹਲੀ ਹੋ ਆ ਜਾਂਦੀ ਹਾਂ, ਐਧਰ ਚੱਕੀ 'ਤੇ।

ਇਕ ਵੱਡੀ ਸਾਰੀ ਕੀਪ ਵਿਚ ਦਾਣੇ ਪਾਏ ਜਾ ਰਹੇ ਹਨ, ਵੱਡੇ ਸਾਰੇ ਪਟੇ ਨਾਲ ਚਲਦੀ ਹੈ ਚੱਕੀ, ਮੂਹਰੇ ਆਟਾ ਪਾਉਣ ਨੂੰ ਮੂੰਹ ਮਰੋੜ ਕੇ ਮੋਟੀ ਸਾਰੀ ਤਾਰ ਵਿਚ ਜੋ ਬੋਰੀ ਟੰਗੀ ਹੋਈ ਹੈ - ਸਭ ਦੇਖਦੀ ਹਾਂ ਖੜ੍ਹ ਕੇ - ਤੇ ਸਭ ਤੋਂ ਵੱਧ ਮੈਨੂੰ ਚੰਗੇ ਲਗਦੇ ਹਨ ਉਹ ਲੋਕ - ਜਿਨ੍ਹਾਂ ਦੇ ਸਿਰ ਮੂੰਹ ਆਟੇ ਨਾਲ ਭਰੇ ਪਏ ਹਨ, ਅੱਖਾਂ ਦੀਆਂ ਭਿੱਫਣਾਂ ਸਣੇ - ਬੋਰੀਆਂ ਲਾਹੁੰਦੇ, ਜੋਖਦੇ, ਹੱਥ ਮੂੰਹ ਝਾੜ ਕੇ - ਆਟਾ ਉਡਾਉਂਦੇ।

ਕਿੰਨਾ ਆਟਾ ਪੀਹਿਆ ਗਿਆ ਹੈ - ਕਿੰਨਾ ਬਾਕੀ ਬਚਿਆ ਹੈ - ਕਿੰਨੇ ਪੈਸੇ ਦਿੱਤੇ ਗਏ ਹਨ - ਮੈਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਹੈ। ਬੱਸ ਮੈਂ ਤਾਂ ਨਾਲ ਆਉਣਾ ਹੁੰਦਾ ਹੈ - ਮੌਜ ਮਸਤੀ ਕਰਨ ਨੂੰ। ਉਹ ਭਾਵੇਂ ਅੰਮਾ ਹੋਵੇ ਨਾਲ, ਮੇਰੀ ਮੁੱਢ ਕਦੀਮ ਦੀ ਦੁਸ਼ਮਣ ਜਾਂ ਕੋਈ ਹੋਰ।

## 'ਬਲੈਕ ਪ੍ਰਿੰਸ' ਜੀਵਨ ਦੀ ਸਵੈ ਪੜਚੋਲ ਅਤੇ ਮਕਸਦ ਲੱਭਣ ਦੀ ਦਾਸਤਾਨ

ਹੁਣ ਉਸਨੂੰ 'ਮੈਂ ਕੌਣ ਹਾਂ ਦਾ ਉਤਰ ਸਿਖ ਪਛਾਣ, ਸੁਤੰਤਰਤਾ ਤੇ ਸਿੱਖ ਰਾਜ ਦੀ ਮੁੜ ਪ੍ਰਾਪਤੀ ਚ ਲੱਭਦਾ ਹੈ। ਉਹ ਅੰਮ੍ਰਿਤ ਛਕਦਾ ਹੈ ਤੇ ਰਾਜ ਪ੍ਰਾਪਤੀ ਦੀਆਂ ਕੋਸ਼ਿਸ਼ਾਂ ਕਰਦਾ ਹੈ। ਰੂਸੀ ਜ਼ਾਰ ਤੱਕ ਪਹੁੰਚ ਕਰਦਾ ਹੈ।

ਮਹਾਰਾਜੇ ਦੇ ਜੀਵਨ ਚ ਹੋਰ ਔਰਤਾਂ ਵੀ ਆਈਆਂ ਪਰ ਉਸਨੇ ਆਪਣੇ ਆਪ ਨੂੰ ਆਪਣੀ ਮਾਂ ਨਾਲ ਈ ਪਛਾਣਿਆ ਕਿਉਂਕਿ ਆਪਣੇ ਜੀਵਨ ਦਾ ਮਕਸਦ ਤੇ ਉਸਤੋਂ ਪੈਦਾ ਹੋਇਆ ਸਕੂਨ ਉਸਨੂੰ ਉਥੋਂ ਹੀ ਮਿਲਿਆ। ਕੂਕੇ ਸਿੰਘ ਵੱਲੋਂ ਮਹਾਰਾਜੇ ਦੀ ਆਮਦ ਦੀ ਖਬਰ ਤੋਂ ਪੈਦਾ ਹੋਇਆ ਉਤਸ਼ਾਹ ਸਿੱਖ ਅਚੇਤ ਦੀਆਂ ਸਮੂਹਿਕ ਤੰਦਾਂ ਦੇ ਜੁੜੇ ਹੋਣ ਦਾ ਸਬੂਤ ਹੈ ਜੋ ਦਸਦਾ ਹੈ ਕਿ ਕਿੰਨੀ ਜਲਦੀ ਸਾਡਾ ਅੰਦਰ ਰਾਜ ਪ੍ਰਾਪਤੀ ਦੀ ਗੱਲ ਨਾਲ ਆਪਣੇ ਆਪ ਨੂੰ ਪਛਾਣਦਾ ਹੈ। ਮਹਾਰਾਜੇ ਦੀ ਕੋਸ਼ਿਸ਼ ਅਸਫਲ ਰਹਿੰਦੀ ਹੈ ਪਰ ਜੀਵਨ ਦੇ ਮਨੋਰਥ ਨੂੰ ਸਮਝਣ ਦਾ ਪਾਠ ਹੈ।

**ਆਖਰੀ ਵਾਰਤਾਲਾਪ**

ਰਾਣੀ ਵਿਕਟੋਰੀਆ ਦਲੀਪ ਸਿੰਘ ਨੂੰ ਆਖਰ ਚ ਮਿਲ ਕੇ ਆਪਣੀਆਂ ਵਧੀਕੀਆਂ ਕਬੂਲਦੀ ਹੈ ਪਰ ਅਸਮਰਥਾ ਦਾ ਇਜ਼ਹਾਰ ਵੀ ਕਰਦੀ ਹੈ। ਇਸ ਦ੍ਰਿਸ਼ ਨੂੰ ਦੇਖ ਕੇ ਇੰਝ ਲੱਗਿਆ ਕਿ ਹਉਮੈ ਬੰਦੇ ਤੋਂ ਉਚ ਕੋਟੀ ਦੇ ਕਾਰਜ ਕਰਵਾ ਸਕਦੀ ਹੈ ਪਰ ਨਕਾਰਾਤਮਕ ਰੁਚੀਆਂ ਨਹੀਂ। ਇਹ ਆਪਣੇ ਜੁਰਮ ਦਾ ਇਕਰਾਰ ਜ਼ਰੂਰ ਕਰ ਲੈਂਦੇ ਹਨ ਪਰ ਓਦੋਂ ਜਦ ਇਹ ਆਪ ਪੂਰੀ ਤਰਾਂ ਸੁਰੱਖਿਅਤ ਹੋਣ। ਇਸ ਗਲਤੀ ਦੇ ਅਹਿਸਾਸ ਬਾਵਜੂਦ ਉਹ ਆਪਣਾ ਮਾਰੂ ਅਤੇ ਵਿਨਾਸ਼ਕ ਸੁਭਾਅ ਨਹੀਂ ਛੱਡਦੇ। ਡਾਕਟਰ ਲੋਗਨ ਅਤੇ ਰਾਣੀ ਵਿਕਟੋਰੀਆ ਵਿੱਚ ਹੋਵੇ ਸੰਵਾਦ ਜਿੱਥੇ ਉਹ ਮਹਾਰਾਜੇ ਦੇ ਭਵਿੱਖ ਬਾਰੇ ਗੱਲਾਂ ਕਰਦੇ ਹਨ, ਉਨ੍ਹਾਂ ਦੀਆਂ ਨਕਾਰਾਅਤਮਕ ਰੁਚੀਆਂ ਦੇ ਸਹਿਜ ਸੁਭਾਅ ਪ੍ਰਗਟਾਵੇ ਦਾ ਸਬੂਤ ਹਨ। ਰਾਣੀ ਨੇ ਅੰਤ ਚ ਕਿਹਾ ਕਿ ਉਹ ਹੁਣ ਅਸਮਰਥ ਹੈ। ਉਸ ਮੌਕੇ ਉਹ ਬਹੁਤ ਸੁੰਦਰ ਕੁਦਰਤੀ ਵੀਰਾਨੀ ਵਾਂਗ ਜਾਪੀ, ਜੋ ਸ਼ਾਂਤਮਈ ਹੈ ਪਰ ਬੇਰਹਿਮ ਹੈ।

ਵਿਕਟਰ, ਦਲੀਪ ਸਿੰਘ ਨੂੰ ਮਿਲਦਾ ਹੈ। ਉਸਨੂੰ ਪਤਾ ਹੀ ਨਹੀਂ ਕਿ ਉਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਖਾਨਦਾਨ ਚੋਂ ਹੈ। ਇਹ ਵਾਰਤਾਲਾਪ, ਬਰਤਾਨਵੀ ਮਹੌਲ ਚ ਪੈਦਾ ਹੋਈ ਜਾਗਰੂਕਤਾ ਅਤੇ ਮਹਾਰਾਜਾ ਦਲੀਪ ਸਿੰਘ ਅੰਦਰ ਖਾਲਸਾਈ ਜਾਗਰੂਕਤਾ ਚ ਹੈ। ਉਹ ਮਹਾਰਾਜੇ ਨੂੰ ਰਾਣੀ ਦੀ ਮਿੰਨਤ ਕਰਨ ਲਈ ਕਹਿੰਦਾ ਹੈ, ਪਰ ਮਹਾਰਾਜਾ ਮਨ੍ਹਾ ਕਰ ਦਿੰਦਾ ਹੈ। ਹੁਣ ਦੇ ਸਮਿਆਂ 'ਚ ਇਹਨਾਂ ਵਿਕਟਰਾਂ ਦੀ ਭਰਮਾਰ ਹੈ ਕਿਉਂਕਿ ਉਹਨਾਂ ਕੋਲ ਮਾਂ ਜਿੰਦ ਕੌਰ ਵਰਗੀ ਵੱਡੀ ਔਰਤ, ਠਾਕੁਰ ਸਿੰਘ ਸੰਧਾਵਾਲੀਆ ਅਤੇ ਅਰੂੜ ਸਿੰਘ ਵਰਗੇ ਸਾਥੀ ਨਹੀਂ ਹਨ।

ਮੌਤ ਵੇਲੇ ਮਹਾਰਾਜੇ ਦਲੀਪ ਸਿੰਘ ਦੇ ਜ਼ਿਹਨ ਚ ਮਾਂ ਮਹਾਰਾਣੀ ਜਿੰਦਾ ਹੈ ਜੋ ਕਿ ਤਲਵਾਰ ਫੜਾ ਰਹੀ ਹੈ ਜੋ ਉਸਤੋਂ ਖੁੱਸ ਜਾਂਦੀ ਹੈ ਪਰ ਉਸ ਵੇਲੇ ਉਸਨੂੰ ਇਹ ਪਤਾ ਹੈ ਕਿ ਤਲਵਾਰ ਉਸਦੇ ਪੁਰਖਿਆਂ ਦੀ ਹੈ। ਇਹ ਅਚੇਤ ਦੀਆਂ ਉਸਾਰੀਆਂ ਚੋਂ ਪੈਦਾ ਹੋਇਆ ਦ੍ਰਿਸ਼ ਹੀ ਉਸਦੇ ਜੀਵਨ ਦਾ ਸਾਰ ਹੈ।

ਜੌਨ ਪਾਲ ਸਾਰਟਰ ਦਾ ਸਿਧਾਂਤ ਹੈ ਕਿ ਜੀਵਨ ਦਾ ਵਜੂਦ ਤੱਤ ਤੋਂ (Existence precedes essence) ਪਹਿਲੇ ਹੈ ਭਾਵ ਜੀਵਨ ਦਾ ਅਰਥ ਪ੍ਰੀ ਪ੍ਰੀਭਾਸ਼ਿਤ ਮਾਡਲ ਚ ਨਹੀਂ ਕੀਤਾ ਜਾ ਸਕਦਾ, ਬੰਦਾ ਆਪਣੇ ਜੀਵਨ ਦਾ ਅਰਥ ਖੁਦ ਬਣਾਉਂਦਾ ਹੈ। ਜੋ ਪਛਾਣ ਦਲੀਪ ਸਿੰਘ ਨੂੰ ਬਰਤਾਨਵੀ ਰਹਿਣ ਸਹਿਣ ਚ ਮਿਲੀ, ਉਸਨੂੰ ਉਸਨੇ ਠੁਕਰਾਇਆ। ਉਸਨੇ ਆਪਣੀ ਮਾਂ ਲੱਭੀ, ਆਪਣੇ ਲੋਕ ਲੱਭੇ, ਇਤਿਹਾਸ ਖੋਜਿਆ, ਆਪਣੇ ਧਰਮ-ਸੱਭਿਆਚਾਰ ਲੱਭਿਆ-ਅਪਣਾਇਆ, ਆਪਣੀ ਹਉਮੈ ਨੂੰ ਕਿਸੇ ਪਾਸਿਓਂ ਤੋੜ ਕੇ ਕਿਤੇ ਹੋਰ ਜੋੜਿਆ। ਬੇਸ਼ੱਕ ਇਹ ਖੋਜ ਨੇ ਉਸਦੀ ਜਿੰਦਗੀ ਦੇ ਆਖਰੀ ਪਲ ਦੁਖਦਾਈ ਬਣਾਏ ਪਰ ਉਹ ਹੁਣ ਹੌਲਾ ਸੀ ਆਪਣੇ ਆਪੇ ਨਾਲ ਇਕਸੁਰ ਸੀ।

ਰਾਣੀ ਵਿਕਟੋਰੀਆ ਕੋਲ ਰਹਿੰਦਿਆਂ ਜੋ ਗੁਲਾਮੀ ਦਾ ਅਹਿਸਾਸ ਸੀ ਉਹ ਹੁਣ ਆਖਰੀ ਪਲਾਂ ਚ ਮੰਜੇ ਉਤੇ ਅਧਰੰਗ ਨਾਲ ਜੂਝਦਿਆਂ ਹੌਲੇਪਣ ਤੇ ਆਜ਼ਾਦੀ ਦੀ ਆਸ ਵਾਲਾ ਸੀ। ਉਹ ਸੁਪਨੇ ਚ ਮਾਂ ਕੋਲੋਂ ਪਿਤਾ ਪੁਰਖੀ ਤਲਵਾਰ ਫੜਦਾ ਹੈ, ਇਹ ਹੀ ਉਸਦੇ "ਮੈਂ ਕੌਣ ਹਾਂ ?" ਦਾ ਉਤਰ ਸੀ। ਜੇ ਉਹ ਬਰਤਾਨਵੀ ਮਾਡਲ ਚ ਰਹਿੰਦਿਆਂ ਜੀਵਨ ਜਿਉਂ ਕੇ ਮਰ ਜਾਂਦਾ ਤਾਂ ਸ਼ਾਇਦ ਇਹ ਸੁਪਨਾ ਕਦੇ ਨਾ ਆਉਂਦਾ।

Office for Lease in Union City, CA



Nice clean office

1200 to 1500 Sq feet in the business area of Union City.
Best for Trucking company if extra warehouse needed.

Call at:
510-875-3279

## 'ਆਮ ਆਦਮੀ ਪਾਰਟੀ ਲੋਕ ਹਿੱਤਾਂ ਦੀ ਪਹਿਰੇਦਾਰ ਬਣੇਗੀ'

ਹੈ ਤੇ ਇਸ ਖੇਤਰ 'ਚ ਵੀ ਵੱਡੇ-ਵੱਡੇ ਉਦਯੋਗਿਕ ਘਰਾਣੇ ਸ਼ਾਮਿਲ ਹੋ ਗਏ ਹਨ ।

**ਚੋਣ ਸੁਧਾਰਾਂ ਦੀ ਲੋੜ**

ਚੋਣਾਂ ਦੌਰਾਨ ਸਿਆਸੀ ਪਾਰਟੀਆਂ ਵੱਲੋਂ ਅਪਣਾਏ ਜਾਂਦੇ ਕਈ ਤਰ੍ਹਾਂ ਦੇ ਗੈਰ-ਜਮਹੂਰੀ ਢੰਗ ਤਰੀਕਿਆਂ ਨੂੰ ਰੋਕਣ ਲਈ ਉਨ੍ਹਾਂ ਚੋਣ ਕਮਿਸ਼ਨ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਸਰਦਾਰ ਚੋਣ ਸੁਧਾਰਾਂ ਤੋਂ ਬਿਨਾਂ ਅਜਿਹੇ ਅਮਲਾਂ ਨੂੰ ਨਹੀਂ ਰੋਕਿਆ ਜਾ ਸਕਦਾ । ਉਨ੍ਹਾਂ ਕਿਹਾ ਕਿ ਜਿਹੜਾ ਆਗੂ ਗੈਰ-ਜਮਹੂਰੀ ਢੰਗ ਤਰੀਕਿਆਂ ਨਾਲ ਚੋਣ ਜਿੱਤ ਕੇ ਵਿਧਾਨ ਸਭਾ 'ਚ ਆਉਂਦਾ ਹੈ, ਉਸ ਕੋਲੋਂ ਲੋਕਾਂ ਦੇ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ ।

**ਕਿਸਾਨਾਂ ਨੂੰ ਖੇਤੀ ਜਿਣਸਾਂ ਦੇ ਸਹੀ ਮੁੱਲ ਮਿਲਣ**

ਕਿਸਾਨ ਖੁਦਕੁਸ਼ੀਆਂ ਦੇ ਮੁੱਦੇ 'ਤੇ ਗੱਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਜਿੰਨਾ ਚਿਰ ਕਿਸਾਨ ਨੂੰ ਉਸ ਦੀ ਲਾਗਤ ਦਾ ਸਹੀ ਮੁੱਲ ਨਹੀਂ ਮਿਲਦਾ, ਤਦ ਤੱਕ ਕਿਸਾਨਾਂ ਨੂੰ ਕਰਜ਼ੇ ਦੇ ਜੰਜਾਲ ਵਿਚੋਂ ਨਹੀਂ ਕੱਢਿਆ ਜਾ ਸਕਦਾ । ਉਨ੍ਹਾਂ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਸੁਝਾਅ ਦਿੱਤਾ ਕਿ ਸੂਬੇ ਨੂੰ ਖੇਤੀ ਤਰਜ਼ੀਹਾਂ ਦੇ ਆਧਾਰ 'ਤੇ ਵੱਖ-ਵੱਖ ਜ਼ੋਨਾਂ ਵਿਚ ਵੰਡ ਕੇ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਯਤਨ ਕੀਤੇ ਜਾ ਸਕਦੇ ਹਨ । ਕਣਕ ਤੇ ਝੋਨੇ ਦੀ ਤਰ੍ਹਾਂ ਮੱਕੀ, ਤੇਲ-ਬੀਜਾਂ ਤੇ ਹੋਰਨਾਂ ਫ਼ਸਲਾਂ ਦਾ ਮੁੱਲ ਵੀ ਨਿਰਧਾਰਿਤ ਕੀਤਾ ਜਾਵੇ । ਧਰਤੀ ਹੇਠਲੇ ਪਾਣੀ ਅਤੇ ਵਾਤਾਵਰਣ ਦੇ ਗੰਭੀਰ ਹੁੰਦੇ ਜਾ ਰਹੇ ਸੰਕਟ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਮੀਂਹ ਦੇ ਪਾਣੀ ਨੂੰ ਸੰਭਾਲਣ ਤੇ ਵਾਟਰ ਹਾਰਵੈਸਟਿੰਗ ਤਕਨੀਕ ਨੂੰ ਅਪਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ।

**ਚੋਣਾਂ ਲਈ ਪੂਰੀ ਤਰ੍ਹਾਂ ਤਿਆਰ**

ਆਉਣ ਵਾਲੀ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਉਪ ਚੋਣ ਸਮੇਤ ਨਗਰ ਨਿਗਮ ਤੇ ਨਗਰ ਕਾਸਲ ਚੋਣਾਂ ਸਬੰਧੀ ਉਨ੍ਹਾਂ ਕਿਹਾ ਕਿ ਪਾਰਟੀ ਚੋਣਾਂ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ । ਇਸ ਸਬੰਧੀ ਸੂਬਾ ਤੇ ਜ਼ਿਲ੍ਹਾ ਪੱਧਰ 'ਤੇ ਜਥੇਬੰਦਕ ਢਾਂਚਾ ਬਣਾ ਦਿੱਤਾ ਗਿਆ ਹੈ ਤੇ ਜਲਦ ਹੀ ਪਿੰਡ ਤੇ ਬੂਥ ਪੱਧਰ ਤੱਕ ਵੀ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ । ਇਸ ਮੌਕੇ ਉਨ੍ਹਾਂ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਪਿਛਲੇ ਸਮੇਂ ਦੌਰਾਨ ਜਿਸ ਤਰ੍ਹਾਂ ਦੇਸ਼ ਵਿਚ ਦਲਿਤਾਂ ਅਤੇ ਘੱਟ ਗਿਣਤੀਆਂ ਉੱਪਰ ਅੱਤਿਆਚਾਰ ਵਧੇ ਹਨ, ਉਸ ਨਾਲ ਦੇਸ਼ ਅਸਥਿਰਤਾ ਵੱਲ ਵੱਧ ਰਿਹਾ ਹੈ, ਜਿਸ ਸਬੰਧੀ ਸਾਰੀਆਂ ਸਿਆਸੀ ਧਿਰਾਂ ਨੂੰ ਸੁਚੇਤ ਹੋਣ ਦੀ ਲੋੜ ਹੈ ।

## ਔਰਤ ਨਾਲ ਬਦਸਲੂਕੀ ਦੇ ਦੋਸ਼ ਹੇਠ 'ਆਪ' ਵਿਧਾਇਕ ਅਮਰਜੀਤ ਸਿੰਘ ਸੰਦੋਆ ਖ਼ਿਲਾਫ਼ ਕੇਸ

ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਭ੍ਰਿਸ਼ਟਾਚਾਰ ਦੇ ਮਾਮਲੇ ਉਠਾ ਰਹੇ ਹਨ, ਜਿਸ ਕਾਰਨ ਸੱਤਾਧਾਰੀ ਆਗੂ ਅਤੇ ਪ੍ਰਸ਼ਾਸਨਿਕ ਅਧਿਕਾਰੀ ਉਨ੍ਹਾਂ ਦੇ ਵਿਰੁੱਧ ਹਨ। ਇਹੀ ਕਿੜ ਕੱਢਣ ਲਈ ਉਨ੍ਹਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੱਕ ਔਰਤ ਸਮੇਤ ਦੋ ਜਣੇ ਉਨ੍ਹਾਂ ਕੋਲ ਆਏ ਸਨ ਤੇ ਉਨ੍ਹਾਂ ਬਣਦੇ ਕਿਰਾਏ ਅਤੇ ਬਿੱਲ ਬਦਲੇ ਚੈੱਕ ਲਿਜਾਣ ਲਈ ਕਿਹਾ ਸੀ ਪਰ ਔਰਤ ਨਾਲ ਆਏ ਵਿਅਕਤੀ ਨੇ ਕਿਰਾਏ ਦੇ ਬਹਾਨੇ ਉਨ੍ਹਾਂ ਨਾਲ ਬਦਤਮੀਜ਼ੀ ਕੀਤੀ। ਉਨ੍ਹਾਂ ਕਿਹਾ ਕਿ ਕਰੀਬ ਦੋ ਮਹੀਨੇ ਪਹਿਲਾਂ ਵੀ ਉਸ ਵਿਅਕਤੀ ਦਾ ਫੋਨ ਆਇਆ ਸੀ ਤੇ ਉਹ ਉਨ੍ਹਾਂ ਦੀ ਮੁਲਾਕਾਤ ਸੁਖਬੀਰ ਬਾਦਲ ਨਾਲ ਕਰਵਾਉਣਾ ਚਾਹੁੰਦਾ ਸੀ। ਐਸਐਸਪੀ ਰੂਪਨਗਰ ਰਾਜ ਬਚਨ ਸਿੰਘ ਸੰਧੂ ਨੇ ਕਿਹਾ ਕਿ ਮਾਮਲੇ ਦੀ ਪੜਤਾਲ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਮੰਗ ਕੀਤੀ ਕਿ ਵਿਧਾਇਕ ਸੰਦੋਆ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

ਖਹਿਰਾ ਬੋਲੇ-ਸਿਆਸੀ ਬਦਲਾਖੋਰੀ ਤਹਿਤ ਦਰਜ ਕੀਤਾ ਕੇਸ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਅਮਰਜੀਤ ਸਿੰਘ ਸੰਦੋਆ ਖ਼ਿਲਾਫ਼ ਸਿਆਸੀ ਬਦਲਾਖੋਰੀ ਦੀ ਭਾਵਨਾ ਨਾਲ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਸੰਦੋਆ ਵਿਰੁੱਧ ਕੇਸ ਦਰਜ ਕਰਨ ਤੋਂ ਪਹਿਲਾਂ ਪੁਲੀਸ ਵਿਧਾਇਕ ਨੂੰ ਸਪਸ਼ਟੀਕਰਨ ਲਈ ਸੱਦਦੀ ਜਾਂ ਤੱਥਾਂ ਦੀ ਪੁਸ਼ਟੀ ਕਰ ਕੇ ਜਾਂਚ ਕਰ ਲੈਂਦੀ, ਉਸ ਤੋਂ ਬਾਅਦ ਹੀ ਕੇਸ ਦਰਜ ਕੀਤਾ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਪੁਲੀਸ ਨੇ ਕਾਹਲੀ ਵਿੱਚ ਸ੍ਰੀ ਸੰਦੋਆ ਵਿਰੁੱਧ ਕੇਸ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਸਮੇਂ ਬਾਦਲ ਪਰਿਵਾਰ ਦੀ ਬੱਸ ਨੇ ਮੋਗਾ ਵਿੱਚ ਇੱਕ ਲੜਕੀ ਨੂੰ ਕੁਚਲ ਦਿੱਤਾ ਸੀ। ਲੜਕੀ ਨਾਲ ਛੇੜਛਾੜ ਦੀ ਕੋਸ਼ਿਸ਼ ਵੀ ਕੀਤੀ ਗਈ, ਪਰ ਉਸ ਸਬੰਧੀ ਕੇਸ ਦਰਜ ਨਹੀਂ ਕੀਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਵੱਲੋਂ ਸ੍ਰੀ ਸੰਦੋਆ ਦੀ ਗ੍ਰਿਫ਼ਤਾਰੀ ਦੀ ਮੰਗ ਕਰਨ ਅਤੇ ਇਸ ਮੁੱਦੇ 'ਤੇ ਧਰਨੇ ਲਾਉਣ ਸਬੰਧੀ ਦਿੱਤੇ ਬਿਆਨ 'ਤੇ ਟਿੱਪਣੀ ਕਰਦਿਆਂ ਸ੍ਰੀ ਖਹਿਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਦੋਗਲੇ ਚਿਹਰੇ ਬਾਰੇ ਸਭ ਨੂੰ ਪਤਾ ਹੈ। ਉਨ੍ਹਾਂ ਕਿਹਾ ਕਿ ਸੰਦੋਆ ਮਾਮਲੇ 'ਤੇ ਪੰਜਾਬ ਦੇ ਡੀਜੀਪੀ ਸੁਰੇਸ਼ ਅਰੋੜਾ ਅਤੇ ਰੂਪਨਗਰ ਦੇ ਐਸਐਸਪੀ ਰਾਜ ਬਚਨ ਸਿੰਘ ਸੰਧੂ ਨਾਲ ਗੱਲ ਹੋਈ ਹੈ, ਜਿਨ੍ਹਾਂ ਨੇ ਨਿਰਪੱਖ ਜਾਂਚ ਕਰਾਉਣ ਦਾ ਭਰੋਸਾ ਦਿੱਤਾ ਹੈ ਅਤੇ ਇਸ ਸਬੰਧੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਵੀ ਕੀਤਾ ਗਿਆ ਹੈ।

**ਮਾਮਲੇ ਦੀ ਜਾਂਚ ਲਈ ਸਿੱਟ ਕਾਇਮ :**

ਅਮਰਜੀਤ ਸਿੰਘ ਸੰਦੋਆ ਖ਼ਿਲਾਫ਼ ਦਰਜ ਕੇਸ ਦੀ ਜਾਂਚ ਕਰਨ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਸੀਨੀਅਰ ਪੁਲੀਸ ਕਪਤਾਨ ਰਾਜ ਬਚਨ ਸਿੰਘ ਸੰਧੂ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਅਮਰਜੀਤ ਸਿੰਘ ਸੰਦੋਆ, ਉਨ੍ਹਾਂ ਦੀ ਪਤਨੀ ਅਤੇ ਕੁਝ ਹੋਰ ਵਿਅਕਤੀ ਉਨ੍ਹਾਂ ਨੂੰ ਦਫਤਰ ਵਿੱਚ ਮਿਲੇ ਅਤੇ ਲਿਖਤੀ ਰੂਪ ਵਿੱਚ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ। ਇਸ 'ਤੇ ਕਾਰਵਾਈ ਕਰਦਿਆਂ ਉਨ੍ਹਾਂ ਵੱਲੋਂ ਪੁਲੀਸ ਕਪਤਾਨ (ਜਾਂਚ) ਰਮਿੰਦਰ ਸਿੰਘ ਅਗਵਾਈ ਵਿੱਚ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਬਣਾਈ ਹੈ। ਇਸ ਟੀਮ ਵਿੱਚ ਉਪ ਪੁਲੀਸ ਕਪਤਾਨ (ਜਾਂਚ) ਵਰਿੰਦਰਜੀਤ ਸਿੰਘ ਅਤੇ ਉਪ ਪੁਲੀਸ ਕਪਤਾਨ (ਸਥਾਨਕ) ਮਨਵੀਰ ਸਿੰਘ ਬਾਜਵਾ ਸ਼ਾਮਲ ਹਨ। ਇਹ ਟੀਮ ਇਸ ਮਾਮਲੇ ਦੀ ਜਾਂਚ ਕਰਕੇ ਉਨ੍ਹਾਂ ਨੂੰ ਰਿਪੋਰਟ ਪੇਸ਼ ਕਰੇਗੀ।

## ਪੰਜਾਬ ਦੇ ਅਮੀਰ ਵਿਰਸੇ ਅਤੇ ਗੌਰਵਮਈ ਸਿੱਖ ਇਤਿਹਾਸ ਦਾ ਮੇਰੇ 'ਤੇ ਪ੍ਰਭਾਵ ਰਿਹਾ : ਤਨਮਨਜੀਤ ਸਿੰਘ ਢੇਸੀ

ਢੇਸੀ ਨੇ ਕਿਹਾ ਕਿ ਸ਼ੁਰੂ ਤੋਂ ਹੀ ਪੰਜਾਬ ਦੇ ਅਮੀਰ ਵਿਰਸੇ ਤੇ ਗੌਰਵਮਈ ਸਿੱਖ ਇਤਿਹਾਸ ਦਾ ਉਸ ਉੱਪਰ ਬਹੁਤ ਪ੍ਰਭਾਵ ਰਿਹਾ ਹੈ ਅਤੇ ਉਹ ਹਮੇਸ਼ਾ ਮੇਰੀ ਪ੍ਰੇਰਨਾ ਦਾ ਹਿੱਸਾ ਰਹੇ ਹਨ ਪਰ ਇਹ ਸਭ ਕੁਝ ਮੇਰੀ ਮਾਤਾ ਦਲਵਿੰਦਰ ਕੌਰ ਢੇਸੀ ਤੇ ਪਿਤਾ ਜਸਪਾਲ ਸਿੰਘ ਢੇਸੀ ਦੀ ਸੋਚ ਸਦਕਾ ਹੀ ਸੰਭਵ ਹੋ ਸਕਿਆ ਹੈ, ਕਿਉਂਕਿ ਉਹ ਚਾਹੁੰਦੇ ਸਨ ਕਿ ਮੈਂ ਆਪਣੀ ਮੁੱਢਲੀ ਸਿੱਖਿਆ ਆਪਣੀ ਮਾਤ ਭਾਸ਼ਾ ਵਿਚ ਹਾਸਲ ਕਰ ਸਕਾਂ।

**ਯੂਰਪੀਅਨ ਯੂਨੀਅਨ ਤੋਂ ਵੱਖ ਹੋਣ ਦੇ ਕਾਰਨ :**

ਪਿਛਲੇ ਸਾਲ ਇੰਗਲੈਂਡ ਵੱਲੋਂ ਯੂਰਪੀਅਨ ਯੂਨੀਅਨ ਤੋਂ ਵੱਖ ਹੋਣ ਪਿੱਛੇ ਛਿਪੇ ਕਾਰਨਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਬੇਸ਼ੱਕ ਇਸ ਸਬੰਧੀ ਲੋਕਾਂ ਦੀ ਰਾਏਸ਼ੁਮਾਰੀ ਬਹੁਤ ਨੇੜੇ (52-48%) ਦਾ ਮਾਮਲਾ ਸੀ ਪਰ ਫਿਰ ਵੀ ਉਹ ਮੋਟੇ ਤੌਰ 'ਤੇ ਸਮਝਦੇ ਹਨ ਕਿ ਵੱਡੀ ਪੱਧਰ 'ਤੇ ਹੋਰਨਾਂ ਮੁਲਕਾਂ ਦੇ ਲੋਕਾਂ ਦਾ ਇੱਥੇ ਆ ਕੇ ਵਸਣਾ ਤੇ ਦੂਸਰਾ ਇੰਗਲੈਂਡ ਦੇ ਲੋਕ ਇਹ ਸੋਚਣ ਲੱਗ ਪਏ ਸਨ ਕਿ ਯੂਰਪੀਅਨ ਯੂਨੀਅਨ ਵੱਲੋਂ ਬਣਾਏ ਕਾਨੂੰਨ ਇੰਗਲੈਂਡ ਦੇ ਲੋਕਾਂ 'ਤੇ ਥੋਪੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਇੰਗਲੈਂਡ ਰਹਿੰਦੇ ਪੰਜਾਬੀ ਵੀ ਦੋ ਹਿੱਸਿਆਂ ਵਿਚ ਵੰਡੇ ਗਏ ਸਨ।

**8 ਭਾਸ਼ਾਵਾਂ ਦੀ ਮੁਹਾਰਤ :**

ਤਨਮਨਜੀਤ ਸਿੰਘ ਢੇਸੀ ਨੇ ਦੱਸਿਆ ਕਿ ਉਸ ਨੂੰ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਸਮੇਤ 8 ਭਾਸ਼ਾਵਾਂ ਦੀ ਜਾਣਕਾਰੀ ਹੋਣ ਕਾਰਨ ਉਸ ਨੂੰ ਚੋਣਾਂ ਲੜਨ ਵਿਚ ਕਾਫੀ ਸੌਖ ਰਹੀ। ਉਨ੍ਹਾਂ ਦੱਸਿਆ ਕਿ ਸਲੋਹ ਬੇਸ਼ੱਕ ਮੇਰਾ ਜਨਮ ਸਥਾਨ ਹੈ ਪਰ ਫਿਰ ਵੀ ਇੱਥੇ ਦੁਨੀਆ ਭਰ ਦੇ ਮੁਲਕਾਂ ਵੱਖ-ਵੱਖ ਨਸਲਾਂ ਤੇ ਵਰਗਾਂ ਦੇ ਲੋਕ ਆ ਕੇ ਰਹਿੰਦੇ ਹਨ ਤੇ ਉਨ੍ਹਾਂ ਦੀਆਂ ਭਾਸ਼ਾਵਾਂ ਵੀ ਵੱਖੋ-ਵੱਖਰੀਆਂ ਹਨ ਪਰ ਇਸ ਮਾਮਲੇ ਵਿਚ ਉਹ ਕਾਫੀ ਖੁਸ਼ਕਿਸਮਤ ਰਹੇ ਕਿ ਉਨ੍ਹਾਂ ਨੂੰ ਕੁਝ ਭਾਸ਼ਾਵਾਂ ਦਾ ਗਿਆਨ ਹੋਣ ਕਾਰਨ ਉਹ ਲੋਕਾਂ ਨਾਲ ਆਪਣਾ ਤਾਲਮੇਲ ਬਿਹਤਰ ਢੰਗ ਨਾਲ ਬਣਾ ਸਕੇ।

**ਬਰਤਾਨੀਆ ਦੀ ਸੰਸਦ 'ਚ ਪੰਜਾਬੀਆਂ ਦੀ ਆਵਾਜ਼ :**

ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਬਰਤਾਨੀਆ ਦੀ ਸੰਸਦ ਵਿਚ ਉਨ੍ਹਾਂ ਨੇ ਆਪਣੀ ਪਹਿਲੇ ਭਾਸ਼ਣ ਦੌਰਾਨ ਹੀ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਸਨ ਤੇ ਉਹ ਅੱਗੇ ਤੋਂ ਵੀ ਆਪਣੇ ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਇਸੇ ਤਰ੍ਹਾਂ ਜ਼ੋਰਦਾਰ ਢੰਗ ਨਾਲ ਸੰਸਦ ਵਿਚ ਉਠਾਉਂਦੇ ਰਹਿਣਗੇ। ਖਾਸ ਕਰਕੇ ਸਿੱਖਾਂ ਦੀ ਪਛਾਣ ਦੇ ਮੁੱਦੇ ਨੂੰ ਉਹ ਹੋਰ ਵੀ ਅਸਰਦਾਰ ਢੰਗ ਨਾਲ ਚੁੱਕਣਗੇ। ਇਸ ਦੇ ਇਲਾਵਾ ਉਹ ਆਪਣੇ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਣ ਦਾ ਵੀ ਯਤਨ ਕਰਨਗੇ।

ਭਾਜਪਾ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ, ਦਿੱਲੀ ਕਮੇਟੀ ਦੇ ਪਰਮਜੀਤ ਸਿੰਘ ਰਾਣਾ ਅਤੇ ਭਾਜਪਾ ਆਗੂ ਆਰ.ਪੀ. ਸਿੰਘ ਆਦਿ ਸ਼ਾਮਲ ਸਨ।

ਇਸ ਮੌਕੇ ਸ. ਢੇਸੀ ਨੇ ਕਿਹਾ ਕਿ ਬਤੌਰ ਸਿੱਖ ਉਹ ਬਰਤਾਨੀਆ, ਪੰਜਾਬ ਅਤੇ ਸਾਰੀ ਦੁਨੀਆਂ 'ਚ ਸਿੱਖ ਮਸਲਿਆਂ 'ਤੇ ਡੱਟ ਕੇ ਕੌਮ ਦੀ ਅਵਾਜ਼ ਬਣਨ ਦਾ ਭਰੋਸਾ ਦਿੰਦੇ ਹਨ। ਢੇਸੀ ਨੇ ਉਨ੍ਹਾਂ ਨੂੰ ਸਾਂਸਦ ਬਣਾਉਣ 'ਚ ਸਹਿਯੋਗ ਦੇਣ ਵਾਲੇ ਸਮੂਹ ਪੰਜਾਬੀਆਂ ਦਾ ਧੰਨਵਾਦ ਕੀਤਾ।

## ਤਖ਼ਤ ਦਮਦਮਾ ਸਾਹਿਬ ਦੇ ਇਤਿਹਾਸਕ ਗੁਰੂਸਰ ਸਰੋਵਰ ਦੀ ਕਾਰ ਸੇਵਾ ਸ਼ੁਰੂ

ਬਲਵੰਤ ਸਿੰਘ ਨੰਦਗੜ੍ਹ ਨੇ ਸਿਰੋਪਾ ਅਤੇ ਕੰਬਲੀ ਲੈਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੇ ਪ੍ਰਣ ਕੀਤਾ ਹੈ ਕਿ ਜਦੋਂ ਤੱਕ ਡੇਰਾ ਸਿਰਸਾ ਮੁਖੀ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੁੰਦੀ ਉਦੋਂ ਤੱਕ ਉਹ ਆਪਣਾ ਸਨਮਾਨ ਨਹੀਂ ਕਰਵਾਉਣਗੇ।

ਇਸ ਧਾਰਮਿਕ ਸਮਾਗਮ ਤੋਂ ਬਾਅਦ ਸਰੋਵਰ ਵਿਚੋਂ ਗਾਰ ਕੱਢਣ ਦੀ ਕਾਰਸੇਵਾ ਸ਼ੁਰੂ ਕਰਨ ਦੀ ਅਰਦਾਸ ਗਿਆਨੀ ਹਰਪ੍ਰੀਤ ਸਿੰਘ ਨੇ ਕੀਤੀ। ਉਪਰੰਤ ਪੰਜ ਪਿਆਰਿਆਂ ਸੰਤ ਸੁਖਦੇਵ ਸਿੰਘ ਸਾਰੋਂ ਵਾਲੇ, ਸੰਤ ਕਪੂਰ ਸਿੰਘ, ਗਿਆਨੀ ਹਰਪ੍ਰੀਤ ਸਿੰਘ, ਗਿਆਨੀ ਹਰਭਜਨ ਸਿੰਘ ਢੁੱਡੀਕੇ ਅਤੇ ਸੰਤ ਗੁਰਮੀਤ ਸਿੰਘ ਤ੍ਰਿਲੋਕੇ ਵਾਲੇ ਦੀ ਅਗਵਾਈ ਵਿੱਚ ਸੰਗਤਾਂ ਸਰੋਵਰ ਵਿੱਚ ਪਹੁੰਚੀਆਂ। ਪਹਿਲਾਂ ਪੰਜ ਪਿਆਰਿਆਂ ਨੇ ਗਾਰ ਕੱਢ ਕੇ ਕਾਰ ਸੇਵਾ ਦੀ ਸ਼ੁਰੂਆਤ ਕੀਤੀ। ਉਪਰੰਤ ਸੰਗਤਾਂ ਨੇ ਸਤਿਨਾਮ-ਵਹਿਗੁਰੂ ਦਾ ਜਾਪ ਕਰਦਿਆਂ ਗਾਰ ਕੱਢਣ ਦਾ ਕਾਰਜ ਸ਼ੁਰੂ ਕਰ ਦਿੱਤਾ।

# ਮੇਅਰ ਸਟੀਵ ਲੀ ਅਤੇ ਵਿਧਾਇਕ ਅਮਨ ਅਰੋੜਾ ਵੱਲੋਂ ਸਿਮਰਨਜੀਤ ਸਿੰਘ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ



ਸੈਕਰਾਮੈਂਟੋ/ਬਿਊਰੋ ਨਿਊਜ਼, ਐਲਕ ਗਰੋਵ ਦੇ ਮੇਅਰ ਸਟੀਵ ਲੀ ਅਤੇ ਪੰਜਾਬ ਦੇ ਹਲਕਾ ਸੁਨਾਮ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਪਿਛਲੇ ਦਿਨੀਂ ਸਾਊਥ ਸੈਕਰਾਮੈਂਟੋ ਦੇ ਸ਼ੈਵਰਨ ਗੈਸ ਸਟੇਸ਼ਨ ਉੱਤੇ ਮਾਰੇ ਗਏ ਨੌਜਵਾਨ ਸਿਮਰਨਜੀਤ ਸਿੰਘ ਦੇ ਪਰਿਵਾਰ ਨਾਲ ਸ਼ੋਕ ਪ੍ਰਗਟਾਉਣ ਲਈ ਉਚੇਚਾ ਇੱਥੇ ਉਨ੍ਹਾਂ ਦੀ ਰਿਹਾਇਸ਼ ਵਿਖੇ ਪੁੱਜੇ। ਸੀਨੀਅਰ ਪੱਤਰਕਾਰ ਗੁਰਜਤਿੰਦਰ ਸਿੰਘ ਰੰਧਾਵਾ, ਕਾਰੋਬਾਰੀ ਗੁਲਿੰਦਰ ਗਿੱਲ ਤੇ ਬੂਟਾ ਬਾਸੀ ਵੀ ਇਸ ਮੌਕੇ ਉਨ੍ਹਾਂ ਦੇ ਨਾਲ ਸਨ ਜਿਥੇ ਉਨ੍ਹਾਂ ਨੇ ਸਿਮਰਨਜੀਤ ਸਿੰਘ ਦੀ ਭੈਣ ਹਰਪਿੰਦਰ ਕੌਰ ਅਤੇ ਜੀਜਾ ਜੀ ਹੈਰੀ ਚੌਹਾਨ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਵਰਣਨਯੋਗ ਹੈ ਕਿ ਕੁੱਝ ਗੈਰ ਸਮਾਜੀ ਅਨਸਰਾਂ ਨੇ ਸਿਮਰਨਜੀਤ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮੌਕੇ ਮੇਅਰ ਸਟੀਵ ਲੀ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਅਤੇ ਕਿਹਾ ਕਿ ਮੈਂ ਤੁਹਾਡੇ ਲਈ ਹਰ ਜਗ੍ਹਾ ਜਾਣ ਨੂੰ ਤਿਆਰ ਹਾਂ। ਉਨ੍ਹਾਂ ਕਿਹਾ ਕਿ ਮੈਂ ਪਹਿਲਾਂ ਹੀ ਪੁਲਿਸ ਵਿਭਾਗ ਨਾਲ ਇਸ ਬਾਰੇ ਗੱਲਬਾਤ ਕਰ ਚੁੱਕਾ ਹਾਂ। ਮੈਂ ਇਸ ਘਟਨਾ 'ਤੇ ਪੂਰੀ ਨਜ਼ਰ ਰੱਖੀ ਹੋਈ ਹੈ। ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਮ੍ਰਿਤਕ ਦੇਹ ਦਿੱਲੀ ਪਹੁੰਚਣ 'ਤੇ ਕੋਈ ਅੜਚਣ ਨਾ ਆਵੇ, ਇਸ ਲਈ ਮੈਂ ਪਾਰਟੀ ਹਾਈਕਮਾਂਡ ਨੂੰ ਇਸ ਬਾਰੇ ਸੂਚਿਤ ਕਰ ਦਿੱਤਾ ਹੈ।

## ਸਿਆਸੀ ਬਾਜ਼ੀਗਰਾਂ ਦਾ ਹਾਸਾ, ਜਮਹੂਰੀਅਤ ਦਾ ਤਮਾਸ਼ਾ

ਬਿਹਾਰ ਵਿਚ ਜਿਸ ਤਰ੍ਹਾਂ ਨਿਤੀਸ਼ ਕੁਮਾਰ ਨੇ ਲਾਲੂ ਪਰਿਵਾਰ 'ਤੇ ਭ੍ਰਿਸ਼ਟਾਚਾਰ ਦੇ ਲੱਗੇ ਦੋਸ਼ਾਂ ਤੋਂ 'ਦੁਖੀ' ਹੋ ਕੇ ਭਾਜਪਾ ਦੀ ਭਾਈਵਾਲੀ ਨਾਲ ਨਵੀਂ ਕੈਬਨਿਟ ਬਣਾਈ ਹੈ, ਉਸ ਦੇ ਮੰਤਰੀਆਂ ਦੇ ਕਾਰਨਾਮਿਆਂ ਨੂੰ ਦੇਖ ਕੇ ਨਹੀਂ ਲਗਦਾ ਕਿ ਨਿਤੀਸ਼ ਦਾ ਮਹਾਂਗਠਜੋੜ ਤੋਂ ਵੱਖ ਹੋਣ ਦਾ ਕਾਰਨ ਸਿਰਫ਼ ਲਾਲੂ ਪਰਿਵਾਰ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਹੈ। ਨਿਤੀਸ਼ ਕੁਮਾਰ ਦੀ ਨਵੀਂ ਕੈਬਨਿਟ ਦੀ ਦਿਖ ਵੀ ਸਾਫ਼-ਸੁਥਰੀ ਨਹੀਂ ਹੈ। ਚੋਣ ਵਾਚਡਾਗ ਸੰਸਥਾ ਵਲੋਂ ਜਾਰੀ ਅੰਕੜਿਆਂ ਮੁਤਾਬਕ ਨਿਤੀਸ਼ ਕੁਮਾਰ ਦੀ ਕੈਬਨਿਟ ਵਿਚ 76% ਮੰਤਰੀਆਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ। ਏ.ਡੀ.ਆਰ. ਰਿਪੋਰਟ ਮੁਤਾਬਕ ਨਿਤੀਸ਼ ਕੁਮਾਰ ਦੀ ਨਵੀਂ ਕੈਬਨਿਟ ਦੇ 29 ਵਿਚੋਂ 22 ਮੰਤਰੀ ਭਾਵ 76% ਮੰਤਰੀ ਅਪਰਾਧਿਕ ਮਾਮਲਿਆਂ ਦੇ ਦੋਸ਼ੀ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਨਿਤੀਸ਼ ਕੁਮਾਰ ਦੀ ਲਾਲੂ ਯਾਦਵ ਨਾਲ ਮਹਾਂਗਠਜੋੜ ਵਾਲੀ ਕੈਬਨਿਟ ਵਿਚ 19 ਮੰਤਰੀ ਭਾਵ 68% ਮੰਤਰੀ ਹੀ ਦੋਸ਼ੀ ਸਨ। ਨਿਤੀਸ਼ ਕੁਮਾਰ ਦੇ ਇਸ ਨਵੀਂ ਕੈਬਨਿਟ ਦੇ 22 ਦਾਗ਼ੀ ਮੰਤਰੀਆਂ ਵਿਚੋਂ 9 ਮੰਤਰੀਆਂ ਨੇ ਆਪਣੇ ਖ਼ਿਲਾਫ਼ ਗੰਭੀਰ ਅਪਰਾਧਿਕ ਮਾਮਲਿਆਂ ਦਾ ਜ਼ਿਕਰ ਕੀਤਾ ਹੈ। ਏਨਾ ਹੀ ਨਹੀਂ ਜੇ.ਡੀ.ਯੂ. ਤੋਂ ਨਿਤੀਸ਼ ਕੈਬਨਿਟ ਦੇ ਦੋ ਮੰਤਰੀਆਂ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਵਿਚ ਧਾਰਾ 307 ਤਹਿਤ ਮਾਮਲੇ ਦਰਜ ਹਨ। ਕਈ ਮੰਤਰੀਆਂ ਖ਼ਿਲਾਫ਼ ਡਕੈਤੀ, ਚੋਰੀ, ਧੋਖਾਧੜੀ ਤੇ ਔਰਤਾਂ ਖ਼ਿਲਾਫ਼ ਹਿੰਸਾ ਵਰਗੇ ਗੰਭੀਰ ਮਾਮਲੇ ਦਰਜ ਹਨ। ਨਿਤੀਸ਼ ਦੀ ਕੈਬਨਿਟ ਵਿਚ 21 ਮੰਤਰੀ ਲਗਭਗ 72% ਮੰਤਰੀ ਕਰੋੜਪਤੀ ਹਨ ਜਦਕਿ ਪਿਛਲੀ ਸਰਕਾਰ ਵਿਚ 22 ਭਾਵ 79 ਫ਼ੀਸਦੀ ਮੰਤਰੀ ਕਰੋੜਪਤੀ ਸਨ। ਚੋਣ ਕਮਿਸ਼ਨ ਵਿਚ ਦਾਖ਼ਲ ਕੀਤੇ ਗਏ ਹਲਫ਼ਨਾਮੇ ਮੁਤਾਬਕ ਨਿਤੀਸ਼ ਕੁਮਾਰ ਦੇ ਕੁੱਲ ਮੰਤਰੀਆਂ ਦੀ ਔਸਤ ਸੰਪਤੀ ਲਗਭਗ 2.46 ਕਰੋੜ ਹੈ। 'ਸੰਘ ਮੁਕਤ ਭਾਰਤ' ਬਣਾਉਣ ਅਤੇ 'ਮਿੱਟੀ ਵਿਚ ਮਿਲ ਜਾਣ ਪਰ ਭਾਜਪਾ ਨਾਲ ਹੱਥ ਨਾ ਮਿਲਾਉਣ' ਦੀਆਂ ਗੱਲਾਂ ਕਰਦੇ ਰਹੇ ਨਿਤੀਸ਼ ਕੁਮਾਰ ਨੇ ਜਦੋਂ 27 ਜੁਲਾਈ ਨੂੰ ਮਹਾਂਗਠਜੋੜ ਨਾਲੋਂ ਤੋੜ-ਵਿਛੋੜਾ ਕਰਕੇ ਰਾਜਪਾਲ ਨੂੰ ਅਸਤੀਫ਼ਾ ਸੌਂਪਿਆ ਤਾਂ ਲੋਕਾਂ ਨੂੰ ਲੱਗਾ ਕਿ ਸਿਆਸਤ ਵਿਚ ਭ੍ਰਿਸ਼ਟਾਚਾਰ ਦੇ ਵਿਰੁੱਧ ਨਿਤੀਸ਼ ਕੁਮਾਰ ਨੇ ਵੱਡਾ ਸਾਹਸੀ ਕਦਮ ਚੁੱਕਿਆ ਹੈ। ਹਾਲਾਂਕਿ ਨਿਤੀਸ਼ ਕੁਮਾਰ ਨੇ ਤੇਜਸਵੀ ਯਾਦਵ ਦੇ ਅਸਤੀਫ਼ੇ ਦੀ ਖੁੱਲ੍ਹੀ ਮੰਗ ਨਹੀਂ ਕੀਤੀ ਸੀ ਪਰ ਇਹ ਕਹਿ ਕੇ ਦਬਾਅ ਬਣਾਇਆ ਕਿ ਉਨ੍ਹਾਂ ਦੀ ਸਰਕਾਰ ਵਿਚ ਭ੍ਰਿਸ਼ਟਾਚਾਰ ਦਾ ਕੋਈ ਦੋਸ਼ੀ ਕਿਵੇਂ ਰਹਿ ਸਕਦਾ ਹੈ। ਨਿਤੀਸ਼ ਦੇ ਅਸਤੀਫ਼ਾ ਦੇ ਕੇ ਰਾਜਭਵਨ ਤੋਂ ਬਾਹਰ ਆਉਂਦੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਕੇ ਉਨ੍ਹਾਂ ਨੂੰ ਵਧਾਈ ਦਿੱਤੀ। ਕੁਝ ਹੀ ਘੰਟਿਆਂ ਵਿਚ ਨਿਤੀਸ਼ ਕੁਮਾਰ ਨੂੰ ਨਾ ਸਿਰਫ਼ ਐਨ.ਡੀ.ਏ. ਦਾ ਸਮਰਥਨ ਮਿਲ ਗਿਆ ਬਲਕਿ ਭਾਜਪਾ ਨਾਲ ਮਿਲ ਕੇ ਸਰਕਾਰ ਬਣਾਉਣ ਦੇ ਐਲਾਨ ਨਾਲ ਹੀ ਉਨ੍ਹਾਂ ਦੀ 'ਸਾਹਸੀ ਕਦਮ' ਦੀ ਹਵਾ ਨਿਕਲ ਗਈ। ਨਿਤੀਸ਼ ਕੁਮਾਰ ਭਾਜਪਾ ਦੀ ਹਮਾਇਤ ਨਾਲ ਮੁੜ ਮੁੱਖ ਮੰਤਰੀ ਬਣ ਗਏ ਤੇ ਲਾਲੂ ਪਰਿਵਾਰ 'ਤੇ ਕਰੀਬ ਇਕ ਮਹੀਨੇ ਤੋਂ ਪਿਛੇ ਸੁਸ਼ੀਲ ਮੋਦੀ ਨੂੰ ਉਪ ਮੁੱਖ ਮੰਤਰੀ ਬਣਾ ਦਿੱਤਾ ਗਿਆ। ਹੋਰ ਤਾਂ ਹੋਰ ਰਾਜਪਾਲ ਨੇ ਰਾਸ਼ਟਰੀ ਜਨਤਾ ਦਲ ਨੂੰ ਬਹੁਮਤ ਸਿੱਧ ਕਰਨ ਦਾ ਮੌਕਾ ਤੱਕ ਨਾ ਦਿੱਤਾ ਤੇ ਨਿਤੀਸ਼ ਨੂੰ ਸਹੁੰ ਵੀ ਚੁਕਾ ਦਿੱਤੀ।

## ਕੈਲੀਫੋਰਨੀਆ ਵਿਚ ਸਿੱਖ ਭਾਈਚਾਰੇ ਲਈ 2 ਮੰਦਭਾਗੀਆਂ ਘਟਨਾਵਾਂ ਵਾਪਰੀਆਂ

'ਤੇ ਸੈਰ ਕਰਨ ਗਏ ਸਨ। ਘਰ ਨਾ ਪਰਤਣ 'ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਪੁਲੀਸ ਕੋਲ ਉਨ੍ਹਾਂ ਦੀ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ ਸੀ। ਸੁਬੇਗ ਸਿੰਘ ਮੋਨਾ ਸਿੱਖ ਸੀ ਅਤੇ ਸੈਰ ਕਰਨ ਮੌਕੇ ਉਨ੍ਹਾਂ ਨੇ ਸਿਰ 'ਤੇ ਚਿੱਟਾ ਰੁਮਾਲ ਬੰਨ੍ਹਿਆ ਹੋਇਆ ਸੀ। ਪੁਲੀਸ ਨੇ ਇਸ ਸੰਬੰਧੀ ਜਾਣਕਾਰੀ ਦੇਣ ਵਾਲੇ ਵਿਅਕਤੀ ਲਈ 2000 ਡਾਲਰ ਦਾ ਇਨਾਮ ਵੀ ਰੱਖਿਆ ਸੀ। ਉਨ੍ਹਾਂ ਦੀ ਲਾਸ਼ ਸੈਰ ਕਰਨ ਵਾਲੀ ਥਾਂ ਤੋਂ ਕਰੀਬ ਪੰਜ ਮੀਲ ਦੀ ਦੂਰੀ 'ਤੇ ਜਿਨਸਨ ਸਟਰੀਟ ਅਤੇ ਵਗਦੀ ਛੋਟੀ ਨਹਿਰ ਵਿਚੋਂ ਮਿਲੀ। ਕੈਲੀਫੋਰਨੀਆ ਦੇ ਕਾਨੂੰਨ ਇਨਫੋਰਸਮੈਂਟ ਅਧਿਕਾਰੀਆਂ ਨੇ ਦੱਸਿਆ ਕਿ ਉਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਬਜ਼ੁਰਗ ਸਿੱਖ ਦੇ ਕਤਲ ਪਿੱਛੇ ਕਿਸ ਦਾ ਹੱਥ ਹੈ। ਜਾਂਚਕਾਰ ਹੁਣ ਇਸ ਕੇਸ ਦੀਆਂ ਕੜੀਆਂ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਡਿਪਟੀ ਹਾਲੇ ਤੱਕ ਇਹ ਨਹੀਂ ਦੱਸ ਰਹੇ ਕਿ ਕੀ ਇਹ ਨਸਲੀ ਹਮਲਾ ਹੈ ਜਾਂ ਨਹੀਂ ਪਰ ਸਿੱਖ ਭਾਈਚਾਰੇ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਇਹ ਪਹਿਲਾ ਮਾਮਲਾ ਨਹੀਂ ਹੋਵੇਗਾ। ਪੁਲੀਸ ਦਾ ਕਹਿਣਾ ਹੈ ਕਿ ਜੇਕਰ ਕਿਸੇ ਕੋਲ ਇਸ ਕੇਸ ਸਬੰਧੀ ਕੋਈ ਜਾਣਕਾਰੀ ਹੋਵੇ ਤਾ ਫਰਿਜ਼ਨੋ ਕਾਊਂਟੀ ਸ਼ੈਰਫ਼ ਡਿਪਾਰਟਮੈਂਟ ਨੂੰ 559-600-3131 'ਤੇ ਸੂਚਿਤ ਕਰ ਸਕਦਾ ਹੈ।

ਸਿੱਖ ਆਗੂ ਗੁਰਦੀਪ ਸ਼ੇਰਗਿੱਲ ਨੇ ਕਿਹਾ, "ਇਮਾਨਦਾਰੀ ਨਾਲ ਕਹੀਏ ਤਾਂ ਇਸ ਘਟਨਾ ਨਾਲ ਅਸੀਂ ਝੰਜੋੜੇ ਗਏ ਹਾਂ।"

## ਪੰਜਾਬ ਅਤੇ ਸਿੱਖੀ ਨੂੰ ਦਰਪੇਸ਼ ਮਸਲਿਆਂ ਦੇ ਮੱਦੇਨਜ਼ਰ ਸਿੱਖ ਪੱਤਰਕਾਰ ਮੰਚ ਉਸਾਰਨ ਦੀ ਲੋੜ ਉੱਤੇ ਜ਼ੋਰ

ਸੁਰਿੰਦਰ ਸਿੰਘ ਪੱਤਰਕਾਰ ਨਾਲ 29 ਜੁਲਾਈ ਸ਼ਨਿਚਰਵਾਰ ਨੂੰ ਕਰਾਊਨ ਪਲਾਜ਼ਾ ਯੂਨੀਅਨ ਸਿਟੀ ਵਿਖੇ ਕੀਤੀ ਵਿਸ਼ੇਸ਼ ਵਿਚਾਰ ਗੋਸ਼ਟੀ ਕੀਤੀ ਗਈ। ਵਿਚਾਰ ਗੋਸ਼ਟੀ ਦੇ ਮੁੱਖ ਬੁਲਾਰੇ ਸਰਦਾਰ ਸੁਰਿੰਦਰ ਸਿੰਘ ਨੇ ਅਪਣੀ ਬੜੀ ਹੀ ਭਾਵਪੂਰਤ ਅਤੇ ਇਤਿਹਾਸਕ ਹਵਾਲਿਆਂ ਨਾਲ ਭਰਪੂਰ ਤਕਰੀਰ ਦੌਰਾਨ ਮੌਜੂਦਾ ਪੰਜਾਬ ਦੇ ਹਾਲਾਤ ਸਬੰਧੀ ਅਹਿਮ ਨੁਕਤੇ ਉਠਾਏ। ਇਤਿਹਾਸ ਦੇ ਪੰਨੇ ਪਲਟਦੇ ਹੋਏ ਖ਼ਾਸ ਕਰ ਖ਼ਾਲਸਾ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਅਮੀਰ ਆਰਥਿਕਤਾ ਦਾ ਜ਼ਿਕਰ ਕਰਦਿਆਂ, ਸਮੇਂ ਸਮੇਂ ਤੇ ਹੋਈਆਂ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਪੰਜਾਬ ਜਿਨ੍ਹਾਂ ਨੂੰ ਪੁਸਤਕਾਂ ਵਿਚ ਪੜ੍ਹਿਆ ਜਾਂਦਾ ਸੀ, ਅੱਜ ਉਸ ਪੰਜਾਬ ਦੀ ਹਾਲਤ ਬਿਲਕੁਲ ਉਲਟ ਹੈ। ਸਮੇਂ ਦੀਆਂ ਸਰਕਾਰਾਂ ਨੇ ਹਰ ਪੈਰ ਦੇ ਉੱਤੇ ਪੰਜਾਬ ਨਾਲ ਧਰੋਹ ਕਮਾਇਆ। ਸਰਦਾਰ ਸੁਰਿੰਦਰ ਸਿੰਘ ਦੇ ਵਿਚਾਰਾਂ ਨੂੰ ਸਰੋਤਿਆਂ ਨੇ ਬੜੀ ਹੀ ਗੰਭੀਰਤਾ ਨਾਲ ਸੁਣਿਆ ਅਤੇ ਉਪਰੰਤ ਉਨ੍ਹਾਂ ਨੂੰ ਪੰਜਾਬ ਬਾਰੇ ਸਿੱਖ ਕੌਮ ਦੀ ਅਜੋਕੀ ਹਾਲਤ ਬਾਰੇ ਸਵਾਲ ਕੀਤੇ ਜਿਨ੍ਹਾਂ ਦਾ ਉੱਤਰ ਉਨ੍ਹਾਂ ਨੇ ਬੜੇ ਹੀ ਸੁੱਚਜੇ ਢੰਗ ਨਾਲ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਾਰ ਵਾਰ ਕੌਮੀ ਜਜ਼ਬਾਤ ਨੂੰ ਪਰਖਿਆ ਜਾ ਰਿਹਾ ਹੈ ਇਸ ਲਈ ਅੱਜ ਲੋੜ ਹੈ ਕੌਮ ਨੂੰ ਇਕ ਪਲੇਟ ਫਾਰਮ ਤੇ ਇਕੱਤਰ ਕਰਕੇ ਯੋਗ ਅਗਵਾਈ ਦੇਣ ਦੀ।

ਗੋਸ਼ਟੀ ਦੀ ਸ਼ੁਰੂਆਤ ਕਰਦੇ ਹੋਏ ਸ. ਕਸ਼ਮੀਰ ਸਿੰਘ ਸ਼ਾਹੀ ਨੇ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਵਿਚਾਰ ਗੋਸ਼ਟੀ ਦਾ ਮੁੱਖ ਮਕਸਦ ਦਸਦਿਆਂ ਕਿਹਾ ਕਿ ਮੁੱਖ ਵਿਸ਼ਾ ਪੰਜਾਬ ਦੇ ਮੌਜੂਦਾ ਹਾਲਾਤਾਂ ਬਾਰੇ ਵਿਚਾਰ ਵਟਾਂਦਰਾ ਕਰਨ ਤੇ ਕੇਂਦਰਿਤ ਹੈ।

ਉਨ੍ਹਾਂ ਤੋਂ ਉਪਰੰਤ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਦਸਿਆ ਕਿ ਪੰਜਾਬ ਤੋਂ ਬਾਹਰ ਬੈਠਾ ਸਿੱਖ ਕਿਵੇਂ ਆਪਣੀਆਂ ਆਂਦਰਾਂ ਪੰਜਾਬ ਦੀ ਮਿੱਟੀ ਵਿਚ ਦੱਬ ਕੇ ਹਰ ਪਲ ਪੰਜਾਬ ਲਈ ਚਿੰਤਤ ਹੈ। ਚਾਹੇ ਪੰਜਾਬ ਦਾ ਕੋਈ ਵੀ ਮਸਲਾ ਹੋਵੇ, ਪੰਜਾਬ ਦੀ ਆਰਥਿਕਤਾ ਦਾ ਮਸਲਾ ਜਾਂ ਪੰਜਾਬ ਦੇ ਪਾਣੀਆਂ ਦਾ ਮਸਲਾ ਵਿਦੇਸ਼ੀਂ ਵਸਦਾ ਹਰ ਸਿੱਖ ਉਸ ਨਾਲ ਜੁੜਿਆ ਹੋਇਆ ਹੈ। ਭਾਈ ਰਾਮ ਸਿੰਘ ਨੇ ਧਾਰਾ 25ਬੀ ਦਾ ਜ਼ਿਕਰ ਕਰਦਿਆਂ ਹੋਇਆ ਸੰਨ 1978 ਤੋਂ ਲੈ ਕੇ ਅੱਜ ਤੱਕ ਸਿੱਖ ਕੌਮ ਤੇ ਹੋ ਰਹੇ ਅੱਤਿਆਚਾਰਾਂ ਦੀ ਗੱਲ ਕਰਦਿਆਂ ਮੌਜੂਦਾ ਸਿੱਖ ਲੀਡਰਸ਼ਿਪ ਦੀ ਘਟੀਆ ਕਾਰਗੁਜ਼ਾਰੀ ਤੇ ਚਿੰਤਾ ਪ੍ਰਗਟਾਈ।

ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਨੇ ਸਿੱਖ ਕੌਮ ਨੂੰ ਪੁਰਾਤਨ ਸਮੇਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਜਿਨ੍ਹਾਂ ਚੈਲੰਜਾਂ ਦਾ ਸਾਹਮਣਾ ਕਰ ਰਹੀ ਹੈ, ਉਨ੍ਹਾਂ ਚੈਲੰਜਾਂ ਦਾ ਜ਼ਿਕਰ ਕਰਦਿਆਂ ਮੌਜੂਦਾ ਸਮੇਂ ਅੰਦਰ ਦੁਨੀਆਂ ਅੰਦਰ ਹੋ ਰਹੀਆਂ ਤਬਦੀਲੀਆਂ ਵੱਲ ਧਿਆਨ ਦਿਵਾਉਂਦਿਆਂ ਮੀਡੀਆ ਵਲੋਂ ਨਿਭਾਏ ਜਾ ਰਹੇ ਰੋਲ ਬਾਰੇ ਵਿਚਾਰ ਪੇਸ਼ ਕੀਤੇ। ਇਸ ਤੋਂ ਇਲਾਵਾ ਭਾਈ ਬਲਵਿੰਦਰਪਾਲ ਸਿੰਘ ਖ਼ਾਲਸਾ ਨੇ ਆਖਿਆ ਕਿ ਅੱਜ ਸਿੱਖ ਕੌਮ ਦਾ ਨਸਲਘਾਤ ਹੋ ਰਿਹਾ, ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਉਪਰ ਦੁਸ਼ਮਣ ਕਾਮਯਾਬ ਹੋ ਰਿਹਾ ਹੈ। ਉਸ ਨੂੰ ਪਛਾਨਣ ਅਤੇ ਪਛਾੜਨ ਦੀ ਲੋੜ ਹੈ। ਸਰਗਰਮ ਸਿਖ ਆਗੂ ਸ.ਜਸਵਿੰਦਰ ਸਿੰਘ ਜੰਡੀ ਨੇ ਪੱਤਰਕਾਰ ਸਰਦਾਰ ਸੁਰਿੰਦਰ ਸਿੰਘ ਦੀ ਨਿਧੜਕ ਪੱਤਰਕਾਰੀ ਦੀ ਗੱਲ ਕਰਦਿਆਂ ਮੌਜੂਦਾ ਸੰਘਰਸ਼ ਦੇ ਮਹਾਨ ਸ਼ਹੀਦ ਭਾਈ ਸੁਰਜੰਟ ਸਿੰਘ, ਬੁੱਧ ਸਿੰਘ ਵਾਲਾ ਤੇ ਹੋਰਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਤੋਂ ਬਾਅਦ ਸਰਦਾਰ ਜਸਜੀਤ ਸਿੰਘ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਬੈਠੇ ਸਿੱਖ ਪੱਤਰਕਾਰਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਮੌਜੂਦ ਸਮੇਂ ਅੰਦਰ ਕਿੰਨੇ ਕੁ ਸਿੱਖ ਪੱਤਰਕਾਰ ਨੇ ਜਿਨ੍ਹਾਂ ਨੂੰ ਪੰਜਾਬ ਦੀ ਅਤੇ ਕੌਮ ਦੇ ਭਵਿੱਖ ਦੀ ਚਿੰਤਾ ਹੈ। ਲੋੜ ਹੈ ਅੱਜ ਸਿੱਖ ਪੱਤਰਕਾਰ ਮੰਚ ਉਸਾਰਨ ਦੀ।

ਗੋਸ਼ਟੀ ਦੇ ਪ੍ਰਬੰਧਕਾਂ ਵੱਲੋਂ ਪੱਤਰਕਾਰ ਸੁਰਿੰਦਰ ਸਿੰਘ ਅਤੇ ਪਹੁੰਚੇ ਹੋਏ ਸਮੂਹ ਸਰੋਤਿਆਂ ਦਾ ਧੰਨਵਾਦ ਕਰਦਿਆਂ ਚਾਹ ਪਾਣੀ ਦੇ ਲੰਗਰ ਵਰਤਾਏ ਗਏ। ਭਵਿੱਖ ਵਿਚ ਇਹੋ ਜਿਹੀਆਂ ਵਿਚਾਰ ਗੋਸ਼ਟੀਆਂ ਦਾ ਪ੍ਰਬੰਧ ਕੀਤਾ ਜਾਂਦਾ ਰਹੇਗਾ। ਇਨ੍ਹਾਂ ਵਿਚਾਰਾਂ ਨਾਲ ਇਸ ਵਿਚਾਰ ਗੋਸ਼ਟੀ ਨੂੰ ਸਮਾਪਤ ਕੀਤਾ ਗਿਆ। ਸਮੂਹ ਮੀਡੀਏ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਖਾਲੜਾ ਮਿਸ਼ਨ ਨੇ ਵਿਦੇਸ਼ੀ ਸਿੱਖਾਂ ਵਲੋਂ ਸਿੱਖ ਨਸਲਕੁਸ਼ੀ ਦੀ ਜਾਂਚ ਵਾਸਤੇ ਵਿੱਢੀ ਮੁਹਿੰਮ ਦੀ ਕੀਤੀ ਸ਼ਲਾਘਾ

ਪ੍ਰਧਾਨ ਵਿਰਸਾ ਸਿੰਘ ਬਹਿਲਾਂ, ਪ੍ਰਚਾਰ ਸਕੱਤਰ ਪ੍ਰਵੀਨ ਕੁਮਾਰ (ਭਰਾ ਗੁਲਸ਼ਨ ਕੁਮਾਰ), ਕੇਂਦਰੀ ਕਮੇਟੀ ਮੈਂਬਰ ਸਤਨਾਮ ਸਿੰਘ ਮਾਣਕ ਅਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਦੇ ਪ੍ਰਧਾਨ ਬਾਬਾ ਦਰਸ਼ਨ ਸਿੰਘ ਨੇ ਹਾਜ਼ਰੀ ਭਰਨ ਤੋਂ ਬਾਅਦ ਕਿਹਾ ਕਿ ਕਾਂਗਰਸ, ਬਾਦਲਕਿਆਂ, ਭਾਜਪਾਕਿਆਂ ਅਤੇ ਆਰ.ਐਸ.ਐਸ. ਨੇ ਮਿਲ ਕੇ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੀ ਯੋਜਨਾਬੰਦੀ ਕੀਤੀ, ਝੂਠੇ ਪੁਲਿਸ ਮੁਕਾਬਲੇ ਕਰਵਾਏ, ਜਵਾਨੀ ਨੂੰ ਨਸ਼ਿਆਂ ਵਿੱਚ ਬਰਬਾਦ ਕੀਤਾ ਅਤੇ ਜੇਲ੍ਹਾਂ ਵਿੱਚ ਰੋਲਿਆ। ਰਹਿੰਦੀ ਖੂੰਹਦੀ ਕਸਰ ਕਿਸਾਨੀ ਨੂੰ ਕਰਜ਼ੇ ਵਿੱਚ ਰੋਲ ਕੇ ਖੁਦਕੁਸ਼ੀਆਂ ਦੇ ਰਾਹ ਤੋਰ ਕੇ ਪੂਰੀ ਕਰ ਦਿੱਤੀ।

ਜੱਥੇਬੰਦੀਆਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਤਤਕਾਲੀ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਕੋਲ ਪੇਸ਼ ਕਰਾਏ 21 ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਦੀ ਕੇਵਲ ਪੜਤਾਲ ਹੀ ਨਹੀਂ ਹੋਣੀ ਚਾਹੀਦੀ ਸਗੋਂ ਹਜ਼ਾਰਾਂ ਝੂਠੇ ਮੁਕਾਬਲਿਆਂ ਅਤੇ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਦੇ ਯੋਜਨਾਕਾਰਾਂ ਨੂੰ ਨੰਗਿਆਂ ਕਰਨ ਲਈ, ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਨਿਰਪੱਖ ਕਮਿਸ਼ਨ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਸਿੱਖਾਂ ਵੱਲੋਂ ਸਿੱਖਾਂ ਦੀ ਨਸਲਕੁਸ਼ੀ ਦੀ ਪੜਤਾਲ ਵਾਸਤੇ ਚੁੱਕੀ ਜਾ ਰਹੀ ਆਵਾਜ਼ ਸ਼ਲਾਘਾਯੋਗ ਕਦਮ ਹੈ। ਪਰ ਮੰਦਭਾਗੀ ਗੱਲ ਇਹ ਹੈ ਕਿ ਬਾਦਲਕਿਆਂ ਨੇ ਪੂਰੇ 15 ਸਾਲ ਸਿੱਖਾਂ ਦੀ ਕੁੱਲਨਾਸ਼ 'ਤੇ ਪਰਦਾ ਪਾਉਣ ਦਾ ਕੰਮ ਕੀਤਾ।

ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਕਰਜ਼ੇ ਉੱਪਰ ਮੁਕੰਮਲ ਲੀਕ ਫੇਰੀ ਜਾਵੇ। ਉਨ੍ਹਾਂ ਆਖਿਆ ਕਿ ਸੂਬੇ ਦੇ ਹਾਕਮ ਜਾਣ-ਬੁੱਝ ਕੇ ਖ਼ਜ਼ਾਨਾ ਖਾਲੀ ਹੋਣ ਦੀ ਕਾਵਾਂ ਰੌਲੀ ਪਾ ਰਹੇ ਹਨ ਜਦੋਂਕਿ ਬਾਦਲ ਸਰਕਾਰ ਨੇ ਇੱਕੋ ਘਪਲਾ ਢੱਕਣ ਲਈ ਪੰਜਾਬ ਦੇ ਲੋਕਾਂ ਦੇ ਸਿਰ 31 ਹਜ਼ਾਰ ਕਰੋੜ ਰੁਪਏ ਪਾ ਦਿੱਤੇ। ਜਾਰੀ ਪ੍ਰੈਸ ਬਿਆਨ 'ਚ ਕਿਹਾ ਗਿਆ ਕਿ ਪਰਲ ਗਰੁੱਪ ਦਾ ਮੁਖੀ ਭੰਗੂ ਵਲੋਂ ਲੋਕਾਂ ਹਜ਼ਾਰਾਂ ਕਰੋੜ ਠੱਗ ਲਏ ਗਏ ਹਨ। ਉਨ੍ਹਾਂ ਕਿਹਾ ਪੰਜਾਬ ਨੂੰ ਲੁੱਟਣ ਵਾਲਿਆਂ ਦੀਆਂ ਜਾਇਦਾਦਾਂ ਨੂੰ ਜਬਤ ਕਰਕੇ ਕੈਪਟਨ ਸਰਕਾਰ ਕਿਸਾਨਾਂ ਦੇ ਕਰਜ਼ੇ ਉਪਰ ਲੀਕ ਫੇਰ ਸਕਦੀ ਹੈ। ਉਨ੍ਹਾਂ ਕਿਹਾ ਹੈਰਾਨੀ ਦੀ ਗੱਲ ਹੈ ਕਿ ਕੈਪਟਨ ਸਰਕਾਰ 9000 ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਦਾ ਦਾਅਵਾ ਕਰ ਰਹੀ ਹੈ ਜਦੋਂਕਿ ਮੁਕੇਸ਼ ਅੰਬਾਨੀ ਵਰਗੇ ਲੋਕ 8500 ਕਰੋੜ ਰੁਪਏ ਦਾ ਰਹਿਣ ਵਾਸਤੇ ਇੱਕ ਘਰ ਬਣਾ ਰਹੇ ਹਨ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਬਾਠ, ਕਾਬਲ ਸਿੰਘ, ਬੌਬੀ ਕੁਮਾਰ, ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਬਾਬਾ ਬਲਵਿੰਦਰ ਸਿੰਘ ਤੇ ਹੋਰਨਾਂ ਨੇ ਹਾਜ਼ਰੀ ਭਰੀ।

## ਗੈਸ ਸਟੇਸ਼ਨ 'ਤੇ ਕੰਮ ਕਰਦੇ ਸਿਮਰਨਜੀਤ ਸਿੰਘ ਭੰਗੂ ਦੀ ਗੋਲੀ ਮਾਰ ਕੇ ਹੱਤਿਆ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :

ਸਾਊਥ ਸੈਕਰਾਮੈਂਟੋ ਦੇ ਫਲੋਰਨ ਰੋਡ 'ਤੇ ਸਥਿਤ ਸ਼ੈਵਰਨ ਗੈਸ ਸਟੇਸ਼ਨ 'ਤੇ ਰਾਤ 10:30 ਵਜੇ ਮੈਕਸੀਕੋ ਨਾਲ ਸਬੰਧ ਰੱਖਣ ਵਾਲੇ 2 ਵਿਅਕਤੀਆਂ ਨੇ ਸਿੱਖ ਨੌਜਵਾਨ ਸਿਮਰਨਜੀਤ ਸਿੰਘ ਭੰਗੂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਗੈਸ ਸਟੇਸ਼ਨ ਦੇ ਬਾਕੀ ਮੁਲਾਜ਼ਮਾਂ ਮੁਤਾਬਕ ਉਹ ਉਸ ਸਮੇਂ ਗੈਸ ਸਟੇਸ਼ਨ 'ਤੇ ਬਾਹਰ ਸਫ਼ਾਈ ਕਰ ਰਿਹਾ ਸੀ। ਜਦੋਂ ਉਹ ਅੰਦਰ ਜਾਣ ਲੱਗਾ ਤਾਂ ਬਾਹਰ ਪਾਰਕਿੰਗ ਵਿਚ ਬੈਠੇ ਦੋ ਮੈਕਸੀਕੋ ਨਿਵਾਸੀਆਂ ਨੇ ਉਸ ਦੇ 7 ਗੋਲੀਆਂ ਮਾਰੀਆਂ ਪਰ 3 ਸਿਮਰਨਜੀਤ ਸਿੰਘ ਦੇ ਸਰੀਰ ਦੇ ਉਪਰਲੇ ਹਿੱਸੇ ਵਿਚ ਲੱਗੀਆਂ। ਤੁਰੰਤ ਐਂਬੂਲਸ ਆਈ ਪਰ ਸਿਮਰਨਜੀਤ ਸਿੰਘ ਥਾਂ 'ਤੇ ਹੀ ਮਰ ਗਿਆ। ਬਾਕੀ ਵੇਰਵੇ ਅਨੁਸਾਰ ਤੇ ਸੈਕਰਾਮੈਂਟੋ ਕਾਊਂਟੀ ਸੈਰਿਫ ਇਨਵੈਸਟੀਗੇਟ ਡਿਪਾਰਟਮੈਂਟ ਅਨੁਸਾਰ ਇਸੇ ਗੈਸ ਸਟੇਸ਼ਨ 'ਤੇ ਹੀ ਕੰਮ ਕਰ ਰਹੇ ਪਾਕਿਸਤਾਨੀ ਮੂਲ ਦੇ ਮੁਲਾਜ਼ਮ ਨਾਲ ਪਹਿਲਾਂ ਇਹ ਮੈਕਸੀਕੋ ਹੱਥੋਪਾਈ ਵੀ ਹੋਏ ਸਨ ਪਰ ਉਹ ਉਸਤੋਂ ਬਾਅਦ ਅੰਦਰ ਜਾ ਕੇ 911 'ਤੇ ਕਾਲ ਕਰਨ ਚਲਾ ਗਿਆ। ਐਨੇ ਨੂੰ ਮਾੜੀ ਕਿਸਮਤ ਕਰਕੇ ਸਿਮਰਨਜੀਤ ਪਾਰਕਿੰਗ ਸਾਫ਼ ਕਰਕੇ ਅੰਦਰ ਜਾ ਰਿਹਾ ਸੀ ਤੇ ਬਿਨਾਂ ਵਜ੍ਹਾ ਮੈਕਸੀਕੋਆਂ ਨੇ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਪਤਾ ਲੱਗਾ ਹੈ ਕਿ ਪਾਕਿਸਤਾਨੀ ਮੁਲਾਜ਼ਮ ਇਨ੍ਹਾਂ ਮੈਕਸੀਕੋਆਂ ਨੂੰ ਪਾਰਕਿੰਗ ਲਾਟ ਵਿਚ ਸ਼ਰਾਬ ਪੀਣ ਤੋਂ ਰੋਕਣ ਗਿਆ ਸੀ, ਜਿਸ ਕਰਕੇ ਉਸ ਨਾਲ ਹੱਥੋਪਾਈ ਹੋ ਗਈ ਤੇ ਬਾਅਦ ਵਿਚ ਸਿਮਰਨਜੀਤ ਸਿੰਘ ਨੂੰ ਸ਼ਾਇਦ ਪਤਾ ਵੀ ਨਹੀਂ ਸੀ ਕਿ ਕੀ ਗੱਲ ਹੋਈ ਹੈ।

ਸਿਮਰਨਜੀਤ ਸਿੰਘ ਮੁਹਾਲੀ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੇਵਾਮੁਕਤ ਅਧਿਕਾਰੀ ਰਣਜੀਤ ਸਿੰਘ ਭੰਗੂ ਦਾ ਪੁੱਤਰ ਸੀ ਤੇ 3 ਭੈਣਾਂ ਦਾ ਇਕੱਲਾ ਭਰਾ ਸੀ ਤੇ ਵਿਦਿਆਰਥੀ ਵੀਜ਼ੇ 'ਤੇ ਸਿਰਫ਼ ਡੇਢ ਸਾਲ ਪਹਿਲਾਂ ਹੀ ਅਮਰੀਕਾ ਆਇਆ ਸੀ ਤੇ ਸੈਕਰਾਮੈਂਟੋ ਵਿਚ ਆਪਣੀ ਭੈਣ ਤੇ ਜੀਜੇ ਕੋਲ ਰਹਿੰਦਾ ਸੀ। ਘਟਨਾ ਵੇਲੇ ਸਿਮਰਨਜੀਤ ਦੇ ਮਾਪੇ ਆਪਣੇ ਛੋਟੀ ਧੀ ਕੋਲ ਨਿਊਜ਼ੀਲੈਂਡ ਗਏ ਹੋਏ ਸਨ। ਇਸ ਘਟਨਾ ਨੇ ਸਥਾਨਕ ਭਾਈਚਾਰੇ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ। ਸ਼ੈਰਿਫ ਡਿਪਾਰਟਮੈਂਟ ਨੇ ਮੌਕੇ 'ਤੇ ਭੱਜੇ ਮੈਕਸੀਕੇ ਨੂੰ, ਜਿਸ ਦਾ ਨਾਂ ਅਲੈਗਜ਼ੈਂਡਰ ਲੋਪੇਜ ਦੱਸਿਆ ਗਿਆ ਹੈ, ਗ੍ਰਿਫ਼ਤਾਰ ਕਰ ਲਿਆ ਹੈ। ਇਸ ਤੋਂ ਇਲਾਵਾ ਪੁਲੀਸ ਮੁਤਾਬਕ ਦੋ ਹੋਰ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ ਜੋ ਇਸ ਕਤਲ ਵਿਚ ਲੋੜੀਂਦੇ ਹਨ।

ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਨੇ ਕਿਹਾ, "ਦੋਹਾਂ ਘਟਨਾਵਾਂ ਦੀ ਜਾਂਚ ਤੋਂ ਇਹ ਸਾਫ਼ ਨਹੀਂ ਹੋਇਆ ਹੈ ਕਿ ਕੀ ਇਹ ਹਮਲੇ ਨਸਲੀ ਜਾਂ ਨਫ਼ਰਤ ਅਪਰਾਧ ਤੋਂ ਪ੍ਰੇਰਿਤ ਸਨ ਪਰ ਅਸੀਂ ਸਥਾਨਕ ਅਤੇ ਸੰਘੀ ਦੋਹਾਂ ਹੀ ਕਾਨੂੰਨੀ ਇਨਫੋਰਸਮੈਂਟ ਅਧਿਕਾਰੀਆਂ ਨਾਲ ਕੰਮ ਕਰ ਰਹੇ ਹਾਂ, ਤਾਂ ਕਿ ਇਹ ਯਕੀਨੀ ਕਰ ਸਕੀਏ ਕਿ ਇਨ੍ਹਾਂ ਕਤਲਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਪੂਰੇ ਮਾਮਲਿਆਂ 'ਤੇ ਧਿਆਨ ਦਿੱਤਾ ਜਾਵੇ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME® Premium Bifacial Thin Film Solar


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


SHER®
Rakhi Ka
Bandhan Meetha
Besan Ke
Laddoo Jaisa
SHER
BESAN
CHANA FLOUR
SUPER FINE
बेसन • વેસણ • ચણાનો લોટ • بیسن
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
Happy
Raksha
Bandhan
SHER BESAN FROM THE HOUSE OF SHER ATTA